

Driver Needed, Owner op. needed

ਡਰਾਈਵਰਾਂ ਦੀ ਲੋੜ

ਓਨਰ ਅਪਰੇਟਰਾਂ ਦੀ ਲੋੜ

209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 51

March 29, 2017

Postal Address
5101 Doe Hollow Pl, Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh

Cell : 530-870-6600

Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


# ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਸ਼ਰਧਾਂਜਲੀ



**ਹੁਸੈਨੀਵਾਲਾ (ਫ਼ਿਰੋਜ਼ਪੁਰ)**– ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸ਼ਹੀਦੀ ਸਮਾਰਕ ਹੁਸੈਨੀਵਾਲਾ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ, ਰਾਜ ਮਾਤਾ ਵਿਦਿਆਵਤੀ ਤੇ ਬੀ.ਕੇ.ਦੱਤ ਦੀਆਂ ਸਮਾਧਾਂ ’ਤੇ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸ਼ਹੀਦਾਂ ਦੇ ਸੁਫ਼ਨਿਆਂ ਨੂੰ ਸਾਕਾਰ ਕਰਨ ਲਈ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਗ਼ੁਰਬਤ, ਅਨਪੜ੍ਹਤਾ ਤੇ ਨਸ਼ਿਆਂ ਵਿਰੁੱਧ ਤਨਦੇਹੀ ਨਾਲ ਕੰਮ ਕਰੇਗੀ। **(ਬਾਕੀ ਸਫਾ 5 ਤੇ)**



2 ਅਪ੍ਰੈਲ ਨੂੰ ਹੋ ਰਹੇ ‘17ਵੇਂ ਮੇਲਾ ਗਦਰੀ ਬਾਬਿਆਂ ਦਾ’ ਦੀਆਂ ਤਿਆਰੀਆਂ ਮੁਕੰਮਲ **(ਖਬਰ ਦੇਖੋ ਸਫਾ 3 ‘ਤੇ ਅਤੇ ਇਸ਼ਤਿਹਾਰ ਦੇਖੋ ਸਫਾ ਆਖਰੀ)**



ਉਘੇ ਲੇਖਕ ਤੇ ਮੀਡੀਆ ਵਿਗਿਆਨੀ ਡਾ. ਕੇ. ਕੇ. ਰੱਤੂ ਦੀ ਉਰਦੂ ਪੁਸਤਕ ਨੂੰ ਹਰਿਆਣਾ ਸਰਕਾਰ ਦਾ ਸਰਵੋਤਮ ਪੁਸਤਕ ਪੁਰਸਕਾਰ ਪ੍ਰਦਾਨ ਕਰਦੇ ਹੋਏ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਖੱਟਰ **(ਰਿਪੋਰਟ ਦੇਖੋ ਸਫਾ 3 ’ਤੇ)**

# ਵਿਰਾਸਤ ਵਿਚ ਮਿਲੇ ਕਰਜ਼ਿਆਂ ਦੀ ਦਲਦਲ ਵਿਚ ਧਸਿਆ ਪੰਜਾਬ

## ਬੁਰੀ ਤਰ੍ਹਾਂ ਵਿਗੜੀ ਪਈ ਹੈ ਪੰਜਾਬ ਦੀ ਮਾਲੀ ਹਾਲਤ, ਕੈਪਟਨ ਸਰਕਾਰ ਲਈ ਚੁਣੌਤੀ ਬਣਿਆ 1,82,537 ਕਰੋੜ ਦਾ ਕਰਜਾ

**ਚੰਡੀਗੜ੍ਹ (ਬਿਊਰੋ)**– ਪੰਜਾਬ ਸਿਰ ਕਰਜ਼ੇ ਦੀ ਕੁੱਲ ਰਾਸ਼ੀ 1,82,537 ਕਰੋੜ ਤੱਕ ਪੁੱਜ ਗਈ ਹੈ ਅਤੇ ਪਿਛਲੀ ਸਰਕਾਰ ਤੋਂ ਵਿਰਸੇ ’ਚ ਮੌਜੂਦਾ ਸਰਕਾਰ ਨੂੰ ਖਾਲੀ ਖਜ਼ਾਨਾ ਮਿਲਿਆ ਹੈ, ਜਿਸ ਦਾ ਮਾਲੀ ਘਾਟਾ 13,484 ਕਰੋੜ ਅਤੇ ਵਿੱਤੀ ਘਾਟਾ 26,801 ਕਰੋੜ ਤੱਕ ਪੁੱਜ ਚੁੱਕਾ ਹੈ। ਪੰਜਾਬ ਦੇ ਰਾਜਪਾਲ ਨੇ ਵਿਧਾਨ ਸਭਾ ਵਿਚ ਸਰਕਾਰ ਦਾ ਏਜੰਡਾ ਰੱਖਦਿਆਂ ਕਿਹਾ ਕਿ ਪਿਛਲੇ 5 ਸਾਲਾਂ ਦੌਰਾਨ ਰਾਜ ’ਚ ਆਬਕਾਰੀ ਅਤੇ ਵੈਟ ਮਾਲੀਏ ਦੀਆਂ ਪ੍ਰਾਪਤੀਆਂ ਕਦੀ ਵੀ ਮਿੱਥੇ ਗਏ ਟੀਚਿਆਂ ਨੂੰ ਪ੍ਰਾਪਤ ਨਹੀਂ ਕਰ ਸਕੀਆਂ ਅਤੇ ਰਾਜ ਸਰਕਾਰ ਵੱਲੋਂ ਕੇਵਲ ਪਿਛਲੇ 2 ਸਾਲਾਂ ਦੌਰਾਨ ਪੰਜਾਬ ਸਟੇਟ ਪਾਵਰ ਕਾਰ-ਪੋਰੇਸ਼ਨ ਲਈ 15,632 ਕਰੋੜ ਰੁਪਏ ਉਧਾਰ ਲਏ ਅਤੇ ਅਨਾਜ ਦੀ ਕੈਸ਼ ਕ੍ਰੈਡਿਟ ਲਿਮਟ ਵਿਚਲੇ 31,000 ਕਰੋੜ ਰੁਪਏ ਦੇ ਬਕਾਏ ਨੂੰ ਮਿਆਦੀ ਕਰਜ਼ੇ ’ਚ ਤਬਦੀਲ ਕਰਕੇ ਰਾਜ ਸਿਰ ਇਕ ਵੱਡਾ ਹੋਰ ਵਿੱਤੀ ਬੋਝ ਪਾ ਦਿੱਤਾ। ਸ੍ਰੀ ਬਦਨੌਰ ਨੇ ਕਿਹਾ ਕਿ ਮੌਜੂਦਾ ਸਰਕਾਰ ਇਸ 31,000 ਕਰੋੜ ਦੇ ਮਿਆਦੀ ਕਰਜ਼ੇ ਦਾ ਮੁੱਦਾ ਕੇਂਦਰ ਸਰਕਾਰ ਸਾਹਮਣੇ ਮਜ਼ਬੂਤੀ ਨਾਲ ਉਠਾਏਗੀ ਅਤੇ ਸਮੁੱਚੇ ਸਰਕਾਰੀ ਖਰਚਿਆਂ ਵਿਚ ਸੰਜਮ ਤੇ ਕੁਸ਼ਲਤਾ ਨੂੰ ਯਕੀਨੀ ਬਣਾਉਣ ਲਈ ਇਕ ਖਰਚਾ





ਸੁਧਾਰ ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਰਾਜ ਦੀ ਵਿੱਤੀ ਸਥਿਤੀ ’ਤੇ ਵਾਈਟ ਪੇਪਰ ਜਾਰੀ ਕਰਨ ਦੀ ਵੀ ਤਜਵੀਜ਼ ਰੱਖਦੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੀ.ਵੀ.ਆਈ.ਪੀ. ਕਲਚਰ ਨੂੰ ਖ਼ਤਮ ਕਰਨ ਅਤੇ ਰਾਜ ਨੂੰ ਭ੍ਰਿਸ਼ਟਾਚਾਰ ਤੇ ਵਿੱਤੀ ਦੀਵਾਲੀਏਪਣ ਤੋਂ ਮੁਕਤ ਕਰਵਾਉਣ ਲਈ ਸਮੂਹਿਕ ਯਤਨ ਕਰੇਗੀ ਅਤੇ ਇਸ ਲਈ ਸਮੁੱਚੇ ਪੰਜਾਬੀਆਂ ਤੋਂ ਸਹਿਯੋਗ ਦੀ ਵੀ ਅਪੀਲ ਕਰਦੀ ਹੈ। ਉਨ੍ਹਾਂ ਕਿਹਾ ਕਿ ਬੀਤੇ ਸਮੇਂ ਦੌਰਾਨ ਹਲਕਾ ਇੰਚਾਰਜਾਂ ਦੁਆਰਾ ਰਾਜ ਪ੍ਰਬੰਧ ਦੇ ਕੀਤੇ ਗਏ ਰਾਜਨੀਤੀਕਰਨ, ਟਰਾਂਸਪੋਰਟ ਤੇ ਮਾਈਨਿੰਗ ਦੇ ਖੇਤਰ ਅਤੇ ਨਿੱਜੀ ਕਾਰੋਬਾਰਾਂ ’ਚ ਜਬਰੀ ਕਬਜ਼ਿਆਂ ਦੀਆਂ ਘਟਨਾਵਾਂ ਕਾਰਨ ਰਾਜ ’ਚ ਚਿੰਤਾਜਨਕ ਸਥਿਤੀ ਬਣ ਗਈ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲਿਆਂ ਵਿਚ ਜਿਸ ਕਦਰ ਵਾਧਾ ਹੋਇਆ ਅਤੇ ਰਾਜ ’ਚ ਗੈਂਗਸਟਰਾਂ ਦੀਆਂ ਕਾਰਵਾਈਆਂ ਜਿਵੇਂ ਵਧੀਆਂ ਉਸ ਨੇ ਰਾਜ ਵਿਚ ਡਰ ਅਤੇ ਸਹਿਮ ਦਾ ਮਾਹੌਲ ਪੈਦਾ ਕਰ ਦਿੱਤਾ ਸੀ ਪਰ ਹੁਣ ਸਰਕਾਰ ਇਨ੍ਹਾਂ ਸਾਰੇ ਮਾਮਲਿਆਂ ਨਾਲ ਸਖ਼ਤੀ ਨਾਲ ਨਿਪਟਦਿਆਂ ਲੋਕਾਂ ਦਾ ਅਮਨ ਕਾਨੂੰਨ ’ਚ ਵਿਸ਼ਵਾਸ ਬਹਾਲ ਕਰੇਗੀ। ਰਾਜਪਾਲ ਨੇ ਦੱਸਿਆ ਕਿ ਸਰਕਾਰ ਮੌਜੂਦਾ ਲੋਕਪਾਲ ਐਕਟ ਨੂੰ ਰੱਦ ਕਰਕੇ ਇਸ ਦੀ ਥਾਂ ਇੱਕ ਵਿਆਪਕ ਅਤੇ ਵਧੇਰੇ ਅਸਰਦਾਰ ਕਾਨੂੰਨ ਬਣਾਉਣਾ ਚਾਹੁੰਦੀ ਹੈ, ਜਿਸ ਦੇ ਘੇਰੇ ਵਿਚ ਮੁੱਖ ਮੰਤਰੀ, ਮੰਤਰੀ, ਗੈਰ-ਸਰਕਾਰੀ ਅਤੇ ਸਰਕਾਰੀ ਕਰਮਚਾਰੀਆਂ ਸਮੇਤ ਉੱਚ ਜਨਤਕ **(ਬਾਕੀ ਸਫਾ 5 ਤੇ)**

# ਜਾਰੀ ਰਹੇਗਾ ਓਬਾਮਾਕੇਅਰ, ਰੱਦ ਕਰਨ ਦਾ ਮਤਾ ਅਸਫਲ

**ਵਾਸ਼ਿੰਗਟਨ (ਬਿਊਰੋ)**– ਡੋਨਲਡ ਟਰੰਪ ਨੂੰ ਓਬਾਮਾਕੇਅਰ 'ਤੇ ਸ਼ਰਮਨਾਕ ਕਾਨੂੰਨੀ ਹਾਰ ਦਾ ਸਾਹਮਣਾ ਪਿਆ ਜਦੋਂ ਰਿਪਬਲਿਕਨਾਂ ਨੂੰ ਓਬਾਮਾਕੇਅਰ ਬਿੱਲ ਨੂੰ ਰੱਦ ਕਰਨ ਬਾਰੇ ਵੋਟਿੰਗ ਨੂੰ ਵਾਪਸ ਲੈਣਾ ਪਿਆ। ਇਸ ਬਾਅਦ ਅਮਰੀਕੀ ਰਾਸ਼ਟਰਪਤੀ ਨੇ ਅਮਰੀਕਾ ਵਾਸੀਆਂ ਨੂੰ ਚਿਤਾਵਨੀ ਦਿੱਤੀ, ‘ਬੁਰੀਆਂ ਚੀਜ਼ਾਂ ਹੋਣ ਜਾ ਰਹੀਆਂ ਹਨ।’ ਹਾਊਸ ਸਪੀਕਰ ਪਾਲ ਰਿਆਨ ਓਬਾਮਾਕੇਅਰ ਦੀ ਜਗ੍ਹਾ ਨਵੇਂ ਸਿਹਤ-ਸੰਭਾਲ ਬਿੱਲ ਨੂੰ ਪਾਸ ਕਰਾਉਣ ਲਈ ਰਿਪਬਲਿਕਨਾਂ ਦੇ ਕਬਜ਼ੇ ਵਾਲੇ ਪ੍ਰਤੀਨਿਧ ਸਦਨ ਵਿੱਚ ਬਹੁਮਤ ਜੁਟਾਉਣ ਵਿੱਚ ਨਾਕਾਮ ਰਹੇ ਕਿਉਂਕਿ ਉਨ੍ਹਾਂ ਦੀ ਆਪਣੀ ਪਾਰਟੀ ਦੇ ਹੀ ਕੁੱਝ ਕਾਨੂੰਨਸਾਜ਼ ਇਸ ਖ਼ਿਲਾਫ਼ ਸਨ।

ਯੂਐਸ ਦਾ ਪ੍ਰਤੀਨਿਧ ਸਦਨ, ਜੋ ਭਾਰਤੀ ਸੰਸਦ ਦੇ ਲੋਕ ਸਭਾ ਸਦਨ ਵਰਗਾ ਹੈ, ਦੇ 435 ਮੈਂਬਰ ਹਨ। ਇਸ ਸਦਨ ਵਿੱਚ ਰਿਪਬਲਿਕਨ 235 ਮੈਂਬਰਾਂ ਨਾਲ ਬਹੁਗਿਣਤੀ



ਵਿੱਚ ਹਨ। ਪਰ ਰਿਆਨ, ਜੋ ਟਰੰਪ ਵੱਲੋਂ ਇਸ ਬਿੱਲ ਨੂੰ ਪਾਸ ਕਰਾਉਣ ਲਈ ਯਤਨ ਕਰ ਰਹੇ ਸਨ, ਬਹੁਮਤ (215 ਵੋਟਾਂ) ਸਾਬਤ ਨਾ ਕਰ ਸਕੇ। ਸ਼ਰਮਨਾਕ ਹਾਰ ਤੋਂ ਬਚਣ ਲਈ ਰਿਆਨ ਨੇ ਐਲਾਨ ਕੀਤਾ ਕਿ ਉਹ ਓਬਾਮਾਕੇਅਰ ਉਤੇ ਮਤਦਾਨ ਨੂੰ ਵਾਪਸ ਲੈ ਰਹੇ ਹਨ।

ਇਸ ਨਾਕਾਮੀ ਲਈ ਵਿਰੋਧੀ ਧਿਰ ਡੈਮੋਕਰੈਟਾਂ ਨੂੰ ਦੋਸ਼ ਦਿੰਦਿਆਂ ਟਰੰਪ ਨੇ ਚਿਤਾਵਨੀ ਦਿੱਤੀ ਕਿ ਹੁਣ ਓਬਾਮਾਕੇਅਰ ਬਰਕਰਾਰ ਰਹੇਗਾ ਤੇ ਲੋਕ ਬੀਮਾ ਪ੍ਰੀਮੀਅਮ ਵਿੱਚ ਅਚਾਨਕ ਉਛਾਲ ਦੇਖਣਗੇ। ਬਿੱਲ ਵਾਪਸ ਲਏ ਜਾਣ ਬਾਅਦ ਟਰੰਪ ਨੇ ਵ੍ਹਾਈਟ ਹਾਊਸ ਵਿੱਚ ਕਿਹਾ, ’ਇਹ (ਵਿਸਫੋਟ) ਹੋਣ ਜਾ ਰਿਹਾ ਹੈ। ਇਸ ’ਚ ਹੁਣ ਤੁਸੀਂ ਕੁੱਝ ਜ਼ਿਆਦਾ ਨਹੀਂ ਕਰ ਸਕਦੇ। ਮੈਂ ਡੇਢ ਸਾਲ ਤੋਂ ਕਹਿ ਰਿਹਾ ਸੀ। ਇਹ ਟਿਕਾਊ ਨਹੀਂ ਹੈ।’




MANDEEP SANDHU

SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ

Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

U-Visa

WE OPEN 7-DAYS A WEEK

Note: I am not an Immigration Attorney. msandhu2014@gmail.com (CST# 2122162-50)

"We sell International and Domestic Airline Tickets on Low Airfares"

(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)





ELITE REALTY SERVICES

Shangara Ram

Realtor

CalBRE# 01969522

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-5587, Fax: 916-917-5773

Office: 916-681-5112 shangararam2@gmail.com

7412 Elsie Ave., Sacramento, CA 95828



SAROAY INVESTMENT REALTY



Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



ELITE REALTY SERVICES

7412 Elsie Ave Sacramento, CA 95828



Shaan Nijjar (916) 751-8852

Realtor®/CalBRE 01980198

Shaan.Realtor@gmail.com www.SellSacValley.com

Office : (916) 681-5112 Fax : (916) 721-2373

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial



Amrik Chand (CPA)



Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539

# ਸਵਰਗੀ ਹਰਬਲਾਸ ਰੱਲ੍ਹ ਜੀ ਨਮਿਤ ਸ੍ਰੀ ਸਹਿਜ ਪਾਠ ਕਰਵਾਏ ਗਏ





ਤਸਵੀਰਾਂ- 'ਦੇਸ਼ ਦੁਆਬਾ'



## ਚੀਮਾ ਪਰਿਵਾਰ ਵੱਲੋਂ ਪਰਿਵਾਰਕ ਸੁੱਖ-ਸ਼ਾਂਤੀ ਲਈ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ



**ਯੂਬਾ ਸਿਟੀ (ਬਿਊਰੋ)-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 25 ਮਾਰਚ ਦਿਨ ਸ਼ਨੀਵਾਰ ਨੂੰ ਸ੍ਰੀ ਮੋਹਣ ਸਿੰਘ ਚੀਮਾ, ਬੀਬੀ ਹਰਜਾਪ ਕੌਰ, ਕਾਕਾ ਗੁਰਜੋਤ ਪਾਲ ਸਿੰਘ ਚੀਮਾ, ਅੰਮ੍ਰਿਤਪਾਲ ਸਿੰਘ ਚੀਮਾ ਵੱਲੋਂ ਪਰਿਵਾਰ ਦੀ ਸੁੱਖ-ਸ਼ਾਂਤੀ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ। ਜਿਸ ਵਿਚ ਸ਼ਨੀਵਾਰ ਸਵੇਰੇ ਸ੍ਰੀ ਸੁਖਮਨੀ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕ ਕਮੇਟੀ ਵੱਲੋਂ ਚੀਮਾ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।







**ਯੂਬਾ ਸਿਟੀ (ਬਿਊਰੋ)-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਬੜੇ ਸਤਿਕਾਰਯੋਗ ਸੇਵਕ ਸ੍ਰੀ ਹਰਬਲਾਸ ਰੱਲ੍ਹ ਜੀ ਬੀਤੀ 18 ਮਾਰਚ 2017 ਦਿਨ ਸ਼ਨੀਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਉਹਨਾਂ ਨਮਿਤ ਸ੍ਰੀ ਸਹਿਜ ਪਾਠ ਸਾਹਿਬ ਜੀ ਉਹਨਾਂ ਦੇ ਸਤਿਕਾਰਯੋਗ ਸਪੁੱਤਰਾਂ ਸ੍ਰੀ ਦਿਲਬਾਗ ਚੰਦ ਰੱਲ੍ਹ ਜੀ, ਸ੍ਰੀ ਦਲਵਿੰਦਰ ਰੱਲ੍ਹ (ਵਾਈਸ ਜਨਰਲ ਸਕੱਤਰ ਗੁਰੂ ਘਰ), ਸ੍ਰੀ ਕੁਲਵਿੰਦਰ ਰੱਲ੍ਹ ਜੀ ਵੱਲੋਂ ਆਪਣੇ ਗ੍ਰਿਹਿ ਵਿਖੇ ਕਰਵਾਏ ਗਏ। ਸ੍ਰੀ ਹਰਬਲਾਸ ਰੱਲ੍ਹ ਜੀ ਦਾ ਅੰਤਿਮ ਸਸਕਾਰ ਚੈਪਲ ਆਫ ਦੀ ਟਵਿਨ ਸਿਟੀਜ਼ ਯੂਬਾ ਸਿਟੀ ਫਿਊਨਰਲ ਹਾਲ ਵਿਖੇ ਕੀਤਾ ਗਿਆ, ਜਿੱਥੇ ਉਹਨਾਂ ਨੂੰ ਜਥੇਦਾਰ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ ਗੁਰੂ ਘਰ), ਸ੍ਰੀ ਗੁਰਦੀਪ ਸਿੰਘ ਹੀਰਾ (ਸਟੇਜ ਸਕੱਤਰ), ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) ਅਤੇ ਪਿਆਰੇ ਪਰਿਵਾਰਕ ਬੱਚੇ ਸ੍ਰੀ ਜੌਨ ਲੋਈ, ਅਜੇ ਰੱਲ੍ਹ, ਖੁਸ਼ਬੂ ਰੱਲ੍ਹ, ਟੋਨੀ ਰੱਲ੍ਹ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਉਪਰੰਤ ਉਹਨਾਂ ਦੇ ਨਮਿਤ ਰੱਖੇ ਸ੍ਰੀ ਸਹਿਜ ਪਾਠਾਂ ਦੇ ਭੋਗ ਗੁਰੂ ਘਰ ਵਿਖੇ ਪਾਏ ਗਏ। ਭੋਗ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਬਾਅਦ ਵਿਚ ਪੱਗੜੀ ਦੀ ਰਸਮ ਅਦਾ ਕੀਤੀ ਗਈ, ਜਿਸ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਅਤੇ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਵੱਲੋਂ ਸ੍ਰੀ ਹਰਬਲਾਸ ਰੱਲ੍ਹ ਜੀ ਦੇ ਵੱਡੇ ਸਪੁੱਤਰ ਸ੍ਰੀ ਦਿਲਬਾਗ ਚੰਦ ਰੱਲ੍ਹ ਜੀ ਨੂੰ ਪੱਗੜੀ ਭੇਂਟ ਕਰਕੇ ਪਰਿਵਾਰਕ ਅਤੇ ਸਮਾਜਿਕ ਜ਼ਿੰਮੇਵਾਰੀ ਸੌਂਪੀ ਗਈ। ਸ੍ਰੀ ਗੁਰਦੀਪ ਸਿੰਘ ਹੀਰਾ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਅਖੀਰ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।


**L.A. MERCHANDISE**
**Whole Sale +Retail**

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ
ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax



Baksho Kaur Bisla  Hardev Singh Bisla

500 N. Palora Ave. Yuba City, CA 95991
530-671-0439, Fax 530-822-0439 Cell- 530-844-3250



**TANDOOR**
**Indian Restaurant**

27167 Mission Blvd. Hayward, CA 95544



ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days
11 AM to 10 PM

Contact Us:
Ph. 510-885-1212
Fax. 510-885-1532

# 2 ਅਪ੍ਰੈਲ ਨੂੰ ਹੋ ਰਹੇ '17ਵੇਂ ਮੇਲਾ ਗਦਰੀ ਬਾਬਿਆਂ ਦਾ' ਦੀਆਂ ਤਿਆਰੀਆਂ ਮੁਕੰਮਲ




**ਫਰਿਜ਼ਨੋਂ (ਕੁਲਵੀਰ ਹੇਅਰ)–** ਹਰ ਸਾਲ਼ ਦੀ ਤਰ੍ਹਾਂ ਇਸ ਸਾਲ ਵੀ ਗਦਰੀ ਬਾਬਿਆਂ ਦੀ ਯਾਦ ਵਿਚ 'ਮੇਲਾ ਗਦਰੀ ਬਾਬਿਆਂ ਦਾ' ਫਰਿਜ਼ਨੋਂ ਦੀ ਸੰਸਥਾ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ 2 ਅਪ੍ਰੈਲ ਦਿਨ ਐਤਵਾਰ ਨੂੰ ਸੈਂਟਰਲ ਹਾਈ ਸਕੂਲ (ਈਸਟ), ਜਿਮਨੇਜ਼ੀਅਮ 3535 ਨੌਰਥ ਕਰਨੀਲੀਆ ਐਵਨਿਊ, ਫਰਿਜ਼ਨੋ, (ਕਰਨੀਲੀਆ ਅਤੇ ਡਕੋਟਾ ਦੇ ਕੌਰਨਰ 'ਤੇ) ਵਿਖੇ ਬਹੁਤ ਹੀ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਦੀਆਂ ਤਿਆਰੀਆਂ ਸਬੰਧੀ ਇਕ ਅਹਿਮ ਮੀਟਿੰਗ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮੇਲੇ ਦੀਆਂ ਤਿਆਰੀਆਂ ਦਾ ਜ਼ਾਇਜ਼ਾ ਲਿਆ ਗਿਆ। ਇਸ ਸਿਤਾਰਵੇਂ ਮੇਲੇ ਬਾਰੇ ਜਾਣਕਾਰੀ ਦਿੰਦਿਆਂ ਫੋਰਮ ਦੇ ਸੈਕਟਰੀ ਸੁਰਿੰਦਰ ਮੰਢਾਲੀ ਨੇ ਦੱਸਿਆ ਕਿ ਇਹ ਮੇਲਾ ਸੰਨ 1917 ਦੇ ਗਦਰੀ ਸ਼ਹੀਦਾਂ ਡਾ. ਅਰੂੜ ਸਿੰਘ, ਹਰਨਾਮ ਸਿੰਘ ਸੈਣੀ, ਬਲਵੰਤ ਸਿੰਘ ਖੁਰਦਪੁਰ, ਡਾ. ਮਥਰਾ ਸਿੰਘ, ਹਾਫਿਜ਼ ਅਬਦੁਲਾ, ਜਵੰਦ ਸਿੰਘ ਨੰਗਲ ਕਲਾਂ ਅਤੇ ਹੋਰ ਗਦਰੀਆਂ ਦੀ ਸ਼ਹਾਦਤ ਸ਼ਤਾਬਦੀ ਨੂੰ ਸਮਰਪਿਤ ਹੈ।

ਮੇਲੇ ਦੇ ਮੁੱਖ ਮਹਿਮਾਨ 'ਤੇ ਬੁਲਾਰੇ ਪ੍ਰੋ ਨਰੰਜਨ ਸਿੰਘ ਢੇਸੀ ਸਾਬਕਾ ਮੁਖੀ ਪੰਜਾਬੀ ਵਿਭਾਗ ਖਾਲਸਾ ਕਾਲਜ ਜਲੰਧਰ ਹੋਣਗੇ।ਇਸ ਮੇਲੇ ਵਿਚ ਬੱਚਿਆਂ ਦੁਆਰਾ ਗਿੱਧਾ ਭੰਗੜਾ ਤੋਂ ਇਲਾਵਾ ਉਚ ਕੋਟੀ ਦੇ ਕਲਾਕਾਰ ਗਾਇਕਾ ਜੋਤ ਰਣਜੀਤ, ਗਾਇਕ ਧਰਮਵੀਰ ਥਾਂਦੀ, ਗਾਇਕ ਜੀਤਾ ਗਿੱਲ , ਗਾਇਕ ਹਰਜੀਤ ਸਿੰਘ ਮਰਸਿਡ ਅਤੇ ਰਾਜ ਬਰਾੜ ਵਲੋਂ ਗਦਰੀ ਬਾਬਿਆਂ ਦੇ ਇਨਕਲਾਬੀ ਗੀਤ ਸੰਗੀਤ ਪੇਸ਼ ਕੀਤਾ ਜਾਵੇਗਾ। ਪ੍ਰਸਿੱਧ ਮੰਚ ਸੰਚਾਲਿਕਾ ਆਸ਼ਾ ਸ਼ਰਮਾ ਵਲੋਂ ਸਟੇਜ ਸੰਭਾਲੀ ਜਾਵੇਗੀ ਅਤੇ ਇਸ ਮੌਕੇ ਪਹੁੰਚੇ ਹੋਏ ਉੱਚ ਕੋਟੀ ਦੇ ਬੁਲਾਰਿਆਂ ਵਲੋਂ ਦੇਸ਼ ਦੇ ਗਦਰੀ ਇਤਿਹਾਸ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ ਜਾਵੇਗੀ।

ਇਸ ਮੇਲੇ ਤੇ ਫੋਰਮ ਵਲੋਂ ਇਕ ਸੋਵੀਨਾਰ ਵੀ ਕੱਢਿਆ ਜਾਵੇਗਾ ਅਤੇ ਵੱਧ ਨੰਬਰ ਲੈ ਕੇ ਪਾਸ ਹੋਣ ਵਾਲੇ ਬੱਚਿਆਂ ਨੂੰ ਖਾਸ ਤੌਰ ਤੇ ਸਨਮਾਨਿਤ ਕੀਤਾ ਜਾ ਰਿਹਾ ਹੈ।ਇਸ ਮੌਕੇ ਸਮੁੱਚੀ ਸੰਸਥਾ ਵਲੋਂ ਇਕ ਖੁੱਲ੍ਹਾ ਸੱਦਾ ਦਿੰਦਿਆਂ ਕਿਹਾ ਕਿ ਆਉ ਸਭ ਪਰਿਵਾਰਾਂ ਸਮੇਤ ਇਕੱਤਰ ਹੋ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰੀਏ ਅਤੇ ਆਪਣੇ ਬੱਚਿਆਂ ਨੂੰ ਇਸ਼ ਸ਼ਾਨਾਮੱਤੇ ਇਤਿਹਾਸ ਤੋਂ ਜਾਣੂੰ ਕਰਵਾਈਏ।

ਇਸ ਮੀਟਿੰਗ ਵਿਚ ਫੋਰਮ ਦੇ ਮੈਂਬਰ ਅਤੇ ਹੋਰ ਸਹਿਯੋਗੀ ਵੀ ਹਾਜ਼ਰ ਸਨ।

## ਉਘੇ ਲੇਖਕ ਤੇ ਮੀਡੀਆ ਵਿਗਿਆਨੀ ਡਾ. ਰੱਤੂ ਦੀ ਉਰਦੂ ਪੁਸਤਕ ਨੂੰ ਹਰਿਆਣਾ ਸਰਕਾਰ ਦਾ ਸਰਵੋਤਮ ਪੁਸਤਕ ਪੁਰਸਕਾਰ

**ਜਲੰਧਰ–** ਹਿੰਦੀ ਪੰਜਾਬੀ ਭਾਸ਼ਾ ਦੇ ਉਘੇ ਲੇਖਕ ਤੇ ਮੀਡੀਆ ਵਿਗਿਆਨੀ ਡਾ. ਕ੍ਰਿਸ਼ਨ ਕੁਮਾਰ ਰੱਤੂ ਨੂੰ ਉਹਨਾਂ ਦੀ ਉਰਦੂ ਪੁਸਤਕ 'ਲਹੂ ਕੀ ਬਾਰਿਸ਼' ਲਈ ਹਰਿਆਣਾ ਉਰਦੂ ਅਕਾਦਮੀ ਹਰਿਆਣਾ ਸਰਕਾਰ ਨੇ ਸਰਵੋਤਮ ਪੁਸਤਕ ਦਾ ਪੁਰਸਕਾਰ ਦਿੱਤਾ ਹੈ। ਇਹ ਵੱਕਾਰੀ ਪੁਸਰਕਾਰ ਡਾ. ਰੱਤੂ ਨੂੰ ਪੰਚਕੂਲਾ ਵਿਖੇ ਇੰਦਰ ਧਨੁਸ਼ ਆਡੀਟੋਰੀਅਮ ਵਿਚ ਹੋਏ ਇਕ ਵੱਡੇ ਸਮਾਰੋਹ ਵਿਚ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਖੱਟਰ ਨੇ ਪ੍ਰਦਾਨ ਕੀਤਾ। ਇਸ ਮੌਕੇ 'ਤੇ ਹਰਿਆਣਾ ਦੀ ਸਿੱਖਿਆ ਮੰਤਰੀ ਸ਼੍ਰੀਮਤੀ ਕਵਿਤਾ ਜੈਨ ਵੀ ਹਾਜ਼ਰ ਸਨ। ਡਾ. ਰੱਤੂ ਨੂੰ ਇਸ ਤੋਂ ਪਹਿਲਾਂ ਵੀ ਕਈ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੁਰਸਕਾਰ ਦਿੱਤੇ ਜਾ ਚੁੱਕੇ ਹਨ। ਡਾ. ਰੱਤੂ ਦੀਆਂ ਕਈ ਪੁਸਤਕਾਂ ਭਾਰਤੀ ਯੂਨੀਵਰਸਿਟੀ ਦੇ ਕੋਰਸਾਂ ਵਿਚ ਪੜ੍ਹਾਈਆਂ ਜਾਂਦੀਆਂ ਹਨ। ਦੂਰਦਰਸ਼ਨ ਦੇ ਸਾਬਕਾ ਡਾਇਰੈਕਟਰ ਤੇ ਕਈ ਫਿਲਮਾਂ ਦੇ ਡਾਇਰੈਕਟਰ ਡਾ. ਰੱਤੂ ਅਨੁਸਾਰ ਇਸ ਪੁਸਤਕ 'ਚ ਬਹੁਤ ਸਾਰੇ ਅਫਸਾਨੇ ਭਾਰਤ-ਪਾਕਿ ਸਬੰਧਾਂ ਬਾਰੇ ਹਨ ਤੇ ਕਈਆਂ ਤੇ ਟੈਲੀ ਫਿਲਮਾਂ ਬਣ ਚੁੱਕੀਆਂ ਹਨ। ਡਾ. ਰੱਤੂ ਅਨੁਸਾਰ ਇਸ ਪੁਸਤਕ ਦਾ ਜਲਦੀ ਹੀ ਪੰਜਾਬੀ ਤੇ ਹਿੰਦੀ ਅਨੁਵਾਦ ਜਾਰੀ ਹੋਵੇਗਾ।



## ਸਮਾਜਸੇਵੀ ਉਦਮੀ ਰਾਜ ਪੰਜਾਬੀ ਦਾ ਨਾਂਅ ਫਾਰਚੂਨ ਦੀ ਵਿਸ਼ਵ ਦੇ ਮਹਾਨ ਆਗੂਆਂ ਦੀ ਸੂਚੀ ਵਿਚ ਸ਼ਾਮਲ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਫਾਰਚੂਨ ਮੈਗਜ਼ੀਨ ਨੇ ਵਿਸ਼ਵ ਦੇ 50 ਮਹਾਨ ਆਗੂਆਂ ਦੀ ਸੂਚੀ ਵਿਚ ਭਾਰਤੀ ਮੂਲ ਦੇ ਅਮਰੀਕੀ ਡਾਕਟਰ ਅਤੇ ਸਮਾਜਸੇਵੀ ਉਦਮੀ ਰਾਜ ਪੰਜਾਬੀ ਦਾ ਨਾਂਅ ਸ਼ਾਮਿਲ ਕੀਤਾ ਹੈ ਜੋ ਕਿ ਪੰਜਾਬ ਲਈ ਬੇਹੱਦ ਮਾਣ ਵਾਲੀ ਗੱਲ ਹੈ। ਪੰਜਾਬੀ ਲਾਭ ਰਹਿਤ ਸੰਸਥਾ ਲਾਸਟ ਮਾਈਲ ਹੈਲਥ ਦੇ ਸਹਿ ਸੰਸਥਾਪਕ ਦੇ ਸੀ ਈ ਓ ਹਨ। ਇਹ ਸੰਸਥਾ ਦੂਰ ਦਰਾਜ ਰਹਿੰਦੇ ਗਰੀਬਾਂ ਜਿਨ੍ਹਾਂ ਕੋਲ ਕੋਈ ਵੀ ਨਹੀਂ ਪਹੁੰਚ ਸਕਦਾ ਉਥੇ ਆਖਰੀ ਪੜਾਅ 'ਤੇ ਸਮਾਨ ਸੇਵਾਵਾਂ ਤੇ ਡਾਕਟਰੀ ਸਹਾਇਤਾ ਮੁਹਈਆ ਕਰਵਾਉਂਦੀ ਹੈ। ਸਾਲ 2014 ਵਿਚ ਲਾਇਬੇਰੀਆ ਵਿਚ ਇਬੋਲਾ ਦੇ ਵਿਆਪਕ ਫੈਲਾਅ ਦੌਰਾਨ ਇਸ ਸੰਸਥਾ ਨੇ ਸ਼ਾਲਾਘਾ ਯੋਗ ਕੰਮ ਕੀਤਾ ਸੀ। ਇਹ ਸੰਸਥਾ ਵਿਕਾਸਸ਼ੀਲ ਦੇਸ਼ਾਂ ਵਿਚ ਸਥਾਨਕ ਲੋਕਾਂ ਨੂੰ ਆਪਣਾ ਬਚਾਅ ਕਰਦਿਆਂ ਮਹਾਮਾਰੀ ਫੈਲਣ ਅਤੇ ਸੁਰਖਿਅਤ ਤਰੀਕੇ ਨਾਲ ਮ੍ਰਿਤਕਾਂ ਨੂੰ ਦਫਨਾ ਕੇ ਆਪਣਾ ਬਚਾਅ ਕਰਨ ਦੀ ਸਿਖਲਾਈ ਦਿੰਦੀ ਹੈ। ਫਾਰਚੂਨ ਦੀ ਸੂਚੀ ਵਿਚ 28ਵੇਂ ਪਾਏਦਾਨ 'ਤੇ ਮੌਜੂਦ ਪੰਜਾਬੀ ਹਾਰਵਰਡ ਮੈਡੀਕਲ ਸਕੂਲ ਅਤੇ ਬ੍ਰਿਘਾਮ ਅਤੇ ਔਰਤਾਂ ਦੇ ਹਸਪਤਾਲ ਬੋਸਟਨ ਵਿਚ ਆਪਣੀ ਸੇਵਾ ਦੇ ਰਹੇ ਹਨ। ਮੂਲ ਤੌਰ 'ਤੇ ਲਾਇਬੇਰੀਆ ਦੇ ਵਾਸੀ ਪੰਜਾਬੀ 9 ਸਾਲ ਦੀ ਉਮਰ ਵਿਚ ਆਪਣੇ ਦੇਸ਼ ਵਿਚ ਛਿੜੀ ਸਿਵਲ ਜੰਗ 'ਚੋਂ ਬਚ ਤੇ ਇਥੇ ਆ ਗਏ ਸਨ। 24 ਸਾਲ ਦੀ ਉਮਰ ਵਿਚ ਉਹ ਵਾਪਸ ਆਪਣੇ ਦੇਸ਼ ਗਿਆ ਸੀ ਮੈਡੀਕਲ ਵਿਦਿਆਰਥੀ ਦੇ ਤੌਰ 'ਤੇ ਤਾਂ ਜੋ ਪਿਛੇ ਛੱਡ ਕੇ ਆਏ ਲੋਕਾਂ ਦੀ ਸੇਵਾ ਕਰ ਸਕਾ ਤੇ ਲਾਸਟ ਮਾਈਲ ਹੈਲਥ ਨਾਂਅ ਦੀ ਸੰਸਥਾ ਬਣਾਈ। ਇਸ ਤੋਂ ਪਹਿਲਾਂ 2016 ਵਿਚ ਟਾਈਮ ਮੈਗਜ਼ੀਨ ਨੇ ਪੰਜਾਬੀ ਨੂੰ ਆਪਣੀ ਵਿਸ਼ਵ ਦੇ 100 ਸਭ ਤੋਂ ਪ੍ਰਭਾਵਸ਼ਾਲੀ ਵਿਅਕਤੀਆਂ ਦੀ ਆਪਣੀ ਸਾਲਾਨਾ ਸੂਚੀ ਵਿਚ ਸ਼ਾਮਿਲ ਕੀਤਾ ਸੀ। ਦਸਣਯੋਗ ਹੈ ਕਿ ਭਾਰਤ ਤੋਂ ਭਾਰਤੀ ਸਟੇਟ ਬੈਂਕ ਦੀ ਮੁਖੀ ਅਰੁੰਧਾਤੀ ਭੱਟਾਚਾਰੀਆ ਨੂੰ ਫਾਰਚੂਨ ਦੀ ਸੂਚੀ ਵਿਚ 26ਵੇਂ ਪਾਏਦਾਨ 'ਤੇ ਰਖਿਆ ਗਿਆ ਜੋ ਕਿ ਇਕੋ ਇਕ ਭਾਰਤੀ ਕਾਰਪੋਰੇਟ ਲੀਡਰ ਹੈ।




## ਜੀ. ਐਚ. ਜੀ. ਫਰਿਜ਼ਨੋ ਦੇ ਛੇਵੇਂ ਵਿਰਾਸਤੀ ਖੇਡ ਮੇਲੇ ਨੇ ਪੰਜਾਬੀਅਤ ਲਈ ਕੀਤਾ ਨਵਾਂ ਮੀਲ ਪੱਥਰ ਦਾ ਆਗਾਜ਼

**ਫਰਿਜ਼ਨੋ (ਕੁਲਵੰਤ ਉਭੀ ਧਾਲੀਆ)–** ਪੰਜਾਬ, ਪੰਜਾਬੀ ਮਾਂ ਬੋਲੀ ਅਤੇ ਪੰਜਾਬੀਅਤ ਦੇ ਵਿਕਾਸ ਦੇ ਨਾਂ ਤੇ ਦੇਸ਼-ਵਿਦੇਸ਼ ਵਿਚ ਅਨੇਕਾਂ ਨਾਮਵਰ ਸੰਸਥਾਵਾਂ ਚੱਲ ਰਹੀਆਂ ਹਨ ਪਰ ਜੀ. ਐਚ. ਜੀ. ਅਕੈਡਮੀ ਫਰਿਜ਼ਨੋ ਸਭ ਤੋਂ ਮੂਹਰਲੀ ਕਤਾਰ ਵਿਚ ਆ ਕੇ ਖਲੋ ਗਈ ਹੈ, ਜਿਸਦਾ ਅੰਦਾਜ਼ਾ ਪਿਛਲੇ ਦਿਨੀਂ ਹੋਇਆ ਛੇਵਾਂ ਵਿਰਾਸਤੀ ਖੇਡ ਮੇਲੇ ਤੋਂ ਲਗਾਇਆ ਜਾ ਸਕਦਾ ਹੈ। ਇਹ ਵਿਰਾਸਤੀ ਖੇਡ ਮੇਲਾ ਆਪਣੇ ਆਪ ਵਿਚ ਇਕ ਮਿਸਾਲ ਹੋ ਨਿੱਬੜਿਆ। ਪੰਜ ਸੌ ਤੋਂ ਵਧੇਰੇ ਬੱਚਿਆਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਪੁੱਜੇ ਦਰਸ਼ਕਾਂ ਦੇ ਸਾਹਮਣੇ ਪੰਜਾਬ ਦੀਆਂ ਵਿਰਾਸਤੀ ਖੇਡਾਂ ਦਾ ਪ੍ਰਦਰਸ਼ਨ ਕਰਕੇ ਮੂੰਹ ਵਿਚ ਉਂਗਲਾਂ ਪਵਾ ਦਿੱਤੀਆਂ। ਹਰ ਕੋਈ ਇਸ ਖੇਡ ਮੇਲੇ ਦੀ ਦਿਲ ਦੀਆਂ ਗਹਿਰਾਈਆਂ ਵਿਚੋਂ ਸਿਫ਼ਤ ਕਰ ਰਿਹਾ ਸੀ।

ਫਰਿਜ਼ਨੋ ਦਾ ਰੋਇਡਿੰਗ ਪਾਰਕ ਇਕ ਪੰਜਾਬ ਦੇ ਪਿੰਡ ਵਿਚ ਤਬਦੀਲ ਹੋਇਆ ਰਿਹਾ। ਹਜ਼ਾਰਾਂ ਦੀ ਗਿਣਤੀ ਵਿਚ ਬੱਚਿਆਂ ਨੂੰ ਆਸ਼ੀਰਵਾਦ ਦੇਣ ਪਹੁੰਚੇ ਦਾਦੇ, ਦਾਦੀਆਂ, ਨਾਨੇ, ਨਾਨੀਆਂ ਅਤੇ ਚਾਚੇ, ਤਾਏ ਅਤੇ ਕਮਿਊਨਿਟੀ ਦੀਆਂ ਪ੍ਰਮੁੱਖ ਸ਼ਖਸੀਅਤਾਂ ਸਾਰੇ ਹੀ ਆਪਣੇ ਬਚਪਨ ਦੀਆਂ ਯਾਦਾਂ ਵਿਚ ਗੁਆਚੇ ਰਹੇ ਅਤੇ ਆਨੰਦ ਮਾਣਦੇ ਰਹੇ। ਸਮੂਹ ਪਹੁੰਚੇ ਦਰਸ਼ਕਾਂ ਦਾ ਪ੍ਰਬੰਧਕਾਂ ਵੱਲੋਂ ਤਹਿ ਦਿਲੋਂ ਧੰਨਵਾਦ ਕੀਤਾ ਜਾਂਦਾ ਹੈ। ਇਹ ਮੇਲਾ ਤਕਰੀਬਨ 11 ਵਜੇ ਗੁਰੂ ਸਾਹਿਬ ਅੱਗੇ ਅਰਦਾਸ ਕਰਨ ਉਪਰੰਤ ਆਰੰਭ ਹੋਇਆ। ਇਸ ਤੋਂ ਬਾਅਦ ਡਲੀਨੋ ਤੋਂ ਆਏ ਬੱਚਿਆਂ ਨੇ ਰਸ ਭਿੰਨਾ ਕੀਰਤਨ ਕਰਕੇ ਸਭ ਨੂੰ ਮੰਤਰ ਮੁਗਧ ਕਰ ਦਿੱਤਾ। ਉਸ ਤੋਂ ਬਾਅਦ ਅਮੈਰਿਕਨ ਐਂਥਮ ਨਾਲ ਖੇਡ ਮੈਦਾਨ ਵਿਚ ਮਾਰਚ ਪਾਸਟ ਕੀਤਾ ਗਿਆ। ਇਸ ਤੋਂ ਬਾਅਦ ਬੱਚੇ ਅਤੇ ਮਾਪੇ ਆਪੋ-ਆਪਣੇ ਵੱਖੋ-ਵੱਖ ਗਰੁੱਪਾਂ ਵਿਚ ਵੱਖ-ਵੱਖ ਖੇਡਾਂ ਖੇਡਦੇ ਰਹੇ ਅਤੇ ਮੁਕਾਬਲੇ ਦੀਆਂ ਗੇਮਾਂ ਵਿਚ ਪਹਿਲੇ, ਦੂਜੇ ਅਤੇ ਤੀਜੇ ਮੁਕਾਬਲੇ ਤੇ ਆਉਣ ਵਾਲੇ ਹਰ ਇਕ ਜੇਤੂ ਨੂੰ ਇਨਾਮਾਂ ਨਾਲ ਸਨਮਾਨਿਤ ਕੀਤਾ। ਖੇਡਾਂ ਵਿਚ ਬੰਟੇ, ਖੋ-ਖੋ, ਬਾਂਦਰ ਕੀਲਾ, ਕਬੱਡੀ, ਗੁੱਲੀ ਡੰਡਾ, ਬੈਗ, ਰੇਸ, ਸਪੂਨ ਰੇਸ, ਤਿੰਨ ਟੰਗੀ ਰੇਸ, ਟਾਵਲ ਰੇਸ, ਚਾਟੀ ਰੇਸ ਅਤੇ ਹੋਰ ਬਹੁਤ ਸਾਰੀਆਂ ਖੇਡਾਂ ਖਿੱਚ ਦਾ ਕੇਂਦਰ ਬਣੀਆਂ। ਬਾਲੀਵਾਲ ਦਾ ਮੁਕਾਬਲਾ ਜੋ ਯੂਨਾਈਟਿਡ ਸਪੋਰਟਸ ਕਲੱਬ ਦੇ ਸਹਿਯੋਗ ਨਾਲ ਕਰਵਾਇਆ ਗਿਆ, ਇਸਦੇ ਵਿਚ ਫਰਿਜ਼ਨੋ ਦੀ ਟੀਮ ਨੇ ਪਹਿਲਾ ਅਤੇ ਸੈਨਹੋਜ਼ੇ ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ। ਘੋੜਾ ਕਬੱਡੀ ਵਿਚ ਜੀ. ਐਚ. ਜੀ. ਦੇ ਗੱਭਰੂ ਪਹਿਲੇ ਅਤੇ ਖਾਲਸਾ ਟੀਮ ਗੁਰੂ ਘਰ ਨਾਨਕ ਪ੍ਰਕਾਸ਼ ਦੇ ਬੱਚੇ ਬਹੁਤ ਹੀ ਸਖ਼ਤ ਮੁਕਾਬਲੇ ਵਿਚ ਦੂਜੇ ਸਥਾਨ 'ਤੇ ਰਹੇ। ਰੱਸਾ ਕੱਸੀ ਵਿਚ ਇੰਦਰਜੀਤ ਨਾਗਰਾ ਦੀ ਅਗਵਾਈ ਵਿਚ ਆਏ ਬਜ਼ੁਰਗਾਂ ਦੀ ਟੀਮ ਨੇ ਮੇਲਾ ਲੁੱਟ ਲਿਆ।

ਰੱਸੀ ਕਸ਼ੀ ਮੁਕਾਬਲੇ ਵਿਚ ਟਰੱਕਾਂ ਵਾਲੇ ਵੀਰਾਂ ਦੀਆਂ ਦੋਵੇਂ ਟੀਮਾਂ ਬਾਜ਼ੀ ਮਾਰ ਗਈਆਂ। ਬੀਬੀਆਂ ਦੇ ਰੱਸਾਕਸ਼ੀ ਮੁਕਾਬਲੇ ਵਿਚ ਧੀਆਂ ਦੀ ਟੀਮ ਨੇ ਮਾਵਾਂ ਦੀ ਟੀਮ ਨੂੰ ਕਰਾਰੀ ਹਾਰ ਦਿੱਤੀ। ਗੀਤ ਸੰਗੀਤ ਸਾਰਾ ਦਿਨ ਚਲਦਾ ਰਿਹਾ। ਸਟੇਜ ਦੀ ਸੇਵਾ ਗੁਰਦੀਪ ਸਿੰਘ ਸ਼ੇਰਗਿੱਲ ਨੇ ਬਾਖੂਬੀ ਨਿਭਾਈ। ਕਬੱਡੀ ਦੀ ਕਮੈਂਟਰੀ ਕਰਕੇ ਜਸਪ੍ਰੀਤ ਸਿੱਧੂ ਨੇ ਚੰਗਾ ਰੰਗ ਬੰਨ੍ਹਿਆ। ਇਸ ਤਰ੍ਹਾਂ ਸਾਰਾ ਦਿਨ ਲੋਕੀ ਆਪਣੇ ਪਿੰਡਾਂ ਦੀਆਂ ਪੁਰਾਣੀਆਂ ਯਾਦਾਂ ਨਾਲ ਜੁੜ ਕੇ ਵਿਰਾਸਤੀ ਖੇਡਾਂ ਦਾ ਆਨੰਦ ਮਾਣਦੇ ਰਹੇ।

ਮਿਊਜ਼ੀਕਲ ਚੇਅਰ ਦੇ ਮੁਕਾਬਲੇ ਦੌਰਾਨ ਵੱਖੋ-ਵੱਖ ਉਮਰਾਂ ਦੇ ਹਿਸਾਬ ਨਾਲ ਬਹੁਤ ਹੀ ਰੋਚਕ ਮੁਕਾਬਲੇ ਹੋਏ ਅਤੇ ਸਭ ਨੇ ਰੱਜ ਕੇ ਆਨੰਦ ਮਾਣਿਆ।

ਗੁਰੂ ਕੇ ਲੰਗਰ ਸਾਰਾ ਦਿਨ ਅਤੁੱਟ ਵਰਤਦੇ ਰਹੇ। ਗੁਰੂ ਮਹਾਰਾਜ ਦੀ ਕਿਰਪਾ ਸਦਕਾ ਲੰਗਰਾਂ ਦੀ ਸੇਵਾ ਜਿਹਨਾਂ ਪਰਿਵਾਰਾਂ ਨੇ ਕੀਤੀ, ਉਹ ਹਨ ਸਿਕੰਦਰ ਚੀਮਾ, ਸ਼ਿਕਾਗੋ ਪੀਜ਼ਾ, ਸੰਗੂ ਫੈਮਿਲੀ, ਮਨਜਿੰਦਰ ਚਾਹਲ, ਤਲਵਿੰਦਰ ਓਟਲ, ਜੋਗਾ ਅਤੇ ਬਿੱਟੂ (ਪੀ. ਐਮ. ਫਲੀਟ ਸਰਵਿਸ) ਅਤੇ ਜੀਤਾ ਆਰ ਵੀ ਟਰਾਂਸਪੋਰਟ ਹਨ।

ਪਾਣੀ ਦੀ ਸੇਵਾ ਦਵਿੰਦਰ ਢਿੱਲੋਂ ਅਤੇ ਗੁਰਪ੍ਰੀਤ ਧਾਰੀਵਾਲ ਪਰਿਵਾਰ ਵਲੋਂ ਕੀਤੀ ਗਈ। ਇੰਡੋ ਅਮੈਰਿਕਨ ਹੈਰੀਟੇਜ਼ ਫੋਰਮ ਅਤੇ ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਸੰਸਥਾਵਾਂ ਨੇ ਵੀ ਪੂਰਨ ਸਹਿਯੋਗ ਦਿੱਤਾ। ਸਾਊਂਡ ਸਿਸਟਮ ਦੀ ਸੇਵਾ ਬਲਦੇਵ ਵਿਰਕ ਵੱਲੋਂ ਕੀਤੀ ਗਈ। ਮੋਗਾ ਵੀਡੀਓ ਦੇ ਅਜੀਤ ਸਿੰਘ ਗਿੱਲ ਸਾਰਾ ਦਿਨ ਬੱਚਿਆਂ ਦੀਆਂ ਯਾਦਾਂ ਨੂੰ ਆਪਣੇ ਕੈਮਰੇ ਵਿਚ ਬੰਦ ਕਰਦੇ ਰਹੇ।

ਸਮੁੱਚੇ ਮੇਲੇ ਨੂੰ ਸਫਲ ਬਣਾਉਣ ਵਿਚ ਅਕੈਡਮੀ ਦੇ ਮੁੱਖ ਮੈਂਬਰਾਂ ਵਿਚ ਪਰਮਜੀਤ ਧਾਲੀਵਾਲ, ਸੁਖਮਿੰਦਰ ਸਰੋਏ, ਸੁਖਦੇਵ ਚੀਮਾ, ਉਦੈਦੀਪ ਸਿੱਘੂ, ਰਾਜਿੰਦਰ ਧਾਲੀਵਾਲ, ਪਰਮਪ੍ਰੀਤ ਪੰਨੂ, ਜਗਰੂਪ ਸਿੰਘ ਧਾਲੀਵਾਲ, ਜਤਿੰਦਰ ਪਾਲ ਮਾਨ, ਅਮਨਦੀਪ ਖਹਿਰਾ, ਪ੍ਰੀਤਮ ਪਾਸਲਾ, ਕੁਲਵੰਤ ਖਹਿਰਾ, ਸਰਬਜੀਤ ਸਿੱਧੂ, ਅਰਵਿੰਦਰ ਸਿੰਘ ਕਾਹਲੋਂ, ਸੀਤਲ ਮਾਹਲ, ਹਰਦੀਪ ਕਲੇਰ, ਤਰਨਜੀਤ ਕੌਰ ਕਲੇਰ, ਸ਼ਗਨਦੀਪ ਕੌਰ ਵੜੈਚ, ਗੁਰਪ੍ਰੀਤ ਧਾਲੀਵਾਲ (ਬੱਧਨੀ ਕਲਾਂ), ਗੁਰਦੀਪ ਸ਼ੇਰਗਿੱਲ, ਦਵਿੰਦਰ ਸਿੰਘ ਨਾਗੀ, ਬਸੰਤ ਸਿੰਘ ਧਾਲੀਵਾਲ, ਕੁਲਵੰਤ ਕੌਰ ਧਾਲੀਵਾਲ, ਦਲਜੀਤ ਕੌਰ ਧਾਲੀਵਾਲ, ਸੈਣੀ ਧਾਲੀਵਾਲ, ਜਗਜੀਤ ਸਿੰਘ ਧਾਲੀਵਾਲ ਅਤੇ ਸਮੁੱਚਾ ਅਕੈਡਮੀ ਦਾ ਯੂਥ ਵਿੰਗ ਸ਼ਾਮਲ ਹੋਇਆ।

ਸੀਨੀਅਰ ਪ੍ਰਮੁੱਖ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਾਂਦਾ ਹੈ ਜੋ ਸਮੇਂ-ਸਮੇਂ ਅਕੈਡਮੀ ਨੂੰ ਆਪਣੀ ਅਗਵਾਈ ਦਿੰਦੇ ਹਨ। ਉਹਨਾਂ ਵਿਚ ਜਗਜੀਤ ਸਿੰਘ ਥਿੰਦ, ਮਹਿੰਦਰ ਸਿੰਘ ਗਰੇਵਾਲ, ਕੁਲਦੀਪ ਸਿੰਘ ਕਾਲੇਕੇ, ਸੁਖਦੇਵ ਸਿੰਘ ਸਿੱਧੂ, ਅਵਤਾਰ ਸਿੰਘ ਗਿੱਲ, ਡਾ. ਗੁਰਦਾਵਰ ਸਿੰਘ ਧਾਲੀਵਾਲ ਪ੍ਰਮੁੱਖ ਹਨ। ਇਸ ਵਰ੍ਹੇ ਡਾ. ਅਜੀਤ ਸਿੰਘ ਖਹਿਰਾ ਵੱਲੋਂ ਮੈਡੀਕਲ ਕੈਂਪ ਵੀ ਲਗਾਇਆ ਗਿਆ।

ਅੰਤ ਵਿਚ ਸਮੂਹ ਆਏ ਹੋਏ ਦਰਸ਼ਕਾਂ ਦਾ, ਮਾਪਿਆਂ ਦਾ ਅਤੇ ਬੱਚਿਆਂ ਦਾ, ਮੀਡੀਏ ਦਾ, ਅਕੈਡਮੀ ਦੇ ਬੁਲਾਰੇ ਗੁਰਦੀਪ ਸ਼ੇਰਗਿਲ ਨੇ ਧੰਨਵਾਦ ਕੀਤਾ। ਆਉਂਦੇ ਸਾਲ ਫਿਰ ਮਿਲਣ ਦਾ ਵਾਅਦਾ ਕਰਕੇ ਸਾਰੇ ਖੁਸ਼ੀ-ਖੁਸ਼ੀ ਆਪਣੇ ਘਰਾਂ ਨੂੰ ਗਏ।




- ਪਰਮਜੀਤ ਸਿੰਘ ਧਾਲੀਵਾਲ 559-351-9465

# 'ਦ ਬਲੈਕ ਪ੍ਰਿੰਸ' ਦੀ ਝੋਲੀ ਪਏ ਕਈ ਇਨਾਮ, ਕਈ ਫੈਸਟੀਵਲਾਂ 'ਚ ਮਿਲਿਆ ਦਾਖ਼ਲਾ






**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸ਼ਬਾਨਾ ਆਜ਼ਮੀ ਬਿਹਤਰੀਨ ਅਦਾਕਾਰਾ ਤੇ ਸਤਿੰਦਰ ਸਰਤਾਜ 'ਐਵਾਰਡ ਆਫ਼ ਮੈਰਿਟ ਸਪੈਸ਼ਲ ਮੈਨਸ਼ਨ' ਨਾਲ ਸਨਮਾਨਿਤ ਸੈਨ ਹੋਜ਼ੇ ਸਿੱਖ ਰਾਜ ਦੇ ਆਖ਼ਰੀ ਚਿਰਾਗ਼ ਮਹਾਰਾਜਾ ਦਲੀਪ ਸਿੰਘ ਦੇ ਜੀਵਨ 'ਤੇ ਆਧਾਰਤ ਫ਼ਿਲਮ 'ਦ ਬਲੈਕ ਪ੍ਰਿੰਸ' ਨੇ ਉਤਰੀ ਅਮਰੀਕਾ ਦੇ ਵੱਖ ਵੱਖ ਫੈਸਟੀਵਲਾਂ ਵਿਚ ਨਾ ਸਿਰਫ਼ ਦਾਖ਼ਲਾ ਪਾਇਆ, ਸਗੋਂ ਕਈ ਐਵਾਰਡ ਵੀ ਆਪਣੀ ਝੋਲੀ ਪਾਏ ਹਨ। ਇਸ ਫ਼ਿਲਮ ਨੂੰ ਕਾਫ਼ੀ ਸਰਾਹਨਾ ਮਿਲੀ। ਮਹਾਰਾਜਾ ਦਲੀਪ ਸਿੰਘ ਦਾ ਮੁੱਖ ਕਿਰਦਾਰ ਨਿਭਾ ਰਹੇ ਉੱਘੇ ਸੂਫ਼ੀ ਗਾਇਕ ਸਤਿੰਦਰ ਸਰਤਾਜ ਇਸ ਹਫ਼ਤੇ ਸਮਾਪਤ ਹੋਏ ਸਿਨੇਕੁਐਸਟ ਫ਼ਿਲਮ ਫੈਸਟੀਵਲ ਦੌਰਾਨ ਖਿੱਚ ਦਾ ਬਿੰਦੂ ਬਣੇ ਰਹੇ। ਮਹਾਰਾਣੀ ਜਿੰਦਾ ਦੀ ਭੂਮਿਕਾ ਨਿਭਾਉਣ ਵਾਲੀ ਬਾਲੀਵੁੱਡ ਦੀ ਅਭਿਨੇਤਰੀ ਸ਼ਬਾਨਾ ਆਜ਼ਮੀ ਨੇ ਲਾਸ ਏਂਜਲਸ ਫ਼ਿਲਮ ਐਵਾਰਡ ਦੌਰਾਨ ਬਿਹਤਰੀਨ ਅਦਾਕਾਰਾ ਦਾ ਐਵਾਰਡ ਜਿੱਤਿਆ। ਐਕੋਲੇਡ ਗਲੋਬਲ ਫ਼ਿਲਮ ਕੰਪੀਟਿਸ਼ਨ ਵਿਚ ਬਿਹਤਰੀਨ ਅਦਾਕਾਰੀ ਲਈ ਸਤਿੰਦਰ ਸਰਤਾਜ ਨੂੰ 'ਐਵਾਰਡ ਆਫ਼ ਮੈਰਿਟ ਸਪੈਸ਼ਲ ਮੈਨਸ਼ਨ' ਨਾਲ ਸਨਮਾਨਿਤ ਕੀਤਾ ਗਿਆ। 'ਦ ਬਲੈਕ ਪ੍ਰਿੰਸ' ਨੇ ਐਕੋਲੇਡ ਗਲੋਬਲ ਫ਼ਿਲਮ ਕੰਪੀਟਿਸ਼ਨ ਦੌਰਾਨ 'ਬੈਸਟ ਆਫ਼ ਸ਼ੋਅ' ਐਵਾਰਡ ਵੀ ਜਿੱਤਿਆ। ਮਾਨਚੈਸਟਰ ਫ਼ਿਲਮ ਫੈਸਟੀਵਲ ਆਫ਼ ਯੂ.ਕੇ. ਨੇ ਇਸ ਫ਼ਿਲਮ ਨੂੰ 'ਬੈਸਟ ਪ੍ਰੋਡਕਸ਼ਨ' ਦਾ ਦਰਜਾ ਦਿੱਤਾ ਹੈ। 18ਵੇਂ ਸਾਲਾਨਾ ਨਿਊਪੋਰਟ ਫ਼ਿਲਮ ਫੈਸਟੀਵਲ ਨੇ 20 ਤੋਂ 27 ਅਪ੍ਰੈਲ ਨੂੰ ਹੋ ਰਹੇ ਆਪਣੇ ਸਮਾਰੋਹ ਲਈ 'ਦ ਬਲੈਕ ਪ੍ਰਿੰਸ' ਦੀ ਚੋਣ ਕੀਤੀ ਹੈ। ਮਹਾਰਾਜਾ ਦਲੀਪ ਸਿੰਘ ਦੇ ਜੀਵਨ 'ਤੇ ਆਧਾਰਤ ਇਹ ਫ਼ਿਲਮ ਕੌਮਾਂਤਰੀ ਪੱਧਰ 'ਤੇ 19 ਮਈ ਨੂੰ ਰਿਲੀਜ਼ ਹੋਣ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਸਿਨੇਕੁਐਸਟ ਫ਼ਿਲਮ ਫੈਸਟੀਵਲ ਦੌਰਾਨ 100,000 ਤੋਂ ਵੱਧ ਲੋਕਾਂ ਨੇ ਸ਼ਿਰਕਤ ਕੀਤੀ। ਸਿਨੇਕੁਐਸਟ ਆਪਣੀ ਕੁਸ਼ਲ ਮੇਜ਼ਬਾਨੀ ਲਈ ਜਾਣਿਆ ਜਾਂਦਾ ਹੈ। ਇਸ ਫੈਸਟੀਵਲ ਵਿਚ ਫ਼ਿਲਮ ਜਗਤ ਨਾਲ ਜੁੜੀਆਂ ਸ਼ਖ਼ਸੀਅਤਾਂ ਅਤੇ ਲੋਕਾਂ ਦਾ ਉਤਸਾਹ ਦੇਖਣ ਵਾਲਾ ਹੁੰਦਾ ਹੈ। ਸਿਨੇਕੁਐਸਟ ਵਲੋਂ ਅਮਰੀਕਾ ਅਤੇ ਦੁਨੀਆ ਭਰ ਤੋਂ 90 ਤੋਂ ਵੱਧ ਪ੍ਰੀਮੀਅਰ ਸ਼ੋਅ ਦਿਖਾਏ ਜਾਂਦੇ ਹਨ। ਹਰ ਸਾਲ ਇਸ ਵਿਚ 50 ਤੋਂ ਵੱਧ ਮੁਲਕਾਂ ਦੇ ਫ਼ਿਲਮਸਾਜ਼ ਹਿੱਸਾ ਲੈਂਦੇ ਹਨ।

ਕੈਪਸ਼ਨ 1 ਸਿਨੇਕੁਐਸਟ ਫ਼ਿਲਮ ਫੈਸਟੀਵਲ ਦੌਰਾਨ 'ਦ ਬਲੈਕ ਪ੍ਰਿੰਸ' ਦੀ ਸਕਰੀਨਿੰਗ ਮੌਕੇ ਹਾਜ਼ਰ ਦਰਸ਼ਕ 5 ਸਤਿੰਦਰ ਸਰਤਾਜ, ਮਹਾਰਾਜਾ ਦਲੀਪ ਸਿੰਘ ਦੀ ਪਤਨੀ ਦਾ ਕਿਰਦਾਰ ਨਿਭਾ ਰਹੀ ਸੋਫੀਆ ਸਟੀਵਨਜ਼ ਨਾਲ ਨਜ਼ਰ ਆ ਰਹੇ ਹਨ।

# ਭਾਈ ਜਗਤਾਰ ਸਿੰਘ ਤਾਰਾ ਦਾ ਤੁਰੰਤ ਇਲਾਜ ਕਰਵਾਏ ਸਰਕਾਰ

## ਭਾਰਤੀ ਅੰਬੈਸੀਆਂ ਅੱਗੇ ਮੁਜ਼ਾਹਰੇ ਕੀਤੇ ਜਾਣ ਦੀ ਧਮਕੀ

**ਸ਼ਿਕਾਗੋ (ਹੁਸਨ ਲੜੋਆ ਬੰਗਾ)–** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਜਥੇਬੰਦੀ ਨੇ ਸਿੱਖ ਕੌਮ ਦੇ ਜੁਝਾਰੂ ਸੂਰਮੇ ਭਾਈ ਜਗਤਾਰ ਸਿੰਘ ਤਾਰਾ ਦੀ ਦਿਨੋਂ ਦਿਨ ਵਿਗੜ ਰਹੀ ਸਿਹਤ ਤੇ ਚਿੰਤਾ ਜ਼ਾਹਿਰ ਕੀਤੀ ਹੈ। ਜਦੋਂ ਇੰਟਰਪੋਲ ਦੇ ਰਾਹੀਂ ਭਾਈ ਸਾਹਿਬ ਨੂੰ ਭਾਰਤ ਸਰਕਾਰ ਥਾਈਲੈਂਡ ਤੋਂ ਭਾਰਤ ਲੈ ਕੇ ਗਈ ਸੀ। ਉਸ ਹੋਈ ਸੰਧੀ ਮੁਤਾਬਿਕ ਉਨ੍ਹਾਂ ਤੇ ਕੋਈ ਨਵਾਂ ਕੇਸ ਨਾ ਪਾਇਆ ਜਾਣਾ ਤੇ ਮਨੁੱਖੀ ਅਧਿਕਾਰਾਂ ਦੀ ਪਾਲਣਾ ਕਰਨਾ ਤੇ ਉਨ੍ਹਾਂ ਦੀ ਸਿਹਤ ਦਾ ਹਰ ਸਮੇਂ ਖਿਆਲ ਰੱਖਣਾ ਤੇ ਲੋੜ ਮੁਤਾਬਿਕ ਉਨ੍ਹਾਂ ਦੀ ਸਹੀ ਢੰਗ ਨਾਲ ਇਲਾਜ ਕਰਵਾਉਣਾ। ਪਰ ਹੁਣ ਭਾਰਤ ਸਰਕਾਰ ਆਪਣੇ ਕੀਤੇ ਹੋਏ ਵਾਅਦਿਆਂ ਤੋਂ ਮੁਕਰ ਗਈ ਹੈ ਤੇ ਇਸ ਸਮੇਂ ਭਾਈ ਸਾਹਿਬ ਨੂੰ ਪਿੱਠ ਦਾ ਦਰਦ ਬੁਰੀ ਤਰ੍ਹਾਂ ਪ੍ਰੇਸ਼ਾਨ ਕਰ ਰਿਹਾ ਹੈ। ਜੇਲ੍ਹ ਪ੍ਰਾਸ਼ਸਨ, ਕੋਰਟ ਤੇ ਪੰਜਾਬ ਸਰਕਾਰ ਇਸ ਵੱਲ ਧਿਆਨ ਨਹੀਂ ਦੇ ਰਹੀ। ਜਿਸ ਤੇ ਭਾਈ ਸਾਹਿਬ ਨੇ ਆਪਣੇ ਵਕੀਲ ਸਰਦਾਰ ਸਿਮਰਨਜੀਤ ਸਿੰਘ ਰਾਹੀਂ ਯੂ ਐਨ ਓ ਤੱਕ ਤੇ ਮਨੁੱਖੀ ਅਧਿਕਾਰਾਂ ਦੀ ਜਥੇਬੰਦੀਆਂ ਤੱਕ ਪਹੁੰਚ ਕੀਤੀ ਹੈ।

ਉਨ੍ਹਾਂ ਦਾ ਇਲਾਜ ਕਰਵਾਉਣ ਦੀ ਬੇਨਤੀ ਕੀਤੀ ਹੈ। ਅੱਜ ਸਮੂਹ ਪੰਥ ਦਰਦੀਆਂ ਦਾ ਫ਼ਰਜ ਬਣਦਾ ਹੈ ਕਿ ਅਸੀਂ ਆਪਣੇ ਇਨ੍ਹਾਂ ਜੁਝਾਰੂ ਸਿੰਘਾਂ ਦੀ ਅਵਾਜ਼ ਬਣੀਏ। ਇਨ੍ਹਾਂ ਦੇ ਹਰ ਦੁੱਖ ਸੁੱਖ ਦੇ ਵਿਚ ਭਾਗੀਦਾਰ ਬਣੀਏ ਤਾਂ ਕਿ ਇਨ੍ਹਾਂ ਦੇ ਕਾਲ ਕੋਠੜੀਆਂ ਵਿਚ ਬੈਠਿਆਂ ਦੇ ਹੌਸਲੇ ਬੁਲੰਦ ਰਹਿਣ। ਇਸ ਤੋਂ ਇਲਾਵਾ ਜੋ ਭਾਈ ਜਗਤਾਰ ਸਿੰਘ ਤਾਰਾ ਨੇ ਪਿਛਲੇ ਦਿਨੀਂ ਕੋਰਟ ਤੋਂ ਸਵੈ ਇੱਛਾ ਰਾਹੀਂ ਮਰਨੇ ਦੀ ਇਜ਼ਾਜਤ ਮੰਗੀ ਹੈ। ਉਹ ਵੀ ਕੌਮ ਲਈ ਚਿੰਤਾ ਦਾ ਵਿਸ਼ਾ ਹੈ। ਇਸ ਤੇ ਵੀ ਕੌਮ ਨੂੰ ਭਾਈ ਸਾਹਿਬ ਦੇ ਨਾਲ ਖੜਨ ਦੀ ਲੋੜ ਹੈ। ਤਾਂ ਕਿ ਉਨ੍ਹਾਂ ਦਾ ਮਨੋਬਲ ਉੱਚਾ ਰਹੇ। ਜਿਸ ਤੇ ਉਨ੍ਹਾਂ ਨੂੰ ਜਾਂ ਹੋਰ ਜੇਲ੍ਹੀ ਬੈਠੇ ਸਿੰਘਾਂ ਨੂੰ ਅਜਿਹੇ ਫੈਸਲੇ ਲੈਣ ਦੀ ਜ਼ਰੂਰਤ ਨਾ ਪਵੇ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਜਥੇਬੰਦੀ ਦੇ ਕਨਵੀਨਰ ਬੂਟਾ ਸਿੰਘ ਖੜੌਦ, ਪ੍ਰਧਾਨ ਸੁਰਜੀਤ ਸਿੰਘ ਕੁਲਾਰ, ਮੀਤ ਪ੍ਰਧਾਨ ਰੇਸ਼ਮ ਸਿੰਘ, ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ, ਪੈਨਲ ਮੈਂਬਰ ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ ਸਰਬਜੀਤ ਸਿੰਘ, ਯੂਥ ਪ੍ਰਧਾਨ ਅਮਨਦੀਪ ਸਿੰਘ ਤੇ ਅਮਰਜੀਤ ਸਿੰਘ ਨੇ ਇਕ ਸਾਂਝੇ ਪ੍ਰੈਸ ਨੂੰ ਦਿੱਤੇ ਬਿਆਨ ਰਾਹੀਂ ਪੰਜਾਬ ਸਰਕਾਰ ਨੂੰ ਭਾਈ ਜਗਤਾਰ ਸਿੰਘ ਤਾਰਾ ਦਾ ਛੇਤੀ ਤੋਂ ਛੇਤੀ ਤੇ ਸਹੀ ਢੰਗ ਨਾਲ ਇਲਾਜ ਕਰਵਾਏ ਜਾਣ ਦੀ ਅਪੀਲ ਕੀਤੀ ਹੈ। ਬਿਆਨ ਦੇ ਅਖੀਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਸਿੱਖਾਂ ਨੂੰ ਹਮੇਸ਼ਾਂ ਹੀ ਸੰਵਿਧਾਨਕ ਹੱਕਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ। ਉਨ੍ਹਾਂ ਨਾਲ ਹਮੇਸ਼ਾ ਦੋ ਨੰਬਰ ਸ਼ਹਿਰੀਆਂ ਵਾਲਾ ਵਰਤਾਓ ਕੀਤਾ ਜਾਂਦਾ ਹੈ। ਇਸੇ ਤਹਿਤ ਹੀ ਸਿੱਖ ਸਿਆਸੀ ਕੈਦੀਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਇਲਾਜ ਨਾ ਕਰਾਏ ਜਾਣ ਵਿਚ ਕੀਤੀ ਜਾ ਰਹੀ ਦੇਰੀ ਜਾਂ ਇਲਾਜ ਨਾ ਕਰਾਏ ਜਾਣ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਸਮੂਹ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਭਾਰਤੀ ਅੰਬੈਸੀਆਂ ਅੱਗੇ ਰੋਸ ਮੁਜਾਹਰੇ ਕਰੇਗਾ।

# ਉੱਘੇ ਗਜ਼ਲਗੋ ਹਰਭਜਨ ਸਿੰਘ ਬੈਂਸ ਦਾ ਜਨਮ ਦਿਨ 'ਤੇ ਹੋਇਆ ਸਿਆਟਲ ਵਿਚ ਸਨਮਾਨ

ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ)– ਪੰਜਾਬੀ ਸਾਹਿਤ ਦੇ ਉੱਘੇ ਹਸਤਾਖਰ ਉਸਤਾਦ ਸ਼ਾਇਰ ਸ੍ਰੀ ਹਰਭਜਨ ਸਿੰਘ ਬੈਂਸ ਦਾ ਬੀਤੇ ਸ਼ਨੀਵਾਰ ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਸਨਮਾਨ ਕੀਤਾ ਗਿਆ। ਸ੍ਰੀ ਬੈਂਸ ਦਾ ਚੁਰਾਸੀਵਾਂ ਜਨਮ ਦਿਨ ਮਨਾਉਣ ਲਈ ਸਭਾ ਦੇ ਜਨਰਲ ਸਕੱਤਰ ਸ੍ਰੀ ਅਵਤਾਰ ਸਿੰਘ ਆਦਮਪੁਰੀ ਦੇ ਗ੍ਰਹਿ ਵਿਖੇ ਸਾਦਾ ਪਰ ਪ੍ਰਭਾਵਸ਼ਾਲੀ ਸਮਾਗਮ ਆਯੋਜਿਤ ਕੀਤਾ ਗਿਆ। ਪੰਜਾਬੀ ਸਾਹਿਤ ਦੇ ਖਜ਼ਾਨੇ ਨੂੰ ਆਪਣੀਆਂ ਕਈ ਕਿਤਾਬਾਂ ਨਾਲ ਮਾਲਾ ਮਾਲ ਕਰਨ ਵਾਲੇ ਸ੍ਰੀ ਬੈਂਸ ਦੇ ਸਵਾਗਤ ਵਿਚ ਸਭ ਤੋਂ ਪਹਿਲਾਂ ਕਵੀ ਦਰਬਾਰ ਸਜਾਇਆ, ਜਿਸ ਵਿਚ ਸਥਾਨਕ ਕਵੀਆਂ ਨੇ ਆਪੋ ਆਪਣੀਆਂ ਤਾਜ਼ਾ ਤਰੀਨ ਕਵਿਤਾਵਾਂ ਸੁਣਾ ਕੇ ਸਾਹਿਤਕ ਰੰਗ ਬਿਖੇਰਿਆ। ਲੱਗਭੱਗ ਛੇ ਭਾਸ਼ਾਵਾਂ ਦੇ ਗਿਆਤਾ ਸ੍ਰੀ ਬੈਂਸ ਨੇ ਵੀ ਕਵੀਆਂ ਦੀ ਮੰਗ ਮੁਤਾਬਕ ਨਵੀਆਂ-ਪੁਰਾਣੀਆਂ ਗਜ਼ਲਾਂ ਸੁਣਾਈਆਂ। ਉਹਨਾ ਸ਼ਗਿਰਦ ਸ਼ਾਇਰਾਂ ਨੂੰ ਇਹ ਸਲਾਹ ਵੀ ਦਿੱਤੀ ਕਿ ਉਹ ਸਾਹਿਤ ਦੇ ਗਹਿਰ ਗੰਭੀਰ ਅਧਿਐਨ ਦੇ ਨਾਲ ਨਾਲ ਪਿੰਗਲ ਅਤੇ ਅਰੂਜ਼ 'ਚ ਵੀ ਮੁਹਾਰਤ ਜ਼ਰੂਰ ਹਾਸਲ ਕਰਨ।



ਲੱਗਭੱਗ ਚਾਰ ਕੁ ਘੰਟੇ ਚੱਲੇ ਇਸ ਸਾਹਿਤਕ ਸਮਾਗਮ ਵਿਚ ਸਰਵ ਸ੍ਰੀ ਹਰਦਿਆਲ ਸਿੰਘ ਚੀਮਾ, ਸ਼ੰਗਾਰਾ ਸਿੰਘ ਸਿੱਧੂ, ਡਾ. ਜੇ. ਬੀ. ਸਿੰਘ, ਅਮਰਜੀਤ ਸਿੰਘ ਤ੍ਰਸਿੱਕਾ, ਸਾਧੂ ਸਿੰਘ ਝੱਜ, ਮਹਿੰਦਰ ਸਿੰਘ ਚੀਮਾ, ਭਾਈ ਰਘੁਬੀਰ ਸਿੰਘ ਜ਼ਖਮੀ ਅਤੇ ਬਲਿਹਾਰ ਲਹਿਰ ਤੋਂ ਇਲਾਵਾ ਕੁਝ ਸ਼ਾਇਰ ਬੀਬੀਆਂ ਨੇ ਵੀ ਸ਼ਮੂਲੀਅਤ ਕੀਤੀ, ਜਿਹਨਾਂ ਵਿਚ ਸਵਰਾਜ ਕੌਰ, ਮਨਜੀਤ ਕੌਰ ਗਿੱਲ, ਡਾ. ਜਸਬੀਰ ਕੌਰ ਅਤੇ ਦਲਜੀਤ ਕੌਰ ਚੀਮਾ ਸ਼ਾਮਲ ਸਨ। ਕਵੀਸ਼ਰੀ ਜਥੇ ਵਜੋਂ ਪੂਰੇ ਅਮਰੀਕਾ ਵਿਚ ਪ੍ਰਸਿੱਧੀ ਖੱਟਣ ਵਾਲੇ ਭਾਈ ਪ੍ਰਿਤਪਾਲ ਸਿੰਘ ਦੇ ਬੱਚਿਆਂ ਕਾਕਾ ਹਰਜੋਤ ਸਿੰਘ ਤੇ ਭਗੀਰਥ ਸਿੰਘ ਨੇ ਜੋਸ਼ੀਲੇ ਅੰਦਾਜ਼ ਵਿਚ ਕਵੀਸ਼ਰੀ ਵੀ ਗਾਈ। ਸ੍ਰੀ ਹਰਦਿਆਲ ਸਿੰਘ ਬਹਿਣੀਵਾਲ ਨੇ ਸਟੇਜ ਸੰਚਾਲਨ ਦੇ ਫਰਜ਼ ਬਾਖੂਬੀ ਨਿਭਾਏ। ਅਖੀਰ ਵਿਚ ਭਾਈ ਆਦਮਪੁਰੀ ਦੇ ਪਰਿਵਾਰ ਵੱਲੋਂ ਤਿਆਰ ਕੀਤੇ ਗਏ ਪ੍ਰੀਤੀ ਭੋਜਨ ਦਾ ਸਭ ਨੇ ਆਨੰਦ ਮਾਣਿਆ।

# ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਹੋਲਾ-ਮਹੱਲਾ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ



**ਫਰੀਮਾਂਟ (ਪ੍ਰਵਾਨਾ)–** ਗੁਰਦੁਆਰਾ ਸਾਹਿਬ ਫਰੀਮਾਂਟ 300 ਗੁਰੂਦੁਆਰਾ ਰੋਡ ਫਰੀਮਾਂਟ ਵਿਖੇ ਹਫਤਾਵਾਰੀ ਸਜਦੇ ਦੀਵਾਨੀ ਵਿਚ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਵਿਸ਼ੇਸ਼ ਤੌਰ 'ਤੇ ਹੋਲਾ-ਮਹੱਲਾ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਪ੍ਰਵਾਨਾ ਵੱਲੋਂ ਇਤਿਹਾਸ ਤੇ ਝਾਤ ਪੁਆਉਂਦਿਆਂ ਦੱਸਿਆ ਕਿ ਹੋਲਾ-ਮਹੱਲਾ ਸਿੱਖ ਇਤਿਹਾਸ ਦੇ ਸ਼ਾਨਾਮੱਤੇ ਗੌਰਵਮਈ ਵਿਲੱਖਣ ਵਿਰਸੇ ਸ਼ਕਤੀ ਅਤੇ ਅਣਖ ਦਾ ਪ੍ਰਤੀਕ ਹੈ। ਇਹ ਖਾਲਸਾਈ ਜਾਹੋ-ਜਲਾਲ ਅਤੇ ਚੜ੍ਹਦੀ ਕਲਾ ਦੀ ਹਾਮੀ ਭਰਦਾ ਹੈ। ਉਪਰੰਤ ਜਗਦੀਪ ਸਿੰਘ ਫਰੀਮਾਂਟ ਵੱਲੋਂ ਖਾਲਸੇ ਦੀਆਂ ਜੰਗਾਂ ਜਿੱਤਾਂ ਦੀ ਬੀਰ ਰਸੀ ਕਵਿਤਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਭਾਈ ਜਸਦੇਵ ਸਿੰਘ, ਭਾਈ ਕਮਲਜੀਤ ਸਿੰਘ ਅਟਵਾਲ, ਭਾਈ ਸੁਖਵੰਤ ਸਿੰਘ ਢਿੱਲੋਂ ਅਤੇ ਭਾਈ ਗੁਰਾ ਸਿੰਘ ਦਾ ਭਰਪੂਰ ਯੋਗਦਾਨ ਰਿਹਾ।

## ਲੇਖਕਾਂ/ਪੱਤਰਕਾਰ ਵੀਰਾਂ ਨੂੰ ਬੇਨਤੀ

'ਦੇਸ਼ ਦੁਆਬਾ' ਵਿਚ ਆਪਣੀਆਂ ਰਚਨਾਵਾਂ ਅਤੇ ਖਬਰਾਂ ਭੇਜਣ ਵਾਲੇ ਲੇਖਕ ਅਤੇ ਪੱਤਰਕਾਰ ਭਰਾ ਆਪਣੀ ਲਿਖਤ ਸਾਨੂੰ ਸਿਰਫ ਈ-ਮੇਲ ਰਾਹੀਂ ਹੀ ਭੇਜਣ, ਵਟਸਅਪ ਜਾਂ ਹੋਰ ਐਪ ਰਾਹੀਂ ਪ੍ਰਾਪਤ ਜਾਣਕਾਰੀ ਨੂੰ ਅਸੀਂ ਨਹੀਂ ਛਾਪ ਸਕਾਂਗੇ। ਜੇਕਰ ਕੋਈ ਰਚਨਾ ਛਪਣ ਤੋਂ ਰਹਿ ਜਾਂਦੀ ਹੈ ਤਾਂ ਸਾਨੂੰ ਯਾਦ ਕਰਵਾਇਆ ਜਾਵੇ ਤਾਂ ਜੋ ਅਗਲੇ ਅੰਕ ਵਿਚ ਅਸੀਂ ਉਸ ਰਚਨਾ ਨੂੰ ਪ੍ਰਕਾਸ਼ਿਤ ਕਰ ਸਕੀਏ। ਕਈ ਵਾਰ ਜਗ੍ਹਾ ਦੀ ਘਾਟ ਜਾਂ ਹੋਰ ਕਾਰਨਾਂ ਕਰਕੇ ਵੀ ਕੋਈ ਰਚਨਾ ਨਹੀਂ ਛਪਦੀ ਤਾਂ ਉਹ ਰਚਨਾ ਅਸੀਂ ਅਗਲੇਰੇ ਅੰਕਾਂ ਵਿਚ ਛਾਪਣ ਦੀ ਪੂਰੀ ਕੋਸ਼ਿਸ਼ ਕਰਾਂਗੇ।

–ਸੰਪਾਦਕ


## Matrimonial

Looking for a well-educated, beautiful, professionally qualified and family oriented girl for a very handsome tall 5fts, 10 inches August 1985 boy belonging to a S.C. respectable family USA CITIZEN, MASTER OF SCIENCE IN AEROSPACE working as civil engineer at a USA Airforce. Serious interested may contact on phone NO. 1-209-817-5127 WITH LATEST PHOTO AND BIODATA.


# ਸਾਬਕਾ ਖੇਤੀਬਾੜੀ ਮੰਤਰੀ ਗੁਰਦੇਵ ਬਾਦਲ ਦਾ ਦੇਹਾਂਤ



**ਫ਼ਰੀਦਕੋਟ–** ਫ਼ਰੀਦਕੋਟ ਦੇ ਵਸਨੀਕ ਤੇ ਪੰਜਾਬ ਦੇ ਸਾਬਕਾ ਖੇਤੀਬਾੜੀ ਮੰਤਰੀ ਅਤੇ ਸੱਤ ਵਾਰ ਵਿਧਾਇਕ ਰਹੇ ਗੁਰਦੇਵ ਸਿੰਘ ਬਾਦਲ ਦਾ ਲੰਬੀ ਬਿਮਾਰੀ ਮਗਰੋਂ ਅੱਜ ਦਇਆਨੰਦ ਮੈਡੀਕਲ ਕਾਲਜ ਤੇ ਹਸਪਤਾਲ ਲੁਧਿਆਣਾ ਵਿੱਚ ਦੇਹਾਂਤ ਹੋ ਗਿਆ। ਉਨ੍ਹਾਂ ਦਾ ਦੇਰ ਸ਼ਾਮ ਇੱਥੋਂ ਦੇ ਸ਼ਾਂਤੀਵਣ ਵਿੱਚ ਸਰਕਾਰੀ ਸਨਮਾਨਾਂ ਨਾਲ ਸਸਕਾਰ ਕਰ ਦਿੱਤਾ ਗਿਆ। ਗੁਰਦੇਵ ਸਿੰਘ ਬਾਦਲ ਅਕਾਲੀ ਦਲ ਦੇ ਸੀਨੀਅਰ ਆਗੂਆਂ ਵਿੱਚੋਂ ਸਨ ਅਤੇ ਉਹ 1967 ਤੋਂ ਲੈ ਕੇ 2002 ਤੱਕ ਅੱਠ ਵਾਰ ਵਿਧਾਇਕ ਚੁਣੇ ਗਏ। 1997 ਤੋਂ ਲੈ ਕੇ 2002 ਤੱਕ ਉਹ ਪੰਜਾਬ ਦੇ ਖੇਤੀਬਾੜੀ ਮੰਤਰੀ ਰਹੇ। ਗੁਰਦੇਵ ਸਿੰਘ ਬਾਦਲ ਨੇ 1989 ਵਿੱਚ ਬਠਿੰਡਾ ਲੋਕ ਸਭਾ ਹਲਕੇ ਤੋਂ ਚੋਣ ਲੜੀ ਪਰ ਉਹ ਚੋਣ ਹਾਰ ਗਏ ਸਨ। ਇੱਕ ਢਾਡੀ ਤੋਂ ਆਪਣਾ ਜੀਵਨ ਸਫ਼ਰ ਸ਼ੁਰੂ ਕਰਨ ਵਾਲੇ ਗੁਰਦੇਵ ਸਿੰਘ ਬਾਦਲ ਦੇ ਦੇਹਾਂਤ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਸ਼ੋਕ ਸੰਦੇਸ਼ ਵਿੱਚ ਸਾਬਕਾ ਮੰਤਰੀ ਦੀ ਮੌਤ 'ਤੇ ਦੁੱਖ ਜ਼ਾਹਿਰ ਕਰਦਿਆਂ ਕਿਹਾ ਕਿ ਨੇ ਸਮਰਪਣ ਭਾਵਨਾ ਨਾਲ ਸੂਬੇ ਖਾਸ ਕਰ ਕੇ ਸਮਾਜ ਦੇ ਕਮਜ਼ੋਰ ਤਬਕਿਆਂ ਦੀ ਭਲਾਈ ਲਈ ਸੇਵਾ ਕੀਤੀ।

# ਪੱਤਰਕਾਰ ਕੁਲਦੀਪ ਚੰਦ ਯੂਨਾਇਟਿਡ ਨੇਸ਼ਨਜ਼ ਪਾਪੂਲੇਸ਼ਨ ਫੰਡ ਅਤੇ ਪਾਪੂਲੇਸ਼ਨ ਫਸਟ ਵਲੋਂ ਲਾਡਲੀ ਮੀਡੀਆ ਐਵਾਰਡ ਨਾਲ ਸਨਮਾਨਿਤ

**ਹੁਸ਼ਿਆਰਪੁਰ–** ਯੂਨਾਇਟਡ ਨੇਸ਼ਨਜ਼ ਪਾਪੂਲੇਸ਼ਨ ਫੰਡ ਅਤੇ ਪਾਪੂਲੇਸ਼ਨ ਫਸਟ ਵਲੋਂ ਸਮਾਜਿਕ ਮੁੱਦਿਆਂ ਵਿਸ਼ੇਸ ਤੌਰ ਤੇ ਮਹਿਲਾਵਾਂ ਦੇ ਮੁੱਦਿਆਂ ਤੇ ਲਿਖਣ ਵਾਲੇ ਪੱਤਰਕਾਰਾਂ ਨੂੰ ਸਨਮਾਨਿਤ ਕਰਨ ਲਈ ਦਿੱਲੀ ਵਿੱਚ ਕਰਵਾਏ ਗਏ ਇੱਕ ਸਮਾਰੋਹ ਵਿੱਚ ਪੰਜਾਬ ਤੋਂ ਇੱਕਲੇ ਪੱਤਰਕਾਰ ਕੁਲਦੀਪ ਚੰਦ ਨੂੰ ਸਨਮਾਨਿਤ ਕੀਤਾ ਗਿਆ ਜੋ ਕਿ ਸਮੂਹ ਪੰਜਾਬ ਵਾਸੀਆਂ ਅਤੇ ਪੰਜਾਬ ਵਿੱਚ ਕੰਮ ਕਰਨ ਵਾਲੇ ਪੱਤਰਕਾਰਾਂ ਲਈ ਮਾਣ ਸਨਮਾਨ ਵਾਲੀ ਗੱਲ ਹੈ। ਇਸ ਮੌਕੇ ਉੱਤਰ ਪੂਰਬੀ ਭਾਗ ਅਤੇ ਉੱਤਰੀ ਭਾਰਤ ਦੇ ਸੂਬਿੱਆਂ ਵਿੱਚੋਂ ਵੰਦਨਾ, ਸ਼੍ਰੇਆ ਇਲਾ ਅਨੁਸੂਇਆ, ਅਨਿਮਾ ਪੀ, ਰਾਹਿਬਾ ਰਸ਼ੀਦ, ਜਸਮਿਨ ਲਵਲੀ ਜਾਰਜ਼, ਰੀਤਿਕਾ ਚੋਪੜਾ, ਸੋਨਾਲੀ ਜੈਨ, ਚਿਤਰਗਾਂਡਾ ਚੌਧਰੀ, ਆਗਾਮੋਨੀ ਬਾਰਬੂਰਾਹ, ਅਵਦੂਲ ਗਨੀ, ਅਨਵੇਸਾ ਅੰਵੈਲੀ, ਕੁੰਜਿਲਾ ਮਾਸਕੀਲਮਨੀ, ਤਜ਼ੀਨ ਕੂਰੈਸ਼ੀ, ਗਰਿਮਾ ਪੰਕਜ਼, ਸਿੰਧੂ ਵਾਸਿਨੀ, ਪੂਨਮ ਪਾਂਡੇ, ਸਚਿਨ ਕੁਮਾਰ ਜੈਨ, ਪੂਰਨਿਮਾ ਸ਼ਰਮਾ, ਦਿਵਾਂਸ਼ੂ ਮਨੀ ਤਿਵਾੜੀ, ਸਮਿਰਤਿ ਅਦਿਤਿਆ, ਪ੍ਰਿਅੰਕਾ ਕੌਸ਼ਲ, ਦਿਵਿਆ ਆਰਿਆ, ਡਾਕਟਰ ਦੇਵ ਕੰਨਿਆ ਠਾਕੁਰ, ਡਾਕਟਰ ਸਈਅਦ ਮੁਵੀਨ ਜ਼ਾਹਿਰਾ, ਮੋਹੰਮਦ ਤਾਰਿਕ ਜ਼ਾਰਗਰ, ਕੁਲਦੀਪ ਚੰਦ, ਅਨੁਵੇਸਾ ਬੈਨਰਜ਼ੀ, ਮੋਸਮੀ ਮੋਹਾਂਤੀ, ਸੁਪ੍ਰੀਆ ਦਾਸ਼, ਨਵਾ ਕਿਸ਼ੋਰ ਪੁਜਾਰੀ, ਆਖੰਡ, ਅਨੁਪਮ ਕੁਮਾਰੀ, ਪੁਸ਼ਿਆ ਮਿਤਰਾ ਨੂੰ ਸਨਮਾਨਿਤ ਕੀਤਾ ਗਿਆ। ਇਸ ਮੋਕੇ ਪਾਪੂਲੇਸਨ ਫਸਟ ਦੀ ਡਾਇਰੈਕਟਰ ਡਾਕਟਰ ਏ ਐਲ ਸ਼ਾਰਧਾ ਨੇ ਦੱਸਿਆ ਕਿ ਪਿਛਲੇ 08 ਸਾਲਾਂ ਤੋਂ ਹਰ ਸਾਲ ਇਹ ਸਨਮਾਨ ਸਮਾਰੋਹ ਆਯੋਜਿਤ ਕੀਤਾ ਜਾਂਦਾ ਹੈ ਜਿਸ ਵਿੱਚ ਮਹਿਲਾਵਾਂ ਦੇ ਮੁਦਿੱਆਂ ਤੇ ਲਿਖਣ ਵਾਲੇ ਅਤੇ ਇਲੈਕਟ੍ਰਾਨਿਕ



ਮੀਡੀਆ ਵਿੱਚ ਇਨ੍ਹਾਂ ਮੁਦਿੱਆਂ ਨੂੰ ਵਿਸ਼ੇਸ ਥਾਂ ਦੇਣ ਵਾਲੇ ਪੱਤਰਕਾਰਾਂ ਦੀ ਚੋਣ ਕੀਤੀ ਜਾਂਦੀ ਹੈ ਅਤੇ ਸਨਮਾਨਿਤ ਕੀਤਾ ਜਾਂਦਾ ਹੈ। ਕਲਰਜ਼ ਵਾਇਆਕਾਮ 18, ਦਾ ਟੈਲੀਗ੍ਰਾਫ ਦੀ ਸਹਾਇਤਾ ਨਾਲ ਕਰਵਾਏ ਗਏ ਸਾਲ 2015-2016 ਲਈ ਸਨਮਾਨ ਸਮਾਰੋਹ ਵਾਸਤੇ ਉੱਤਰ ਪੂਰਬੀ ਭਾਗ ਅਤੇ ਉੱਤਰੀ ਭਾਰਤ ਦੇ ਵੱਖ ਵੱਖ ਸੂਬਿਆਂ ਅਤੇ ਵੱਖ ਵੱਖ ਭਾਸ਼ਾਵਾਂ ਨਾਲ ਜੁੜੇ ਕੁੱਲ 638 ਪੱਤਰਕਾਰਾਂ ਨੇ ਅਪਲਾਈ ਕੀਤਾ ਸੀ ਜਿਨ੍ਹਾਂ ਵਿੱਚੋਂ ਚੋਣ ਕਮੇਟੀ ਵਲੋਂ ਸਿਰਫ 35 ਪੱਤਰਕਾਰਾਂ ਦੀ ਹੀ ਚੋਣ ਕੀਤੀ ਗਈ ਹੈ। ਇਨ੍ਹਾਂ 35 ਪੱਤਰਕਾਰਾਂ ਵਿੱਚੋਂ 15 ਅੰਗਰੇਜ਼ੀ ਭਾਸ਼ਾ ਵਿੱਚ ਲਿਖਣ ਅਤੇ ਚੈਨਲਾਂ ਤੇ ਕੰਮ ਕਰਨ ਵਾਲੇ, 12 ਹਿੰਦੀ ਵਿੱਚ ਕੰਮ ਕਰਲ ਅਤੇ ਲਿਖਣ ਵਾਲੇ, 02 ਉਰਦੂ ਵਿੱਚ ਲਿਖਣ ਅਤੇ ਕੰਮ ਕਰਨ ਵਾਲੇ, 04 ਉੜੀਆ ਵਾਲੇ, 01 ਬੰਗਾਲੀ ਭਾਸ਼ਾ ਅਤੇ 01 ਪੰਜਾਬੀ ਭਾਸ਼ਾ ਵਿੱਚ ਲਿਖਣ ਅਤੇ ਕੰਮ ਕਰਲ ਵਾਲੇ ਪੱਤਰਕਾਰਾਂ ਦੀ ਚੋਣ ਕੀਤੀ ਗਈ ਹੈ। ਵਰਣਨਯੋਗ ਹੈ ਕਿ ਉਤੱਰੀ ਭਾਰਤ ਵਿੱਚੋਂ ਵੱਖ ਵੱਖ 05 ਭਾਸ਼ਾਵਾਂ ਅੰਗ੍ਰੇਜ਼ੀ, ਹਿੰਦੀ, ਉਰਦੂ, ਪੰਜਾਬੀ, ਅਤੇ ਛਤੀਸਗੜੀ ਲਈ ਕੁੱਲ 533 ਪੱਤਰਕਾਰਾਂ ਨੇ ਇਸ ਐਵਾਰਡ ਲਈ ਅਪਲਾਈ ਕੀਤਾ ਸੀ ਜਿਨ੍ਹਾਂ ਵਿੱਚੋਂ 22 ਦੀ ਚੋਣ ਕੀਤੀ ਗਈ। ਪੂਰਬੀ ਭਾਗਾਂ ਤੋਂ ਵੱਖ ਵੱਖ ਭਾਸਾਵਾਂ ਅੰਗ੍ਰੇਜ਼ੀ, ਹਿੰਦੀ, ਉਰਦੂ, ਉੜੀਆ, ਬੰਗਾਲੀ ਅਤੇ ਅਸਾਮੀ ਦੇ ਕੁੱਲ 105 ਪੱਤਰਕਾਰਾਂ ਨੇ ਇਸ ਐਵਾਰਡ ਲਈ ਅਪਲਾਈ ਕੀਤਾ ਸੀ ਜਿਨ੍ਹਾਂ ਵਿੱਚੋਂ 13 ਪੱਤਰਕਾਰਾਂ ਦੀ ਚੋਣ ਕੀਤੀ ਗਈ। ਇਸ ਸਨਮਾਨ ਸਮਾਰੋਹ ਵਿੱਚ ਯੁਨਾਇਟਡ ਨੇਸ਼ਨਜ਼ ਪਾਪੂਲੇਸ਼ਨ ਫੰਡ ਦੇ ਭਾਰਤ ਦੇ ਪ੍ਰਤੀਨਿਧੀ ਡਿਆਗੋ ਪਾਲਾਸੀਅਸ, ਡਾਕਟਰ ਸਈਦਾ ਹਾਮੀਦ ਮੈਂਬਰ ਰਾਸ਼ਟਰੀ ਯੋਜਨਾ ਆਯੋਗ, ਐਸ ਵੀ ਸਿਸਟਾ ਫਾਂਉਡਰ ਪਾਪੂਲੇਸ਼ਨ ਫਸਟ, ਡਾਕਟਰ ਇਸ਼ਮਿਤ ਨਾਗਪਾਲ, ਆਦਿ ਵਿਸ਼ੇਸ ਤੋਰ ਤੇ ਹਾਜ਼ਰ ਸਨ ਅਤੇ ਸਮੂਹ ਵਿਜੇਤਾਵਾਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਮੈਡਮ ਪੰਡਿਤ ਅਨੁਰਾਧਾ ਪਾਲ ਤਬਲਾਵਾਦਕ ਅਤੇ ਗੋਰੀ ਬੈਨਰਜ਼ੀ ਸਾਰੰਗੀ ਮਾਸਟਰ ਨੇ ਤਬਲਾ ਜੁਗਲਬੰਦੀ ਦੁਆਰਾ ਆਏ ਮਹਿਮਾਨਾਂ ਦਾ ਮੰਨੋਰਜੰਨ ਕੀਤਾ।

**-ਕੁਲਦੀਪ ਚੰਦ**
**(91-94175-63054)**

# ਭਗਤ ਸਿੰਘ ਬਿਲਗਾ ਜਨਮ ਦਿਵਸ ਸਮਾਗਮ 1 ਅਪ੍ਰੈਲ ਨੂੰ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਬਾਬਾ ਭਗਤ ਸਿੰਘ ਬਿਲਗਾ ਦੇ 110ਵੇਂ ਜਨਮ ਦਿਹਾੜੇ ਮੌਕੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ 1 ਅਪ੍ਰੈਲ ਬਾਅਦ ਦੁਪਹਿਰ 2 ਵਜੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਸਮਾਗਮ ਕੀਤਾ ਜਾਏਗਾ।



ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਾਬਾ ਭਗਤ ਸਿੰਘ ਬਿਲਗਾ ਦੇ ਜੀਵਨ ਅਤੇ ਉਹਨਾਂ ਦੇ ਯੋਗਦਾਨ ਬਾਰੇ ਇਸ ਸਮਾਗਮ 'ਚ ਗੰਭੀਰ ਵਿਚਾਰਾਂ ਕੀਤੀਆਂ ਜਾਣਗੀਆਂ।

ਜ਼ਿਕਰਯੋਗ ਹੈ ਕਿ ਬਾਬਾ ਭਗਤ ਸਿੰਘ ਬਿਲਗਾ ਨੇ ਗ਼ਦਰੀ ਸੰਗਰਾਮੀਆਂ ਨਾਲ ਆਜ਼ਾਦੀ ਜੱਦੋ ਜਹਿਦ ਵਿੱਚ ਭਰਵਾਂ ਯੋਗਦਾਨ ਪਾਉਣ ਲਈ ਦੇਸ਼ ਵਿਦੇਸ਼ ਵਿੱਚ ਸਰਗਰਮੀ ਨਾਲ ਕੰਮ ਕੀਤਾ। ਉਹਨਾਂ ਨੇ 'ਅਣਫੋਲੇ ਵਰਕੇ', 'ਮੇਰਾ ਵਤਨ', 'ਬਾਬਾ ਗੁਰਮੁੱਖ ਸਿੰਘ ਲਲਤੋਂ", 'ਮੇਰੀ ਸਮਝ ਮੇਰੀ ਸੋਚ' ਵਰਗੀਆਂ ਕਈ ਪੁਸਤਕਾਂ ਦੀ ਰਚਨਾ ਵੀ ਕੀਤੀ। ਉਹ ਲੰਮਾ ਸਮਾਂ ਦੇਸ਼ ਭਗਤ ਯਾਦਗਾਰ ਹਾਲ ਦੀ ਰਹਿਨੁਮਾਈ ਕਰਦੇ ਰਹੇ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਜੱਥੇਬੰਦੀਆਂ, ਦੇਸ਼ ਭਗਤਾਂ ਅਤੇ ਲੇਖਕਾਂ ਨੂੰ ਸਮਾਗਮ 'ਚ ਸ਼ਿਰਕਤ ਕਰਨ ਦੀ ਜ਼ੋਰਦਾਰ ਅਪੀਲ ਕੀਤੀ ਹੈ।

# ਨਾਟਕ "ਕਿਸਾਨ ਖੁਦਕਸ਼ੀ ਦੇ ਮੋੜ 'ਤੇ" 8 ਅਪ੍ਰੈਲ ਨੂੰ ਸਟਾਕਟਨ ਵਿੱਚ

**ਸਟਾਕਟਨ–** ਪੰਜਾਬ ਆਰਟਸ ਐਂਡ ਕਲਚਰ ਪ੍ਰੋਮੋਸ਼ਨਜ਼ ਸਟਾਕਟਨ ਦੇ ਉੱਦਮ ਨਾਲ ਡਾਇਰੈਕਟਰ ਅਸ਼ੋਕ ਟਾਂਗਰੀ ਦੁਆਰਾ ਨਿਰਦੇਸ਼ਤ ਨਾਟਕ "ਕਿਸਾਨ ਖੁਦਕਸ਼ੀ ਦੇ ਮੋੜ 'ਤੇ'' 8 ਅਪ੍ਰੈਲ ਦਿਨ ਸ਼ਨੀਵਾਰ ਸ਼ਾਮ ਦੇ 7 ਵਜੇ ਯੂਨੀਵਰਸਿਟੀ ਆਫ ਪੈਸੀਫਿਕ ਸਟਾਕਟਨ ਦੇ ''ਫੇ ਸਪੈਨੋਜ਼ ਕੰਸਰਟ ਹਾਲ'' ਵਿੱਚ ਖੇਡਿਆ ਜਾਵੇਗਾ। ਖੁਦਕਸ਼ੀਆਂ ਕਰਨ ਲਈ ਮਜਬੂਰ ਕਿਸਾਨਾਂ ਦੀ ਤ੍ਰਾਸਦੀ ਉੱਤੇ ਅਧਾਰਿਤ ਲੇਖਕ ਕੁਲਦੀਪ ਸਿੰਘ ਦੀਪ ਦਾ ਲਿਖਿਆ ਇਹ ਬਹੁਚਰਚਿਤ ਨਾਟਕ ਬੀਤੇ ਸਾਲ ਇਸੇ ਟੀਮ ਵਲੋਂ ਬੇ ਏਰੀਏ ਵਿੱਚ ਸਫਲਤਾ ਪੂਰਵਕ ਖੇਡਿਆ ਜਾ ਚੁੱਕਾ ਹੈ। ਪ੍ਰੋਡਿਊਸਰ ਤਾਰਾ ਸਿੰਘ ਸਾਗਰ ਦੀ ਇਸ ਸ਼ਾਹਕਾਰ ਪੇਸ਼ਕਸ਼ ਵਿੱਚ ਜਸਵੰਤ ਸਿੰਘ ਸ਼ਾਦ, ਡਿੰਪਲ ਬੈਂਸ ਅਤੇ ਅਸ਼ੋਕ ਟਾਂਗਰੀ ਨਾਟਕ ਦੇ ਮੁਖ ਪਾਤਰਾਂ ਵਜੋਂ ਪੇਸ਼ ਹੋਣਗੇ। ਗੇਟ 6 ਵਜੇ ਖੁੱਲਣਗੇ, ਟਿਕਟਾਂ 10 ਡਾਲਰ, 20 ਡਾਲਰ ਅਤੇ ਵੀ ਆਈ ਪੀ । ਹੋਰ ਜਾਣਕਾਰੀ ਜਾਂ ਟਿਕਟਾਂ ਲਈ ਜਸਵਿੰਦਰ ਸਿੰਘ ਸੰਧੂ ਨਾਲ 209 -639 - 2100 ਜਾਂ ਅਵਤਾਰ ਲਾਖਾ ਨਾਲ 209 -200 - 0818 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।




# ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਸ਼ਰਧਾਂਜਲੀ

**(ਸਫਾ 1 ਦੀ ਬਾਕੀ)**

ਸਮਾਗਮ ਦੌਰਾਨ ਸੰਬੋਧਨ ਕਰਦਿਆਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਸ਼ਹੀਦਾਂ ਨੂੰ ਭੁੱਲਣ ਵਾਲੀਆਂ ਕੌਮਾਂ ਕਦੇ ਤਰੱਕੀ ਨਹੀਂ ਕਰ ਸਕਦੀਆਂ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ 'ਤੇ ਵਿਸ਼ਵਾਸ ਪ੍ਰਗਟਾਇਆ ਹੈ ਤੇ ਉਹ ਇਸ ਮੁਕੱਦਸ ਦਿਹਾੜੇ 'ਤੇ ਲੋਕਾਂ ਨੂੰ ਵਿਸ਼ਵਾਸ ਦਿਵਾਉਂਦੇ ਹਨ ਕਿ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਅਤੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉੱਤਰਨ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ਹੀਦੀ ਸਮਾਰਕ ਹੁਸੈਨੀਵਾਲਾ ਦੇ ਸੁੰਦਰੀਕਰਨ ਅਤੇ ਇਸ ਦੇ ਵਿਕਾਸ 'ਤੇ 4 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਦੇਸ਼ ਦੇ ਕੌਮੀ ਸ਼ਹੀਦਾਂ ਦੀ ਯਾਦ ਵਿੱਚ 13 ਅਪਰੈਲ ਨੂੰ ਵਿਸਾਖੀ ਵਾਲੇ ਦਿਨ ਜ਼ਲ੍ਹਿਆਂ ਵਾਲਾ ਬਾਗ਼ (ਅੰਮ੍ਰਿਤਸਰ) ਵਿਖੇ ਸੂਬਾ ਪੱਧਰੀ ਸਮਾਗਮ ਕਰਾਇਆ ਜਾਵੇਗਾ।

ਸ੍ਰੀ ਬਾਦਲ ਨੇ ਕਿਹਾ ਕਿ ਸੂਬੇ ਦੇ ਸਰਹੱਦੀ ਖੇਤਰ ਦੇ ਲੋਕਾਂ ਨੇ ਦੇਸ਼ ਦੇ ਆਜ਼ਾਦੀ ਸੰਗਰਾਮ ਤੋਂ ਲੈ ਕੇ ਹੁਣ ਤੱਕ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕੀਤਾ ਹੈ। ਉਨ੍ਹਾਂ ਐਲਾਨ ਕੀਤਾ ਕਿ ਸਰਹੱਦੀ ਖੇਤਰ ਦੇ ਵਿਕਾਸ ਅਤੇ ਰੁਜ਼ਗਾਰ ਦੇ ਮੱਦੇਨਜ਼ਰ ਵੱਡੀ ਪੱਧਰ 'ਤੇ ਉਦਯੋਗਾਂ ਦੀ ਸਥਾਪਨਾ ਕੀਤੀ ਜਾਵੇਗੀ। ਫ਼ਿਰੋਜ਼ਪੁਰ (ਸ਼ਹਿਰੀ) ਹਲਕੇ ਦੇ ਵਿਧਾਇਕ ਪਰਮਿੰਦਰ ਸਿੰਘ ਪਿੰਕੀ ਨੇ ਸ਼ਰਧਾਂਜਲੀ ਭੇਟ ਕਰਦਿਆਂ ਵਿੱਤ ਮੰਤਰੀ ਨੂੰ ਸਰਹੱਦੀ ਖੇਤਰ ਦੇ ਲੋਕਾਂ ਦੀਆਂ ਮੁਸ਼ਕਿਲਾਂ ਤੋਂ ਜਾਣੂ ਕਰਵਾਇਆ। ਇਸ ਮੌਕੇ ਕੌਮੀ ਸ਼ਹੀਦਾਂKਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ। ਇਸ ਦੌਰਾਨ ਫ਼ਾਜ਼ਿਲਕਾ ਦੇ ਐਸਐਸਪੀ ਡਾ. ਕੇਤਿਨ ਬਾਲੀ ਰਾਮ ਪਾਟਿਲ ਦੀ ਅਗਵਾਈ ਹੇਠ 1400 ਨੌਜਵਾਨਾਂ ਦੀ ਸਾਈਕਲ ਰੈਲੀ ਰਾਹੀਂ ਹੁਸੈਨੀਵਾਲਾ ਵਿੱਚ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ।

# ਵਿਰਾਸਤ ਵਿਚ ਮਿਲੇ ਕਰਜ਼ਿਆਂ ਦੀ ਦਲਦਲ ਵਿਚ ਧਸਿਆ ਪੰਜਾਬ

**(ਪਹਿਲੇ ਸਫੇ ਦੀ ਬਾਕੀ)**

ਅਹੁਦਿਆਂ ਉਪਰ ਸੁਸ਼ੋਭਿਤ ਸਾਰੇ ਵਿਅਕਤੀਆਂ ਨੂੰ ਲਿਆਂਦਾ ਜਾਵੇਗਾ । ਉਨ੍ਹਾਂ ਇਹ ਵੀ ਦੱਸਿਆ ਕਿ ਪ੍ਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ ਦੀ ਸੁਰੱਖਿਆ ਲਈ ਇਕ ਵਿਸ਼ੇਸ਼ ਐਕਟ ਬਣਾਇਆ ਜਾਵੇਗਾ ਅਤੇ ਕੇਬਲ ਟੀ.ਵੀ. ਨੈੱਟਵਰਕ 'ਤੇ ਕਿਸੇ ਵੀ ਪ੍ਰਕਾਰ ਦਾ ਕਬਜ਼ਾ ਅਤੇ ਗੁੱਟਬੰਦੀ ਨੂੰ ਖ਼ਤਮ ਕਰਨ ਲਈ ਨਵਾਂ ਕੇਬਲ ਅਥਾਰਟੀ ਐਕਟ ਵੀ ਬਣਾਇਆ ਜਾਵੇਗਾ । ਉਨ੍ਹਾਂ ਕਿਹਾ ਕਿ ਰਾਜ ਸਰਕਾਰ 'ਦਾ ਕਨਫਲੀਟ ਆਫ਼ ਇਨਟਰਸਟ' ਐਕਟ ਬਣਾ ਕੇ ਇਸ ਗੱਲ ਨੂੰ ਯਕੀਨੀ ਬਣਾਏਗੀ ਕਿ ਕੋਈ ਵਿਧਾਇਕ ਜਾਂ ਮੰਤਰੀ ਕਿਸੇ ਅਜਿਹੇ ਕਾਰੋਬਾਰ ਜਾਂ ਵਿੱਤੀ ਲਾਭਾਂ ਵਿਚ ਸ਼ਾਮਿਲ ਨਾ ਹੋ ਸਕੇ ਅਤੇ ਜੇ ਸ਼ਾਮਿਲ ਪਾਇਆ ਜਾਵੇ ਤਾਂ ਉਸ ਨੂੰ ਅਹੁਦੇ ਤੋਂ ਬਰਤਰਫ਼ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਰਾਜ ਸਰਕਾਰ ਆਪਣੇ ਵਿਧਾਇਕਾਂ ਅਤੇ ਮੰਤਰੀਆਂ ਲਈ ਪਹਿਲੀ ਜਨਵਰੀ ਨੂੰ ਆਪਣੀਆਂ ਅਚੱਲ ਸੰਪਤੀਆਂ ਦੇ ਵੇਰਵੇ ਦੇਣ ਨੂੰ ਵੀ ਲਾਜ਼ਮੀ ਬਣਾ ਰਹੀ ਹੈ ਅਤੇ ਇਸ ਸਬੰਧੀ ਐਲਾਨ ਜੁਲਾਈ 2017 ਤੋਂ ਪਹਿਲਾਂ ਕਰ ਦਿੱਤਾ ਜਾਵੇਗਾ । ਰਾਜਪਾਲ ਨੇ ਆਪਣੇ ਭਾਸ਼ਣ 'ਚ ਦੱਸਿਆ ਕਿ ਸਰਕਾਰ ਪੰਜਾਬ ਰਾਜ ਖੇਤੀਬਾੜੀ ਬੀਮਾ ਕਾਰਪੋਰੇਸ਼ਨ ਦੀ ਸਥਾਪਨਾ ਵੀ ਕਰਨ ਜਾ ਰਹੀ ਹੈ, ਤਾਂ ਜੋ ਖੇਤੀਬਾੜੀ ਖੇਤਰ ਵਿਚ ਬੀਮਾ ਸਕੀਮਾਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ । ਰਾਜਪਾਲ ਦੇ ਭਾਸ਼ਣ 'ਚ ਪਿਛਲੀ ਅਕਾਲੀ-ਭਾਜਪਾ ਸਰਕਾਰ 'ਤੇ ਦੋਸ਼ ਲਗਾਇਆ ਗਿਆ ਕਿ ਉਸ ਵੱਲੋਂ ਰਾਜ ਦੇ ਦਰਿਆਈ ਪਾਣੀਆਂ ਦੇ ਮਾਮਲੇ ਵਿਚ ਸੂਬੇ ਨੂੰ ਨਿਆਂ ਦਿਵਾਉਣ ਲਈ ਲੋੜੀਂਦੀ ਚਾਰਾਜੋਰੀ ਨਹੀਂ ਕੀਤੀ, ਪ੍ਰੰਤੂ ਮੌਜੂਦਾ ਸਰਕਾਰ ਇਸ ਸਬੰਧੀ ਰਾਜ ਨੂੰ ਇਨਸਾਫ਼ ਦਿਵਾਉਣ ਲਈ ਕਿਸੇ ਤਰ੍ਹਾਂ ਦੀ ਕੋਈ ਕਸਰ ਨਹੀਂ ਛੱਡੇਗੀ। ਰਾਜਪਾਲ ਦੇ ਭਾਸ਼ਣ ਵਿਚ ਦੱਸਿਆ ਕਿ ਸਾਬਕਾ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਵੱਲੋਂ ਸਥਾਪਤ ਕਰਵਾਈ ਗਈ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਸ ਅਕਾਦਮੀ ਵਾਂਗ ਮਾਲਵਾ, ਮਾਝਾ ਅਤੇ ਦੁਆਬਾ ਖੇਤਰਾਂ 'ਚ ਵੀ ਅਜਿਹੀਆਂ 3 ਅਕਾਦਮੀਆਂ ਸਥਾਪਿਤ ਕੀਤੀਆਂ ਜਾਣਗੀਆਂ ਅਤੇ ਮਾਲਵਾ ਅਤੇ ਮਾਝਾ ਦੇ ਖੇਤਰ 'ਚ ਕਪੂਰਥਲਾ ਸੈਨਿਕ ਸਕੂਲ ਵਾਂਗ 2 ਹੋਰ ਸੈਨਿਕ ਸਕੂਲ ਵੀ ਸਥਾਪਿਤ ਕੀਤੇ ਜਾਣਗੇ । ਦਿੱਲੀ ਵਿਖੇ 'ਆਪ' ਸਰਕਾਰ ਵੱਲੋਂ ਸਥਾਪਤ ਮੁਹੱਲਾ ਕਲੀਨਿਕ ਦੀ ਤਰਜ਼ 'ਤੇ ਰਾਜਪਾਲ ਦੇ ਭਾਸ਼ਣ ਵਿਚ ਹਰੇਕ 1 ਹਜ਼ਾਰ ਦੀ ਆਬਾਦੀ ਵਾਲੇ ਖੇਤਰ ਵਿਚ ਮੁਹੱਲਾ ਕਲੀਨਿਕ ਸਥਾਪਿਤ ਕਰਨ ਦਾ ਵੀ ਐਲਾਨ ਕੀਤਾ ਗਿਆ । ਰਾਜਪਾਲ ਦੇ ਭਾਸ਼ਣ ਵਿਚ ਸੁਤੰਤਰਤਾ ਸੈਲਾਨੀਆਂ ਨੂੰ ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ, ਉਨ੍ਹਾਂ ਦੇ ਪਰਿਵਾਰਾਂ ਨੂੰ ਤਰਜੀਹ 'ਤੇ ਟਿਊਬਵੈਲ ਕੁਨੈਕਸ਼ਨ ਅਤੇ ਰਾਜ ਸ਼ਾਹ ਮਾਰਗਾਂ 'ਤੇ ਟੋਲ ਟੈਕਸਾਂ ਦੀ ਅਦਾਇਗੀ ਤੋਂ ਵੀ ਛੋਟ ਦਾ ਐਲਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰੀ, ਨਸ਼ੀਲੀਆਂ ਦਵਾਈਆਂ, ਜਨਤਕ ਜੀਵਨ 'ਚ ਭ੍ਰਿਸ਼ਟਾਚਾਰ, ਪ੍ਰਵਾਸੀ ਭਾਰਤੀਆਂ ਅਤੇ ਸੈਨਿਕਾਂ ਨਾਲ ਜੁੜੇ ਮਾਲਿਆਂ ਦੇ ਨਿਪਟਾਰੇ ਲਈ ਰਾਜ ਸਰਕਾਰ ਵਿਸ਼ੇਸ਼ ਅਦਾਲਤਾਂ ਸਥਾਪਤ ਕਰਨ ਦਾ ਵੀ ਵਿਚਾਰ ਰੱਖਦੀ ਹੈ।

# ਹੁਕਮੋ ਦੀ ਹਵੇਲੀ ਨਾਟਕ ਫਰਿਜਨੋ ਵਿਖੇ ਵੱਖਰੀ ਛਾਪ ਛੱਡ ਗਿਆ

**ਫਰਿਜਨੋ (ਕੈਲੇਫੋਰਨੀਆ) ਨੀਟਾ ਮਾਛੀਕੇ / ਕੁਲਵੰਤ ਧਾਲੀਆ)–** ਪੰਜਾਬ ਲੋਕ ਰੰਗ ਦੇ ਬੈਨਰ ਹੇਠ ਸੁਰਿੰਦਰ ਧਨੋਆ ਤੇ ਪਾਲੀ ਧਨੌਲਾ ਦੀ ਪੇਸ਼ਕਸ਼ ਪੰਜਾਬੀ ਨਾਟਕ ਹੁਕਮੋ ਦੀ ਹਵੇਲੀ ਲੰਘੇ ਐਤਵਾਰ ਫਰਿਜਨੋ ਦੇ ਵੈਟਰਨ ਮਮੋਰੀਅਲ ਹਾਲ ਵਿੱਚ ਖੇਡਿਆ ਗਿਆ। ਸਬ ਫਾਊਡੇਸ਼ਨ ਦੇ ਡਾ. ਹਰਮੇਸ਼ ਕੁਮਾਰ ਅਤੇ ਸੋਨੀਆਂ ਹੀਰ ਦੇ ਉੱਦਮ ਸਦਕਾ ਇਹ ਨਾਟਕ ਫਰਿਜਨੋ ਵਿੱਖੇ ਇੱਕ ਅਮਿੱਟ ਛਾਪ





ਛੱਡਦਾ ਯਾਦਗਾਰੀ ਹੋ ਨਿੱਬੜਿਆ। ਸੁਰਿੰਦਰ ਧਨੌਆ ਦਾ ਲਿਖਿਆ ਤੇ ਉਹਨਾ ਦੇ ਨਿਰਦੇਸ਼ਨ ਹੇਠ ਖੇਡੇ ਗਏ ਇਸ ਨਾਟਕ ਦੀ ਦਰਸ਼ਕਾਂ ਨੇ ਤਾੜੀਆਂ ਦੀ ਗੂੰਜ ਵਿੱਚ ਦਾਦ ਦਿੱਤੀ। ਇਸ ਨਾਟਕ ਵਿੱਚ 18 ਲੋਕਲ ਕਲਾਕਾਰਾਂ ਨੇ ਭਾਗ ਲਿਆ ਤੇ



ਆਪੋ ਆਪਣਾ ਕਿਰਦਾਰ ਬਾਖੂਬੀ ਨਿਭਾਇਆ। ਇਸ ਨਾਟਕ ਵਿੱਚ ਪੁਰਾਤਨ ਸੱਭਿਆਚਾਰ ਅਤੇ ਵਿਰਸੇ ਨੂੰ ਇੱਕ ਹਵੇਲੀ ਦੇ ਰੂਪ ਵਿੱਚ ਵਿਖਾਇਆ ਗਿਆ। ਇਸ ਮੌਕੇ ਪਿਛਲੇ ਦਿਨੀ ਫਰਿਜਨੋ ਦੇ ਟਰੱਕ ਡਰਾਈਵਰ ਗੁਰਦੀਪ ਸਿੰਘ ਵਿਰਕ ਦੀ ਮੌਤ ਤੇ ਦੁੱਖ ਪ੍ਰਗਟ ਕਰਦਿਆਂ ਇੱਕ ਮਿੱਟ ਦਾ ਮੌਨ ਧਾਰਨ ਕਰਕੇ ਸਵ. ਗੁਰਦੀਪ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਗਈ ਤੇ ਸੁਰਿੰਦਰ ਸਿੰਘ ਧਨੋਆ ਨੇ ਦੁੱਖੀ ਪਰਿਵਾਰ ਨੂੰ ਪੰਜ ਸੌ ਡਾਲਰ ਦਾ ਚੈਕ ਵੀ ਭੇਟ ਕੀਤਾ। ਇਸ ਮੌਕੇ ਸਵ. ਗੁਰਦੀਪ ਦੇ ਦੋਸਤ ਦਰਸ਼ਨ ਸਿੰਘ ਨੇ ਚੈਕ ਹਾਸਲ ਕੀਤਾ ਤੇ ਨਾਟਕ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ। ਅਖੀਰ ਨੂੰ ਅਮਿੱਟ ਪੈੜਾਂ ਛੱਡਦਾ ਇਹ ਨਾਟਕ ਯਾਦਗਾਰੀ ਹੋ ਨਿਬੜਿਆ।

# ਮੈਡੀਕਲ ਨਸ਼ਿਆਂ ਦੀ ਮਾਰ ਹੇਠ ਪੰਜਾਬ

ਹਾਲ ਹੀ ਵਿਚ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਦਿੱਲੀ ਨੇ ਇਕ ਰਿਪੋਰਟ ਪੰਜਾਬ ਦੇ ਨਸ਼ਿਆਂ ਬਾਰੇ ਪੇਸ਼ ਕੀਤੀ ਹੈ। ਇਸ ਰਿਪੋਰਟ ਮੁਤਾਬਕ ਪੰਜਾਬ ਵਿਚ ਕੈਮਿਸਟਾਂ ਦੀਆਂ ਦੁਕਾਨਾਂ ਤੋਂ ਹਰ ਸਾਲ ਪੌਣੇ ਚਾਰ ਸੌ ਕਰੋੜ ਰੁਪਏ ਦੀਆਂ ਨਸ਼ੇ ਦੀਆਂ ਦਵਾਈਆਂ ਦੀ ਵਿੱਕਰੀ ਹੋ ਰਹੀ ਹੈ। ਇਹ ਧੰਦਾ ਕੁੱਲ ਦਵਾਈਆਂ ਦੀ ਵਿੱਕਰੀ ਦਾ 14 ਫੀਸਦੀ ਹੈ। ਏਮਜ਼ ਦੀ ਰਿਪੋਰਟ ਮੁਤਾਬਕ ਪੰਜਾਬ ਵਿਚ ਨਸ਼ੇ ਦੇ ਸ਼ਿਕਾਰ ਲੋਕੀ ਦਵਾਈਆਂ ਦੀਆਂ ਦੁਕਾਨਾਂ ਤੋਂ ਨਸ਼ੀਲੀਆਂ ਦਵਾਈਆਂ ਖਰੀਦਦੇ ਹਨ ਅਤੇ ਵਰਤਦੇ ਹਨ। ਡਾਕਟਰਾਂ ਦੀ ਪਰਚੀ ਦੇ ਨਾਂ ਤੇ ਵੀ ਕੈਮਿਸਟਾਂ ਨੂੰ ਬੁੱਧੂ ਬਣਾ ਜਾਂਦੇ ਹਨ ਅਤੇ ਕਈ ਵਾਰ ਤਾਂ ਕੈਮਿਸਟ ਹੀ ਨਸ਼ੇੜੀਆਂ ਨਾਲ ਮਿਲ ਜਾਂਦੇ ਹਨ। ਪੰਜਾਬ ਵਿਚ ਨਸ਼ੇ ਕਰਨ ਵਾਲੇ ਜ਼ਿਆਦਾਤਰ 18 ਤੋਂ 35 ਸਾਲ ਦੇ ਨੌਜਵਾਨ ਹਨ। ਇਹਨਾਂ ਵਿਚੋਂ 54 ਫੀਸਦੀ ਪੁਰਸ਼ ਵਿਆਹੇ-ਵਰ੍ਹੇ ਹਨ। ਕੈਮਿਸਟਾਂ ਤੋਂ ਨਸ਼ਾ ਕਰਨ ਲਈ ਵਧੇਰੇ ਕਰਕੇ ਕੁਡੀਨ, ਲੋਮੋਟਿਲ, ਬੁਪਰੋ ਨੌਰਫਿਨ, ਫੋਰਟਵਿਨ ਆਦਿ ਖਰੀਦੀ ਜਾਂਦੀ ਹੈ। ਜ਼ਿਆਦਾਤਰ ਦਵਾਈਆਂ ਗੈਰ-ਕਾਨੂੰਨੀ ਤਰੀਕੇ ਨਾਲ ਖਰੀਦੀਆਂ ਜਾਂਦੀਆਂ ਹਨ।

ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਇੰਨੀ ਜ਼ਿਆਦਾ ਗੰਭੀਰ ਨਹੀਂ, ਜਿੰਨਾ ਜ਼ਿਆਦਾ ਪ੍ਰਚਾਰ ਕੀਤਾ ਗਿਆ ਹੈ। ਭਾਰਤ ਦੇ ਬਾਕੀ ਸੂਬਿਆਂ ਵਿਚ ਪੰਜਾਬ ਤੋਂ ਕਿਤੇ ਜ਼ਿਆਦਾ ਨਸ਼ੇੜੀ ਹਨ ਪਰ ਇਹ ਚੰਗੀ ਗੱਲ ਹੈ ਕਿ ਪੰਜਾਬ ਵਿਚ ਨਸ਼ਿਆਂ ਦਾ ਮੁੱਦਾ ਸਿਆਸੀ ਅਤੇ ਗੈਰ ਸਿਆਸੀ ਦੋਵੇਂ ਹਲਕਿਆਂ ਵਿਚ ਬਣ ਗਿਆ ਹੈ। ਨਸ਼ਿਆਂ ਦੇ ਮੁੱਦੇ ਤੇ ਇਸ ਵਾਰ ਚੋਣਾਂ ਵੀ ਲੜੀਆਂ ਗਈਆਂ ਅਤੇ ਕਾਂਗਰਸ ਨੇ ਇਸ ਵਾਰ 4 ਹਫਤਿਆਂ ਵਿਚ ਨਸ਼ਾ ਖਤਮ ਕਰਨ ਦਾ ਐਲਾਨ ਕੀਤਾ ਸੀ। ਇਹ ਵੀ ਚੰਗੀ ਗੱਲ ਹੈ ਹਾਲਾਂਕਿ ਇਸ ਤੋਂ ਪਹਿਲਾਂ ਪਿਛਲੀ ਸਰਕਾਰ ਨੇ ਨਸ਼ਿਆਂ ਦੇ ਮਾਮਲੇ ਵਿਚ ਕਾਫੀ ਕੰਮ ਕੀਤਾ ਹੈ। ਨਸ਼ਿਆਂ ਦੇ ਸਮਗਲਰਾਂ ਨੂੰ ਨੱਥ ਪਈ ਹੈ ਅਤੇ ਨਸ਼ੇ ਵੇਚਣ ਵਾਲੇ ਜੇਲ੍ਹਾਂ ਵਿਚ ਡੱਕੇ ਹਨ। ਹੁਣ ਨਸ਼ਿਆਂ ਦਾ ਮਸਲਾ ਇੰਨਾ ਗੰਭੀਰ ਹੋ ਗਿਆ ਹੈ ਕਿ ਕੋਈ ਡਾਕਟਰ ਵੀ ਨਸ਼ਾ ਛੁਡਾਉਣ ਵਾਲੀ ਕੋਈ ਦਵਾਈ ਦੇਣ ਲਈ ਤਿਆਰ ਨਹੀਂ। ਮੈਡੀਕਲ ਖੇਤਰ ਦੇ ਲੋਕਾਂ ਨਾਲ ਮੌਜੂਦਾ ਸਰਕਾਰ ਰੱਜ ਕੇ ਧੱਕਾ ਕਰ ਰਹੀ ਹੈ। ਨਸ਼ਾ ਛੁਡਾਉਣ ਵਾਲੇ ਡਾਕਟਰਾਂ ਨੂੰ ਹੀ ਫੜ ਕੇ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ।

ਇਸ ਦਹਿਸ਼ਤੀ ਵਰਤਾਰੇ ਦਰਮਿਆਨ ਇਸ ਗੱਲ ਦੀ ਚੰਗੀ ਤਰ੍ਹਾਂ ਪੜਚੋਲ ਕਰਨ ਦੀ ਲੋੜ ਹੈ ਕਿ ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ ਦੇ ਉਤੇ ਹੁੰਦੀ ਰਾਜਨੀਤੀ ਕਾਰਨ ਬਹੁਤ ਸਾਰੇ ਨਿਰਦੋਸ਼ ਲੋਕੀ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਜਿਹੜੀ ਅਹਿਮ ਸਮੱਸਿਆ ਪੰਜਾਬ ਵਿਚ ਪੈਦਾ ਹੋਈ ਹੈ, ਉਸ ਦਾ ਇਲਾਜ ਕੋਈ ਨਹੀਂ ਕਰਦਾ। ਪੰਜਾਬ ਵਿਚ ਸ਼ਰਾਬ ਸਭ ਤੋਂ ਵੱਡੀ ਸਮੱਸਿਆ ਹੈ। ਪੰਜਾਬ ਦਾ ਰੁਤਬਾ ਇਸ ਮਾਮਲੇ ਵਿਚ ਪਿਛਲੇ ਸਮੇਂ ਦਰਮਿਆਨ ਨੰਬਰ ਇਕ ਤੇ ਆ ਚੁੱਕਾ ਹੈ। ਸ਼ਰਾਬ ਨੂੰ ਬੰਦ ਕਰਨ ਲਈ ਕੋਈ ਸਰਕਾਰ ਗੰਭੀਰਤਾ ਨਹੀਂ ਦਿਖਾਉਂਦੀ, ਨਾ ਹੀ ਨਸ਼ਿਆਂ ਦੇ ਵਪਾਰੀਆਂ ਨੂੰ ਪਕੜਨ ਲਈ ਗੰਭੀਰਤਾ ਦਿਖਾਉਂਦੀ ਹੈ। ਸਿਆਸਤ ਬਣੇ ਇਸ ਮੁੱਦੇ ਨੂੰ ਮੁੜ ਪੜਚੋਲਣ ਦੀ ਲੋੜ ਹੈ ਤਾਂ ਜੋ ਕੋਈ ਸਹੀ ਰਸਤਾ ਅਖਤਿਆਰ ਕੀਤਾ ਜਾ ਸਕੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-27

## ਗੁਰਬਾਣੀ ਦੇ ਚਾਨਣ ਵਿੱਚ ਕਾਮ ਵਿਸ਼ੇ ਦੀ ਵਿਆਖਿਆ



ਅਵਤਾਰ ਸਿੰਘ ਮਿਸ਼ਨਰੀ
510-432-5827

ਪੰਜ ਵਿਸ਼ੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਮੰਨੇ ਗਏ ਹਨ। ਆਪਾਂ ਸਿਲਸਲੇ ਵਾਰ ਇਨ੍ਹਾਂ ਦੀ ਵਿਆਖਿਆ ਕਰਦੇ ਹਾਂ। ਕਾਮ ਦੇ ਅੱਖਰੀ ਅਰਥ ਵੱਖ ਵੱਖ ਹਨ ਜਿਵੇਂ- ਆਹਰ, ਕੰਮ, ਕਾਰਜ, ਹਿੱਤ, ਲਾਭ, ਕਾਮਨਾ, ਮਨੋਰਥ, ਸੰਕਲਪ, ਸੁੰਦਰਤਾ, ਇਛਾ, ਵਾਸ਼ਨਾ, ਭੋਗ, ਬਿੰਦ, ਵੀਰਜ ਅਤੇ ਵਿਭਚਾਰਕ ਆਦਿਕ।

ਕੰਮ, ਕਾਰਜ ਅਤੇ ਆਹਰ-ਗੁਰ ਸਤਿਗੁਰ ਸੇਵਾ ਲਾਇ ਹਮ ਕਾਮ॥(੧੬੬) ਬੁਰੇ ਕਾਮ ਕਉ ਊਠਿ ਖਲੋਇਆ॥ ਨਾਮ ਕੀ ਬੇਲਾ ਪੈ ਪੈ ਸੋਇਆ॥(੭੩੮) ਹਿੱਤ ਤੇ ਲਾਭ-ਅਵਰਿ ਕਾਜ ਤੇਰੈ ਕਿਤੈ ਨ ਕਾਮ॥(੧੨) ਤੇਰੇ ਹਿੱਤ ਜਾਂ ਲਾਭ ਵਿੱਚ ਨਹੀਂ। ਮਨੋਰਥ, ਇਛਾ ਤੇ ਸੰਕਲਪ-ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ॥(੪੬) ਪੂਰਨ ਹੋਏ ਸਗਲੇ ਕਾਮ॥(੧੯੫) ਅਤੇ ਪੂਰਨ ਹੋਵਹਿ ਮਨ ਕੇ ਕਾਮ॥(੭੪੩) ਇਨ੍ਹਾਂ ਪੰਗਤੀਆਂ ਵਿੱਚ ਕਾਮ ਦੇ ਅਰਥ ਮਨੋਰਥ, ਇਛਾ ਤੇ ਸੰਕਲਪ ਹਨ। ਭੋਗ, ਕਾਮਨਾ, ਮੈਥਨੁ-ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ॥(੫੦) ਮੂਰਖ ਭੋਗੇ ਭੋਗੁ ਦੁਖ ਸਬਾਇਆ॥(੧੩੯) ਇਸਤਰੀ ਪੁਰਖ ਦਾ ਵਿਲਾਸੀ ਸੰਗਮ-ਜੇ ਲਖ ਇਸਤਰੀਆ ਭੋਗ ਕਰਹਿ ਨਵ ਖੰਡ ਰਾਜੁ ਕਮਾਹਿ॥(੧੬) ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ॥(੧੪੨) ਨਾਮੁ ਬਿਸਾਰਿ ਕਰੇ ਰਸ ਭੋਗ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ॥(੨੪੦) ਭੋਗਹਿ ਭੋਗ ਅਨੇਕ ਵਿਣੁ ਨਾਵੈ ਸੁੰਞਿਆ॥(੩੯੮) ਖਸਮੁ ਵਿਸਾਰਿ ਕੀਏ ਰਸ ਭੋਗ॥ ਤਾਂ ਤਨਿ ਉਠਿ ਖਲੋਏ ਰੋਗ॥(੧੨੫੬) ਭੋਗ ਵਿਲਾਸ ਕਰਕੇ-ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ।(ਵਾਰ ੩੫, ਭਾ.ਗੁ) ਬਿੰਦ, ਵੀਰਜ-ਬਨਵਾਸ, ਡੂਗਰਵਾਸ, ਹਠ, ਨਿਗ੍ਰਹ ਅਤੇ ਤੀਰਥ ਇਸ਼ਨਾਨ ਆਦਿਕ ਜਤਨ ਮਨੁੱਖ ਕਰਦਾ ਹੈ ਪਰ ਅਜਿਹੇ ਕਿਸੇ ਵੀ ਤਰੀਕੇ ਨਾਲ ਕਾਮ-ਵਾਸ਼ਨਾ ਰੋਕੀ ਨਹੀਂ ਜਾ ਸਕਦੀ-ਜਤਨ ਕਰੈ ਬਿੰਦੁ ਕਿਵੈਂ ਨ ਰਹਾਈ॥(੯੦੬) ਬਿੰਦ ਨੂੰ ਜਿੰਨ੍ਹਾਂ ਮਰਜੀ ਦਬਾਈਏ, ਸਾਂਭ ਕੇ ਰੱਖੀਏ, ਇਸ ਨਾਲ ਪਰਮਗਤੀ ਪ੍ਰਾਤਪ ਨਹੀਂ ਹੁੰਦੀ-ਬਿੰਦੁ ਰਾਖਿ ਜੌ ਤਰੀਐ ਭਾਈ ਖੁਸਰੈ ਕਿਉਂ ਨ ਪਰਮ ਗਤਿ ਪਾਈ॥(੩੨੪)

ਆਪਾਂ ਅੱਜ ਜਿਸ ਵਿਸ਼ੇ ਦੀ ਗੱਲ ਕਰ ਰਹੇ ਹਾਂ ਉਹ ਕਾਮ-ਵਿਸ਼ੇ ਨਾਲ ਸਬੰਧਤ ਅਤੇ ਇਸ ਦੇ ਦੋ ਪੱਖ ਹਨ। ਪਹਿਲਾ ਪ੍ਰਵਾਰਕ ਤੇ ਦੂਜਾ ਵਿਭਚਾਰਕ। ਦੁਨੀਆਂ ਦੇ ਹਰੇਕ ਨਰ ਮਾਦਾ ਵਿੱਚ ਇਹ ਵਿਸ਼ਾ ਪਾਇਆ ਜਾਂਦਾ ਹੈ। ਭਾਵੇਂ ਉਹ ਬਨਾਸਪਤੀ, ਜਾਨਵਰ, ਪਸ਼ੂ ਅਤੇ ਇਨਸਾਨ ਹੋਵਣ। ਕਰਤਾ ਖੁਦ ਸੰਸਾਰ ਨੂੰ ਪੈਦਾ ਕਰਨ ਵਾਲਾ ਅਤੇ ਉਸ ਦੀ ਕੁਦਰਤ ਵੀ ਅੱਗੇ ਉਸ ਦੇ ਹੁਕਮ ਵਿੱਚ ਇਹ ਕੰਮ ਕਰ ਰਹੀ ਹੈ। ਸੰਸਾਰ ਨੂੰ ਅੱਗੇ ਚਲਦਾ ਰੱਖਣ ਲਈ, ਇਹ ਵਿਸ਼ਾ ਜਾਂ ਜਜਬਾ ਉਸ ਨੇ ਹਰੇਕ ਜੀਵ ਅੰਦਰ ਪਾਇਆ, ਨਰ ਅਤੇ ਮਾਦਾ ਪੈਦਾ ਕੀਤੇ। ਨਰ ਅਤੇ ਮਾਦਾ ਸਮਿਲਤ ਹੋ, ਇਸ ਵਿਸ਼ੇ ਅਨੰਦ ਰਾਹੀਂ ਅੱਗੇ ਬੱਚੇ ਪੈਦਾ ਕਰਦੇ ਹਨ। ਪਸ਼ੂ-ਪੰਛੀਆਂ ਵਿੱਚ ਪਤੀ-ਪਤਨੀ ਵਾਲੀ ਬੰਦਸ਼ ਨਹੀਂ ਪਰ ਇਨਸਾਨ ਜਦ ਦਾ ਸਭਿਅਕ ਹੋਇਆ, ਉਸ ਨੇ ਇਸ ਵਿਸ਼ੇ ਨੂੰ ਕੰਟਰੋਲ 'ਤੇ ਇਸ ਦੀ ਠੀਕ ਵਰਤੋਂ ਕਰਨ ਵਾਸਤੇ, ਪ੍ਰਵਾਰਕ ਵਾਧੇ ਅਤੇ ਇਸ ਦੀ ਯੋਗ ਵਰਤੋਂ ਕਰਨ ਲਈ, ਗ੍ਰਿਹਸਤ ਦੀ ਮਰਯਾਦਾ ਬਣਾਈ ਹੈ। ਇਸ ਨਾਲ ਸੰਸਾਰ ਦਾ ਬੈਲੰਸ ਬਣਿਆਂ ਰਹਿੰਦਾ ਹੈ।

ਇਸ ਦਾ ਦੂਜਾ ਪਾਸਾ ਵਿਭਚਾਰਕ ਹੈ-ਲੋੜ ਤੋਂ ਵੱਧ ਵਿਸ਼ੇ ਭੋਗਣਾ, ਇਸ ਲੜੀ ਵਿੱਚ ਆਉਂਦਾ ਹੈ। ਪਾਮਰ ਮਨੁੱਖ ਅੱਗੇ ਲੱਖਾਂ ਮਰਦਾਂ ਇਸਤਰੀਆਂ ਨਾਲ, ਮਨ ਚਾਹੇ ਵਿਸ਼ੇ ਭੋਗਦਾ ਪਰ ਫਿਰ ਵੀ ਰੱਜਦਾ ਨਹੀਂ ਭਾਵ ਤ੍ਰਿਪਤ ਨਹੀਂ ਹੁੰਦਾ-ਜੇ ਲਖ ਇਸਤਰੀਆ ਭੋਗ ਕਰਹਿ ਨਵ ਖੰਡ ਰਾਜੁ ਕਮਾਹਿ॥ ਬਿਨੁ ਸਤਗੁਰ ਸੁਖੁ ਨ ਪਾਵਈ ਫਿਰਿ ਫਿਰਿ ਜੋਨੀ ਪਾਹਿ॥(੧੬) ਕਾਮ ਵਿਸ਼ੇ ਦੀ ਦੁਰ-ਵਰਤੋਂ ਕਰਨ ਨਾਲ, ਇਨਸਾਨ ਜਿੱਥੇ ਸਭਿਅਕ ਸਮਾਜ ਵਿੱਚ ਸ਼ਰਮਿੰਦਾ ਹੁੰਦਾ ਤੇ ਕਈ ਵਾਰ ਮੂੰਹ ਵਿਖਾਉਣ ਜੋਗਾ ਨਹੀਂ ਰਹਿੰਦਾ ਓਥੇ ਅਨੇਕ ਤਰ੍ਹਾਂ ਦੇ ਰੋਗ ਵੀ ਸਹੇੜ ਲੈਂਦਾ ਜਿਨ੍ਹਾਂ ਚੋਂ ਏਡਜ ਇੱਕ ਮਾਰੂ ਰੋਗ ਹੈ। ਰੱਬੀ ਭਗਤਾਂ, ਸਿੱਖ ਗੁਰੂਆਂ ਅਤੇ ਬਹੁਤੇ ਧਰਮ ਆਗੂਆਂ ਨੇ ਗ੍ਰਿਹਸਤ ਮਾਰਗ ਨੂੰ ਅਪਣਾਇਆ। ਏਕਾ ਨਾਰੀ ਸਦਾ ਜਤੀ ਪਰ ਨਾਰੀ ਧੀ ਭੈਣ ਵਖਾਣੈ (ਭਾ.ਗ) ਨੂੰ ਮਾਣਤਾ ਦਿੱਤੀ। ਸਿੱਖ ਰਹਿਤ ਮਰਯਾਦਾ ਵਿੱਚ ਤਾਂ ਇੱਥੋਂ ਤੱਕ ਲਿਖਿਆ ਹੋਇਆ ਹੈ ਕਿ ਸਿੱਖ ਆਮ ਹਾਲਤਾਂ ਵਿੱਚ ਇੱਕ ਇਸਤਰੀ ਦੇ ਹੁੰਦਿਆਂ ਦੂਜੀ ਨਾਲ ਵਿਆਹ ਨਾ ਕਰਵਾਏ ਸਗੋਂ-ਦੇਖ ਪਰਾਈਆਂ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੈ॥(ਭਾ.ਗੁ) ਪਰ-ਇਸਤਰੀ ਜਾਂ ਪਰ-ਮਰਦ ਭੋਗਣ ਵਾਲਾ ਜਾਂ ਵਾਲੀ ਪਤਿਤ ਹੋ ਜਾਂਦੇ ਹਨ।

ਅੱਜ ਪਛਮੀ ਚਮਕ-ਦਮਕ ਦੇ ਮਗਰ ਲੱਗ, ਸਾਡੇ ਬਹੁਤਿਆਂ ਵਿੱਚ ਵੀ, ਇਹ ਵਿਕਾਰ-ਵਿਭਚਾਰ ਭਾਰੂ ਹੁੰਦਾ ਜਾ ਰਿਹਾ ਹੈ। ਕੁਝ ਪੁਰਾਣਕ ਗ੍ਰੰਥਾਂ ਦੀਆਂ ਵਿਸ਼ੇ-ਵਿਕਾਰਾਂ ਵਾਲੀਆਂ ਕਾਮਕ ਕਥਾ-ਕਹਾਣੀਆਂ ਅਤੇ ੧੯ਵੀਂ ਸਦੀ ਦੇ ਪੈਦਾ ਕੀਤੇ ਗਏ ਬਚਿਤ੍ਰ ਨਾਟਕ (ਦਸਮ ਗ੍ਰੰਥ) ਵਿੱਚ ਇਸ ਵਿਸ਼ੇ ਨੂੰ ਹੱਦੋਂ ਵੱਧ, ਮਾਰੂ ਨਸ਼ੇ ਸੇਵਨ ਕਰਕੇ, ਨੰਗੇ ਨਾਚ ਦੇ ਅਤਿ ਨਿੰਦਣੀਯ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਸਿੱਖਾਂ ਵਿੱਚੋਂ ਇਸ ਬਚਿਤ੍ਰ ਨਾਟਕ ਦੇ ਪੁਜਾਰੀ ਏਨੀਆਂ ਹੱਦ ਬੰਦੀਆਂ ਟੱਪ ਗਏ ਕਿ ਸਿੱਖ ਨੇ "ਤੁਰਕਨੀ ਨਾਲ ਯੁੱਧ ਨਹੀਂ ਕਰਨਾ" ਬਾਕੀ ਭਾਵੇਂ ਕੋਈ ਇਸਤ੍ਰੀ ਹੋਵੇ ਪ੍ਰਵਾਨ ਹੈ। ਕਈ ਰਹਿਤਨਾਮੇ ਵੀ ਇਹੀ ਪ੍ਰਚਾਰ ਕਰਦੇ ਹਨ। ਅੱਜ ਸਾਡੇ ਡੇਰੇ ਤੇ ਟਕਸਾਲ ਸੰਪ੍ਰਦਾਵਾਂ ਵੀ ਇਸ ਗ੍ਰੰਥ ਦਾ ਹੱਦੋਂ ਵੱਧ ਪ੍ਰਚਾਰ ਕਰਨ ਲੱਗ ਪਈਆਂ ਹਨ। ਕਈ ਇਸ ਵਿਸ਼ੇ ਤੇ ਕਾਬੂ ਪਾਉਣ ਲਈ ਮਾਸ-ਮਛਲੀ ਖਾਣਾ ਬੰਦ ਕਰਨ 'ਤੇ ਜੋਰ ਦਿੰਦੇ ਹਨ ਪਰ ਇਸ ਦਾ ਮਾਸ-ਮਛਲੀ ਨਾਲ ਕੋਈ ਸਬੰਧ ਨਹੀਂ ਕਿਉਂਕਿ ਹਾਥੀ ਕਦੇ ਮਾਸ-ਮਛਲੀ ਨਹੀਂ ਖਾਂਦਾ ਪਰ ਸਭ ਤੋਂ ਵੱਧ ਕਾਮੀ ਹੈ। ਦੂਜੇ ਪਾਸੇ ਹਰ ਵੇਲੇ ਮਾਸ ਖਾਣ ਵਾਲਾ ਸ਼ੇਰ ਕਾਮੀ ਨਹੀਂ।

ਅਜੋਕੇ ਬਹੁਤੇ ਵੈਸ਼ਨੂੰ ਸਾਧ ਇਸ ਵਿਸ਼ੇ ਦੀ ਗ੍ਰਿਫਤ ਵਿੱਚ ਹਨ, ਜਿੰਨ੍ਹਾਂ ਦੇ ਡੇਰਿਆਂ 'ਤੇ ਮੁੰਡੇਬਾਜੀ ਅਤੇ ਪਰਾਈਆਂ ਔਰਤਾਂ ਨਾਲ ਵਿਭਚਾਰ ਹੋ ਰਹੇ ਹਨ। ਪਛਮੀ ਮੁਲਕਾਂ ਨੇ ਇਸ ਵਿਸ਼ੇ ਦੇ ਸੁਧਾਰ ਲਈ, ਸਕੂਲਾਂ ਕਾਲਜਾਂ ਵਿੱਚ ਇਸ ਦੀ ਦੁਰ-ਵਰਤੋਂ ਤੇ ਹਾਨ-ਲਾਭ ਦੀ ਸਿਖਿਆ ਦੇਣੀ ਸ਼ੁਰੂ ਕਰ ਦਿੱਤੀ ਹੈ ਪਰ ਅਸੀਂ ਬਹੁਤੇ ਤੇ ਸਾਡੇ ਅੱਲੜ ਮੁੰਡੇ ਕੁੜੀਆਂ ਨਸ਼ਿਆਂ ਅਤੇ ਤ੍ਰੀਆ-ਚਰਿਤ੍ਰਾਂ ਕਰਕੇ, ਇਸ ਵਿੱਚ ਹੱਦੋਂ ਵੱਧ ਖਚਤ ਹੁੰਦੇ ਜਾ ਰਹੇ ਹਨ। ਇਸੇ ਵਿਸ਼ੇ ਦੀ ਪਰਬਲਤਾ ਕਰਕੇ ਹੀ ਆਏ ਦਿਨ ਅਬਲਾਵਾਂ ਤੇ ਨਾਬਾਲਗ ਧੀਆਂ-ਕੁੜੀਆਂ ਅਤੇ ਪਰਾਈਆਂ ਔਰਤਾਂ ਨਾਲ ਸ਼ਰੇਆਮ ਬਲਾਤਕਾਰ ਹੋ ਰਹੇ ਹਨ।

ਵਿਵਾਹਿਤ ਅਨੰਦ ਅਤੇ ਪ੍ਰਵਾਰਕ ਵਾਦੇ ਲਈ "ਕਾਮ" ਦੀ ਯੋਗ ਵਰਤੋਂ ਠੀਕ ਪਰ ਹੱਦੋਂ ਵੱਧ, ਬੇਹਿਆਈ ਵਿੱਚ ਜਾ, ਇਖਲਾਕ ਤੋਂ ਡਿੱਗ ਅਤੇ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ ਛਿੱਕੇ 'ਤੇ ਟੰਗ ਵਿਭਚਾਰੀ ਹੋ ਜਾਣਾ, ਆਪਣੇ ਸਰੀਰ, ਪ੍ਰਵਾਰ ਅਤੇ ਮਨੁੱਖਤਾ ਲਈ ਅਤਿਅੰਤ ਹਾਨੀਕਾਰਕ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਬਾਣੀ ਅਤੇ ਸੱਚੇ ਸੁੱਚੇ ਮਹਾਂ ਪੁਰਖਾਂ ਦੇ ਉਪਦੇਸ਼ ਸਾਨੂੰ ਸਦਾਚਾਰਕ ਬਣਾਉਂਦੇ ਪਰ ਸਾਕਤਮੱਤੀਆਂ ਦੇ ਗ੍ਰੰਥ ਬਚਿਤ੍ਰ ਨਾਟਕ ਵਗੈਰਾ ਸਾਨੂੰ ਵਿਭਚਾਰ ਦੀ ਡੂੰਗੀ ਤੇ ਵਿਕਾਰਾਂ ਦੀ ਗੰਦੀ ਖੱਡ ਵਿੱਚ ਧਕੇਲਦੇ ਹਨ। ਸੋ ਕਿਸੇ ਵੀ ਬਿਰਤੀ, ਵਿਸ਼ੇ, ਚੀਜ ਜਾਂ ਪਦਾਰਥ ਦੀ ਲੋੜ ਤੋਂ ਵੱਧ ਵਰਤੋਂ ਮਾੜੀ ਹੁੰਦੀ ਅਤੇ ਉਸ ਦੇ ਨਤੀਜੇ ਵੀ ਮਾੜੇ ਨਿਕਲਦੇ ਹਨ। ਅਸੀਂ ਡੇਰੇਦਾਰ ਸਾਧਾਂ ਮਗਰ ਲੱਗ ਵੈਸ਼ਨੂੰ ਹੋ ਕੇ ਨਹੀਂ ਸਗੋਂ ਸਦਾਚਾਰੀ ਜੀਵਨ ਅਪਣਾ ਅਤੇ ਸੰਜਮ ਵਿੱਚ ਰਹਿ ਕੇ ਹੀ, ਇਸ ਵਿਸ਼ੇ 'ਤੇ ਕਾਬੂ ਪਾ ਸਕਦੇ ਹਾਂ।

## ਸਾਲਾਨਾ ਜੋੜ ਮੇਲੇ 'ਤੇ ਵਿਸ਼ੇਸ਼

## ਇਤਿਹਾਸਕ ਗੁਰਦੁਆਰਾ ਗੁਰੂਸਰ ਮੰਜੀ ਸਾਹਿਬ ਗੁੱਜਰਵਾਲ (ਲੁਧਿਆਣਾ)



ਤਸਵਿੰਦਰ ਸਿੰਘ ਬੜੈਚ
91-98763-22677

ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਗੁਰੂਸਰ ਮੰਜੀ ਸਾਹਿਬ, ਗੁੱਜਰਵਾਲ,ਸਨਅਤੀ ਸਹਿਰ ਲੁਧਿਆਣਾ ਤੋ 20 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਤਿਹਾਸ ਮੁਤਾਬਿਕ ਮੀਰੀ -ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ 1688 ਬਿਕਰਮੀ ਨੂੰ ਪਿੰਡ ਗੁੱਜਰਵਾਲ (ਲੁਧਿ) ਤੋਂ ਬਾਹਰਵਾਰ ਚੜ੍ਹਦੇ ਪਾਸੇ ਪੁਰਾਣੀ ਢਾਬ ਤੇ ਆਪਣੇ 2200 ਤੋਂ ਵੱਧ ਘੋੜ ਸਵਾਰ ਫੌਜੀ ਸਿਪਾਹੀਆਂ ਸਮੇਤ ਡੇਰਾ ਲਾਇਆ ਤਾਂ ਸਭ ਪਾਸੇ ਰੌਣਕਾਂ ਲੱਗ ਗਈਆਂ।



ਗੁਰੂ ਸਾਹਿਬ ਦੇ ਪਿੰਡ ਗੁੱਜਰਵਾਲ ਆਉਣ ਦੀ ਖਬਰ ਸੁਣ ਕੇ ਸੰਗਤਾਂ ਗੁਰੂ ਦੇ ਦਰਸ਼ਨਾਂ ਲਈ ਆਉਣ ਲੱਗੀਆਂ। ਜਿਸ ਵਕਤ ਇਲਾਕੇ (ਪਿੰਡ) ਦੇ ਚੋਧਰੀ ਫਤੂਹੀ ਨੂੰ ਗੁਰੂ ਸਾਹਿਬ ਦੇ ਆਉਣ ਦਾ ਪਤਾ ਲੱਗਿਆ ਤਾਂ ਉਹ ਝਟਪਟ ਨੋਕਰਾਂ ਸਮੇਤ ਘੋੜੇ ਤੇ ਸਵਾਰ ਹੋ ਕੇ ਗੁਰੂ ਜੀ ਦੇ ਚਰਨਾਂ ਵਿਚ ਆ ਹਾਜਰ ਹੋਇਆ। ਨਮਸਕਾਰ ਕੀਤੀ ਤੇ ਹੱਥ ਜੋੜ ਕੇ ਬੇਨਤੀ ਕਰਨ ਲੱਗਾ,'ਦੀਨਾ ਬੰਧੁ ਦਾਤਾਰ ਮੈਨੂੰ ਕੋਈ ਸੇਵਾ ਬਖਸ਼ੋ।' ਗੁਰੂ ਜੀ ਕਹਿਣ ਲੱਗੇ,'ਸਾਨੂੰ ਕਿਸੇ ਚੀਜ਼ ਦੀ ਲੋੜ ਨਹੀ।'ਚੋਧਰੀ ਦੇ ਵਾਰ-ਵਾਰ ਬੇਨਤੀ ਕਰਨ 'ਤੇ ਗੁਰੂ ਜੀ ਨੇ ਕਿਹਾ,'ਸਾਨੂੰ ਆਪਣੇ ਹੱਥ ਵਾਲਾ ਬਾਜ ਦੇ ਦੇ।'ਚੌਧਰੀ ਨੇ ਬਾਜ ਦੇਣ ਤੋ ਅਸਮਰੱਥਾ ਜਾਹਿਰ ਕੀਤੀ ਤੇ ਨਿਮੋਝੂਣਾ ਹੋ ਕੇ ਆਪਣੇ ਕਿਲ੍ਹੇ ਨੂੰ ਵਾਪਸ ਚਲਿਆ ਗਿਆ। ਕੁਦਰਤੀ ਹੀ ਕਿਲ੍ਹੇ ਵਿਚ ਜਾ ਕੇ ਬਾਜ਼ ਨੇ ਗਲੇ ਵਾਲਾ ਡੋਰਾ ਨਿਗਲ ਲਿਆ ਅਤੇ ਬਾਜ਼ ਦਰਦ ਨਾਲ ਤੜਪਣ ਲੱਗਾ। ਚੌਧਰੀ ਝੱਟ ਘੋੜੇ 'ਤੇ ਸਵਾਰ ਹੋ ਕੇ ਤੜਪਦੇ ਬਾਜ਼ ਨੂੰ ਚੁੱਕ ਕੇ ਗੁਰੂ ਜੀ ਦੇ ਚਰਨਾ ਵਿਚ ਹਾਜਰ ਹੋਇਆਂ ਤੇ ਗਲਤੀ ਦਾ ਅਹਿਸਾਸ ਕਰਾਇਆ ਬਾਜ਼ ਦੀ ਜਾਨ ਬਖਸੀ ਲਈ ਅਰਦਾਸ ਕੀਤੀ। ਜਿਉਂ ਹੀ ਗੁਰੂ ਜੀ ਨੇ ਆਪਣੇ ਪਵਿੱਤਰ ਹੱਥ ਬਾਜ਼ ਦੇ ਸਿਰ ਉੱਪਰ ਹੱਥ ਫੇਰਨੇ ਸੁਰੂ ਕੀਤੇ ਤਾਂ ਬਾਜ਼ ਨੇ ਉਸੇ ਵਕਤ ਡੋਰਾ ਉਗਲ ਦਿੱਤਾ ਅਤੇ ਬਾਜ਼ ਰਾਜੀ ਹੋ ਗਿਆ। ਰੱਬੀ ਰੰਗ ਵਿੱਚ ਰੰਗੇ ਗੁਰੂ ਸਾਹਿਬ ਦੇ ਇਸ ਹੈਰਾਨੀ ਜਨਕ ਕੋਤਕ ਨੇ ਚੌਧਰੀ ਦੇ ਮਨ ਅੰਦਰਲਾ ਹਨੇਰਾ ਦੂਰ ਕਰ ਦਿੱਤਾ। ਉਪਰੰਤ ਚੌਧਰੀ ਨੇ ਬਾਜ਼ ਗੁਰੂ ਜੀ ਨੂੰ ਭੇਟ ਕਰਨਾ ਚਾਹਿਆ ਪ੍ਰੰਤੂ ਗੁਰੂ ਜੀ ਨੇ ਬਾਜ਼ ਲੈਣ ਤੋਂ ਇਨਕਾਰ ਕਰ ਦਿੱਤਾ। ਗੁਰੂ ਜੀ ਆਪ ਜਿਸ ਥਾਂ ਸੁਸੋਭਿਤ ਹੋਇਆ ਕਰਦੇ ਸਨ, ਉਸ ਅਸਥਾਨ 'ਤੇ ਅੱਜ ਗੁਰਦੁਆਰਾ ਮੰਜੀ ਸਾਹਿਬ ਸੁਸੋਭਿਤ ਹੈ। ਜਿਸ ਪੁਰਾਣੀ ਢਾਬ ਦੇ ਕੱਢੇ ਗੁਰੂ ਸਾਹਿਬ ਠਹਿਰੇ ਸਨ, ਉਸ ਥਾਂ ਪਵਿੱਤਰ ਸਰੋਵਰ ਵੀ ਬਣਿਆ ਹੋਇਆ ਹੈ, ਜਿਸ ਵਿਚ ਇਸ਼ਨਾਨ ਕਰਨ ਨਾਲ ਦੁੱਖ ਦੂਰ ਹੁੰਦੇ ਹਨ। ਇਸ ਪਾਵਨ ਪਵਿੱਤਰ ਅਸਥਾਨ 'ਤੇ ਹਰ ਸਾਲ ਚੇਤਰ ਚੌਦੇ ਦੀ ਮੱਸਿਆ ਨੂੰ ਭਾਰੀ ਜੋੜ ਮੇਲਾ ਸ੍ਰੋਮਣੀ ਕਮੇਟੀ ਤੇ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾਂਦਾ ਹੈ, ਜਿਸ ਵਿਚ ਦੇਸ਼-ਵਿਦੇਸ਼ ਤੋਂ ਸੰਗਤਾਂ ਬਹੁਤ ਹੀ ਸਰਧਾ ਨਾਲ ਪਹੁੰਚ ਕੇ ਨਤਮਸਤਕ ਹੁੰਦੀਆਂ ਹਨ। ਤਿੰਨ ਦਿਨ ਭਾਰੀ ਇਕੱਠ ਦੋਰਾਨ ਗੁਰਮਿਤ ਦੀਵਾਨ ਸਜਦੇ ਹਨ, ਜਿਥੇ ਉੱਘੇ ਰਾਗੀ ਢਾਡੀ, ਕੀਰਤਨੀਏ, ਕਥਾਵਾਚਕ ਪਹੁੰਚਦੇ ਹਨ। ਹਰ ਮੱਸਿਆ ਅਤੇ ਸੰਗਰਾਂਦ ਦਾ ਦਿਹਾੜਾ ਵੀ ਬੜੀ ਸਰਧਾ ਨਾਲ ਮਨਾਇਆ ਜਾਂਦਾ ਹੈ। ਇਸ ਸਾਲ ਇਹ ਜੋੜ ਮੇਲਾ 26 ਤੋਂ 28 ਮਾਰਚ ਤੱਕ ਸ੍ਰੋਮਣੀ ਕਮੇਟੀ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸਰਧਾ ਅਤੇ ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਬਸਪਾ ਪੰਜਾਬ ਦੇ ਇੰਚਾਰਜ ਅਵਤਾਰ ਸਿੰਘ ਕਰੀਮਪੁਰੀ ਗ੍ਰਿਫ਼ਤਾਰ ਅਤੇ ਬਿਨ੍ਹਾਂ ਸ਼ਰਤ ਰਿਹਾਅ

**ਗੁਰਾਇਆ-ਫਿਲੌਰ (ਨਿਰਮਲ ਗੁੜਾ)-** ਫਿਲੌਰ ਵਿਖੇ ਐਫ.ਸੀ.ਆਈ ਮੁਲਾਜ਼ਮਾਂ ਵਲੋਂ ਠੇਕੇਦਾਰ ਖ਼ਿਲਾਫ਼ ਧੱਕੇਸ਼ਾਹੀ ਦੇ ਅਰੋਪ ਲਗਾਉਂਦਿਆਂ ਸਥਾਨਕ ਤਲਵਣ ਰੋਡ ਨੰਗਲ ਗੇਟ ਕੋਲ ਲਗਾਏ ਧਰਨੇ ਦੌਰਾਨ ਮਾਹੌਲ ਉਸ ਵਕਤ ਬੇਹਦ ਤਣਾਅਪੂਰਨ ਹੋ ਗਿਆ ਜਦ ਮਜ਼ਦੂਰਾਂ ਦੇ ਹੱਕ 'ਚ ਧਰਨੇ ਦੌਰਾਨ ਪੁੱਜੇ ਸਾਬਕਾ ਰਾਜ ਸਭਾ ਮੈਂਬਰ ਤੇ ਬਸਪਾ ਪੰਜਾਬ ਦੇ ਇੰਚਾਰਜ ਸ. ਅਵਤਾਰ ਸਿੰਘ ਕਰੀਮਪੁਰੀ ਤੇ ਸੈਂਕੜੇ ਸਾਥੀਆ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਪ੍ਰਾਪਤ ਜਾਣਕਾਰੀ ਅਨੁਸਾਰ ਪੱਲੇਦਾਰ ਯੂਨੀਅਨ ਨਾਲ ਠੇਕੇਦਾਰ ਵਲੋਂ ਮਾਲ ਨੂੰ ਲੱਦਣ ਤੇ ਲਾਹੁਣ ਦੌਰਾਨ ਕੀਤੇ ਜਾ ਰਹੇ ਧੱਕੇ ਦਾ ਮਾਮਲਾ ਯੂਨੀਅਨ ਦੇ ਆਗੂ ਕਈ ਵਾਰ ਪ੍ਰਸ਼ਾਸਨ ਦੇ ਧਿਆਨ ਹਿੱਤ ਲਿਆ ਚੁੱਕੇ ਸਨ ਪਰ ਗੱਲ ਦਾ ਕੋਈ ਢੁਕਵਾਂ ਹੱਲ ਕੱਢਣ ਦੀ ਬਜਾਏ ਪੁਲਿਸ ਵਲੋਂ ਬੀਤੀ ਰਾਤ ਐਫ.ਸੀ.ਆਈ ਯੂਨੀਅਨ ਦੇ ਹੀ 54 ਮੁਲਾਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਜਿਸ ਦੇ ਰੋਸ ਵਜੋਂ ਯੂਨੀਅਨ ਦੇ ਆਗੂਆਂ ਵਲੋਂ ਰੋਸ ਪ੍ਰਦਰਸ਼ਨ ਕਰਦਿਆ ਫਿਲੌਰ ਤਲਵਣ ਰੋਡ ਨੰਗਲ ਗੇਟ ਨਜ਼ਦੀਕ ਧਰਨਾ ਲਗਾ ਦਿੱਤਾ ਗਿਆ। ਇਸ ਧਰਨੇ ਦੌਰਾਨ ਮਜ਼ਦੂਰਾਂ ਦਾ ਸਾਥ ਦੇਣ ਲਈ ਬਸਪਾ ਪੰਜਾਬ ਦੇ ਇੰਚਾਰਜ ਤੇ ਸਾਬਕਾ ਰਾਜ ਸਭਾ ਮੈਂਬਰ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਆਪਣੀ ਸਮੁੱਚੀ ਟੀਮ ਨਾਲ ਪੁੱਜੇ। ਇਸ ਮੌਕੇ ਸ. ਅਵਤਾਰ ਸਿੰਘ ਕਰੀਮਪੁਰੀ ਵਲੋਂ ਮੌਕੇ ਤੇ ਹਾਜਰ ਐਸ.ਪੀ ਹੈੱਡ ਕੁਆਟਰ ਰਜਿੰਦਰ ਸਿੰਘ, ਪੀ.ਪੀ.ਐਸ ਨਵੀਨ ਕੁਮਾਰ, ਐਸ.ਡੀ.ਐਮ ਅਮਰਜੀਤ ਬੈਂਸ ਪਾਸੋਂ ਮੰਗ ਕੀਤੀ ਕਿ ਗਰੀਬ ਦੇ ਹੱਥ 'ਚੋ ਰੋਟੀ ਖੋਹਣ ਦੀ ਬਜਾਏ ਉਸ ਦੀ ਮੁਸ਼ਕਲ ਦਾ ਮੁਕੰਮਲ ਹੱਲ ਕੀਤਾ ਜਾਵੇ ਪਰ ਕੋਈ ਢੁਕਵਾਂ ਹੱਲ ਨਿਕਲਦਾ ਨਾ ਵੇਖ ਸ. ਅਵਤਾਰ ਸਿੰਘ ਕਰੀਮਪੁਰੀ ਨੇ ਪ੍ਰਸ਼ਾਸਨ ਨੂੰ ਕਿਹਾ ਕਿ ਜਿੰਨੀ ਦੇਰ ਮਜ਼ਦੂਰਾਂ ਦੇ ਮਸਲੇ ਦਾ ਹੱਲ ਨਹੀ ਹੋਵੇਗਾ ਇਹ ਸ਼ਾਂਤਮਈ ਰੋਸ ਪ੍ਰਦਰਸ਼ਨ ਜਾਰੀ ਰਹੇਗਾ। ਪਰ ਪ੍ਰਸ਼ਾਸਨ ਵਲੋਂ ਮਜ਼ਦੂਰਾਂ ਦੇ ਹੱਕੀ ਮਸਲੇ ਤੁਰੰਤ ਹੱਲ ਨਾ ਕਰਨ ਦੇ ਰੋਸ ਵਜੋਂ ਸ. ਅਵਤਾਰ ਸਿੰਘ ਕਰੀਮਪੁਰੀ ਨੇ ਆਪਣੇ ਸੈਂਕੜੇ ਸਮਰਥਕਾਂ ਸਮੇਤ ਗ੍ਰਿਫ਼ਤਾਰੀ ਦੇ ਦਿੱਤੀ। ਜਿਸ ਤੋਂ ਬਾਅਦ ਧਰਨਾਕਰੀਆਂ ਵਲੋਂ ਕਾਂਗਰਸ ਸਰਕਾਰ ਮੁਰਦਾਬਾਦ, ਠੇਕੇਦਾਰ ਸਿਸਟਮ ਮੁਰਦਾਬਾਦ, ਪੰਜਾਬ ਪੁਲਿਸ ਮੁਰਦਾਬਾਦ ਤੇ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਜਿੰਦਾਬਾਦ ਦੇ ਨਾਅਰੇ ਲਗਾਉਂਦਿਆਂ ਥਾਣਾ ਫਿਲੌਰ ਅੰਦਰ ਜਾ ਕੇ ਗ੍ਰਿਫਤਾਰੀਆਂ ਦਿੱਤੀਆਂ ਗਈਆ। ਇਸ ਸਾਰੇ ਘਟਨਾਕ੍ਰਮ ਤੋਂ ਬਾਅਦ ਮਾਹੌਲ ਤਣਾਅਪੂਰਨ ਹੁੰਦਿਆਂ ਵੇਖ ਉੱਚ ਅਧਿਕਾਰੀਆਂ ਵਲੋਂ ਗੱਲਬਾਤ ਰਾਹੀ ਮਸਲਾ ਹੱਲ ਕਰਨ ਦੀ ਪੇਸ਼ਕਸ਼ ਕੀਤੀ ਗਈ ਜਿਸ ਤੋਂ ਬਾਅਦ ਬਸਪਾ ਦੇ ਪ੍ਰਮੁੱਖ ਆਗੂਆਂ, ਐਫ.ਸੀ.ਆਈ ਦੇ ਆਗੂਆਂ, ਮਜ਼ਦੂਰ ਜੱਥੇਬੰਦੀਆਂ ਦੇ ਨੁਮਾਇੰਦਿਆਂ ਵਲੋਂ ਉੱਚ ਅਧਿਕਾਰੀਆਂ ਨਾਲ ਬੈਠਕ ਕੀਤੀ ਗਈ ਜਿਸ 'ਚ ਇਹ ਫੈਸਲਾ ਹੋਇਆ ਕਿ ਲੇਬਰ ਕੋਰਟ ਵਿਚ 28 ਮਾਰਚ ਅਤੇ ਹਾਈ ਕੋਰਟ ਵਿਚ 29 ਮਾਰਚ ਦੀ ਤਰੀਕ ਨੂੰ ਵੇਖਦੇ ਹੋਏ 1 ਅਪ੍ਰੈਲ ਤੱਕ ਯੂਨੀਅਨ ਦੇ ਆਗੂ ਹੀ ਮੁਕੰਮਲ ਬੋਰੀਆਂ ਦੀ ਭਰਾਈ ਕਰਨਗੇ ਉਸ ਤੋਂ ਬਾਅਦ ਜੋ ਫੈਸਲਾ ਅਦਾਲਤ ਦਾ ਆਵੇਗਾ ਇਸ ਅਨੁਸਾਰ ਸੰਘਰਸ਼ ਦੀ ਰੂਪ ਰੇਖਾ ਤਿਆਰ ਕੀਤੀ ਜਾਵੇਗੀ। ਪ੍ਰਸ਼ਾਸਨ ਵਲੋਂ ਬਸਪਾ ਪੰਜਾਬ ਦੇ ਇੰਚਾਰਜ ਸ. ਅਵਤਾਰ ਸਿੰਘ ਕਰੀਮਪੁਰੀ ਸਮੇਤ ਗ੍ਰਿਫ਼ਤਾਰ ਕੀਤੇ ਗਏ ਸਾਰੇ ਵਰਕਰਾਂ ਤੇ ਮਜਦੂਰਾਂ ਸਮੇਤ ਪਹਿਲਾ ਗ੍ਰਿਫ਼ਤਾਰ ਕੀਤੇ 54 ਮਜ਼ਦੂਰਾਂ ਨੂੰ ਵੀ ਬਿਨ੍ਹਾਂ ਸ਼ਰਤ ਛੱਡ ਦਿੱਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆ ਸ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਫਿਲੌਰ ਸਮੇਤ ਪੰਜਾਬ ਭਰ ਅੰਦਰ ਮਜ਼ਦੂਰ ਜੱਥੇਬੰਦੀਆ ਦੇ ਨਾਲ ਖੜੀ ਹੈ ਅਤੇ ਕਿਸੇ ਵੀ ਮਜ਼ਦੂਰ ਨਾਲ ਧੱਕੇਸ਼ਾਹੀ ਬਿਲਕੁਲ ਵੀ ਬਰਦਾਸ਼ਤ ਨਹੀ ਕੀਤੀ ਜਾਵੇਗੀ। ਇਸ ਮੌਕੇ ਬਸਪਾ ਪੰਜਾਬ ਦੇ ਪ੍ਰਧਾਨ ਰਛਪਾਲ ਰਾਜੂ, ਅੰਮ੍ਰਿਤਪਾਲ ਭੌਂਸਲੇ, ਰਜਿੰਦਰ ਕਜਲੇ, ਖੁਸ਼ੀ ਰਾਮ ਸਰਪੰਚ, ਬਲਵਿੰਦਰ ਕੁਮਾਰ, ਸੁਖਵਿੰਦਰ ਬਿੱਟੂ, ਬਾਬੂ ਸੁੰਦਰ ਪਾਲ, ਜਸਵਿੰਦਰ ਝੱਲੀ, ਰਾਏਬਰਿੰਦਰ ਕੌਂਸਲਰ, ਰਾਮ ਸਰੂਪ ਸਰੋਏ, ਪ੍ਰਵੀਨ ਬੰਗਾ, ਜੋਗਿੰਦਰਪਾਲ, ਡਾ. ਗਿਆਨ, ਪ੍ਰਿਥੀਪਾਲ ਲਾਡੀ, ਕਾਂਤੀ ਮੋਹਣ ਸਰਪੰਚ, ਡਾ. ਲਖਵੀਰ, ਦੇਵ ਫਿਲੌਰ, ਹਰਮਨਜੀਤ ਪ੍ਰਕਾਸ਼, ਸੁਰਿੰਦਰ ਢੰਡਾ ਤੇ ਵੱਡੀ ਗਿਣਤੀ ਵਿਚ ਬਸਪਾ ਵਰਕਰ ਤੇ ਐਫ.ਸੀ.ਆਈ ਮੁਲਾਜਮ ਹਾਜਰ ਸਨ।



## ਵਿਆਹ ਦੀ ਵਰ੍ਹੇਗੰਢ ਮੁਬਾਰਕ





ਸ਼ਾਮਚੁਰਾਸੀ ਦੇ ਪ੍ਰਗਟ ਸਿੰਘ ਅਤੇ ਪਿੰਡ ਧੋਗੜੀ ਦੀ ਸ਼ਤੀਸ਼ ਕੁਮਾਰੀ ਨੂੰ ਵਿਆਹ ਦੀਆਂ ਮੁਬਾਰਕਾਂ

# ਜੀ.ਪੀ ਸਿੰਘ ਬਣੇ ਰਾਜਪੁਰਾ ਪ੍ਰੈਸ ਕਲੱਬ ਰਾਜਪੁਰਾ ਦੇ ਪ੍ਰਧਾਨ

**ਰਾਜਪੁਰਾ (ਡਾ ਗੁਰਵਿੰਦਰ ਅਮਨ)-** ਸਥਾਨਕ ਨਿੱਜੀ ਰੇਸਤਰਾਂ ਵਿੱਚ ਅੱਜ ਰਾਜਪੁਰਾ ਪ੍ਰੈਸ ਕਲੱਬ ਰਾਜਪੁਰਾ (ਰਜਿ:) ਦੇ ਪ੍ਰਧਾਨ ਜਗਦੀਸ਼ ਕੇ.ਬੀ ਦੀ ਅਗਵਾਈ ਵਿੱਚ ਦੀ 2017-18 ਇੱਕ ਸਾਲ ਦੇ ਲਈ ਕਲੱਬ ਦੇ ਪ੍ਰਧਾਨ ਅਤੇ ਕਾਰਜ਼ਕਾਰਨੀ ਦੀ ਚੋਣ ਕਰਨ ਸਬੰਧੀ ਬੈਠਕ ਹੋਈ। ਇਸ ਦੌਰਾਨ ਪ੍ਰਧਾਨ ਕੇ.ਬੀ ਵੱਲੋਂ ਆਪਣੀ ਕਾਰਜ਼ਕਾਰਨੀ ਭੰਗ ਕਰਦਿਆਂ ਚੋਣ ਅਧਿਕਾਰੀ ਵੱਜੋਂ ਨਵੀ ਕਾਰਜ਼ਕਾਰਨੀ ਦੀ ਚੋਣ ਕਰਨ ਦਾ ਐਲਾਨ ਕੀਤਾ। ਜਿਸ ਤੇ ਡਾ: ਗੁਰਵਿੰਦਰ ਅਮਨ ਨੇ ਕਲੱਬ ਪ੍ਰਧਾਨ ਦੇ ਅਹੁਦੇ ਲਈ ਗੁਰਵਿੰਦਰ ਪਾਲ ਸਿੰਘ ਜੀ.ਪੀ ਦਾ ਅਤੇ ਕ੍ਰਿਸ਼ਨ ਨਿਰਦੋਸ਼ ਵੱਲੋਂ ਦਿਨੇਸ਼ ਠੇਕੇਦਾਰ ਦਾ ਨਾਂ ਪੇਸ਼ ਕੀਤਾ ਗਿਆ। ਜਦੋਂ



ਦੋਵੇ ਨਾਵਾਂ 'ਤੇ ਪ੍ਰਧਾਨ ਪਦ ਦੇ ਲਈ ਸਹਿਮਤੀ ਨਾ ਬਨਣ ਤੇ ਪਰਚੀ ਸਿਸਟਮ ਰਾਹੀਂ ਚੋਣ ਕੀਤੀ ਗਈ। ਜਿਸ ਵਿੱਚ ਗੁਰਵਿੰਦਰ ਪਾਲ ਸਿੰਘ ਜੀ.ਪੀ ਦੇ ਨਾਂ ਦੀ ਪਰਚੀ ਨਿਕਲਣ 'ਤੇ ਉਨ੍ਹਾਂ ਨੂੰ ਅਗਲੇ 1 ਸਾਲ ਦੇ ਲਈ ਕਲੱਬ ਪ੍ਰਧਾਨ ਚੁਣਦਿਆਂ ਆਪਣੀ ਕਾਰਜ਼ਕਾਰਨੀ ਬਣਾਉਣ ਦੇ ਅਧਿਕਾਰ ਦਿੱਤੇ ਗਏ। ਇਸ ਮੌਕੇ ਸਮੂਹ ਪੱਤਰਕਾਰ ਭਾਈਚਾਰੇ ਵੱਲੋਂ ਜੀ.ਪੀ ਸਿੰਘ ਨੂੰ ਫੁੱਲਾਂ ਦੇ ਹਾਰ ਪਾ ਕੇ ਵਧਾਈਆਂ ਦਿੱਤੀਆਂ ਗਈਆਂ।

ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਜੀ.ਪੀ ਸਿੰਘ ਨੇ ਆਪਣੇ ਸੰਬੋਧਨ 'ਚ ਪ੍ਰੈਸ ਕਲੱਬ ਦੀ ਬਿਹਤਰੀ ਲਈ ਸਾਰਿਆਂ ਨੂੰ ਨਾਲ ਲੈ ਕੇ ਕੰਮ ਕਰਨ ਅਤੇ ਪੱਤਰਕਾਰ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕਰਵਾਉਣ ਦਾ ਵਿਸ਼ਵਾਸ਼ ਦੁਆਇਆ। ਇਸ ਮੌਕੇ ਪੱਤਰਕਾਰ ਅਸ਼ੋਕ ਝਾਂਅ, ਰਵਿੰਦਰ ਲਾਲੀ, ਮੇਵਾ ਸਿੰਘ ਭੰਗੂ, ਅਲੋਕ ਮਸਤਾਨਾ, ਦਲਜੀਤ ਸਿੰਘ ਸ਼ੈਦਖੇੜੀ, ਐਚ. ਐਸ. ਸੈਣੀ, ਅਰਜੁਨ ਰੋਜ਼, ਅਸੋਕ ਸ਼ੈਜੜਾ, ਦੀਨਾ ਨਾਥ, ਇੰਦਰਜੀਤ ਸਿੰਘ ਵਿਰਦੀ, ਮਨੋਜ਼ ਕੁਮਾਰ ਹਾਜਰ ਸਨ।

# ਬੀ.ਐੱਸ.ਐੱਫ.ਨੇ ਸਰਹੱਦ 'ਤੇ ਦਰਖ਼ਤ ਹੇਠਾਂ ਨੱਪੀ 5 ਕਰੋੜ ਦੀ ਹੈਰੋਇਨ ਕੀਤੀ ਬਰਾਮਦ

**ਭਿੱਖੀਵਿੰਡ (ਭੁਪਿੰਦਰ ਸਿੰਘ)-** ਭਾਰਤ-ਪਾਕਿ ਸਰਹੱਦ 'ਤੇ ਤਾਇਨਾਤ ਬੀ.ਐੱਸ.ਐੱਫ. ਦੀ 77 ਬਟਾਲੀਅਨ ਨੇ ਅੱਜ ਚੌਂਕੀ ਗਜ਼ਲ ਅਧੀਨ ਬੀ.ਓ.ਪੀ. ਨੰਬਰ 170/5 ਦੇ ਕੋਲ ਕੀਤੇ ਸਰਚ ਅਭਿਐਨ ਦੌਰਾਨ 1 ਕਿੱਲੋ ਹੈਰੋਇਨ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ। ਜਾਣਕਾਰੀ ਅਨੁਸਾਰ ਬੀ.ਐੱਸ.ਐੱਫ. ਦੇ ਜਵਾਨਾਂ ਨੇ ਅੱਜ ਰੁਟੀਨ ਵਾਈਜ਼ ਜਦੋਂ ਗਜ਼ਲ ਸਥਿਤ



ਇਕ ਦਰਖ਼ਤ ਹੇਠਾਂ ਤਲਾਸ਼ੀ ਲਈ ਤਾਂ ਉਥੋਂ ਇਕ ਪਲਾਸਟਿਕ ਦੀ ਬੋਤਲ ਮਿਲੀ ਜਿਸ ਵਿਚੋਂ ਇਕ ਕਿੱਲੋ ਹੈਰੋਇਨ ਬਰਾਮਦ ਹੋਈ। ਬੀ.ਐੱਸ.ਐੱਫ. ਦੇ ਅਧਿਕਾਰੀਆਂ ਅਨੁਸਾਰ ਉਕਤ ਹੈਰੋਇਨ ਦੀ ਅੰਤਰ ਰਾਸ਼ਟਰੀ ਬਜ਼ਾਰ 'ਚ ਕੀਮਤ 5 ਕਰੋੜ ਦੇ ਕਰੀਬ ਬਣਦੀ ਹੈ। ਬੀ.ਐੱਸ.ਐੱਫ. ਵੱਲੋਂ ਇਸ ਸਬੰਧੀ ਉੱਚ ਅਧਿਕਾਰੀਆਂ ਨੂੰ ਸੂਚਿਤ ਕਰਨ ਦੇ ਨਾਲ ਨਾਲ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# "ਧਨੀ ਪਿੰਡ ਸਕੂਲ ਦੇ ਅੱਵਲ ਵਿਦਿਆਰਥੀਆਂ ਨੂੰ ਐਨ. ਆਰ. ਆਈ. ਗਿੱਲ ਪਰਿਵਾਰ ਨੇ ਦਿੱਤੇ 18 ਹਜ਼ਾਰ ਦੇ ਵਜੀਫੇ"

**ਫਗਵਾੜਾ (ਬੀ. ਕੇ. ਰੱਤੂ)-** ਸਰਕਾਰੀ ਸੀਨੀਅਰ ਸੈਕੰਡਰੀ ਸਕੂ.ਲ ਧਨੀ ਪਿੰਡ ਵਿਖੇ ਉੱਘੇ ਸਮਾਜ ਸੇਵੀ ਪ੍ਰਵਾਸੀ ਭਾਰਤੀ ਗਿੱਲ ਪਰਿਵਾਰ ਵੱਲੋਂ ਅਪਣੇ ਪਿਤਾ ਦੀ ਯਾਦ ਵਿੱਚ ਸ. ਰਤਨ ਸਿੰਘ ਗਿੱਲ ਮੈਮੋਰੀਅਲ ਟਰਸਟ ਰਾਹੀਂ ਸਕੂ.ਲ ਦੇ ਵੱਖ-ਵੱਖ-ਜਮਾਤਾਂ ਦੇ ਅੱਵਲ ਆਉਣ ਵਾਲੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ (ਸਟੇਟ ਅਵਾਰਡੀ) ਦੀ ਅਗਵਾਈ ਵਿੱਚ ਕਰਵਾਏ ਗਏ ਸਮਾਗਮ ਦੌਰਾਨ ਅਠਾਰਾਂ ਹਜ਼ਾਰ ਦੇ ਨਕਦ ਵਜੀਫੇ ਅਤੇ ਸਾਰਟੀਫਿਕੇਟ ਵੰਡੇ ਅਤੇ ਸਕੂਲ ਵਿੱਚ ਸੀ.ਸੀ.ਟੀ.ਵੀ. ਕੈਮਰਿਆਂ ਵਾਸਤੇ ਤੀਹ ਹਜ਼ਾਰ ਰੁਪਏ ਦਾਨ ਵੱਜੋਂ ਦਿੱਤੇ।

ਇਸ ਮੌਕੇ ਪ੍ਰਿੰਸੀਪਲ ਸ਼੍ਰੀ ਹਰਮੇਸ਼ ਲਾਲ ਘੇੜਾ ਨੇ ਦਾਨੀ ਸੱਜਣਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹੋ ਜਿਹੇ ਦਾਨੀ ਸੱਜਣਾ ਦੀ ਬਦੌਲਤ ਹੋਣਹਾਰ ਵਿਦਿਆਰਥੀਆਂ ਨੂੰ ਅੱਗੇ ਵਧਣ ਦਾ ਮੌਕਾ ਮਿਲਦਾ ਹੈ, ਸ. ਗੁਰਦੀਪ ਸਿੰਘ ਸੰਧੂ ਨੇ ਵਿਦਿਆਰਥੀਆਂ ਨੂੰ ਆਪਣੀ ਮਾਂ ਬੋਲੀ ਦਾ ਸਤਿਕਾਰ ਕਰਨ ਦੀ ਪ੍ਰੇਰਨਾ ਦਿੱਤੀ। ਸ. ਬਲਦੇਵ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਸਖਤ ਮਿਹਨਤ ਅਤੇ ਮਾਤਾ ਪਿਤਾ ਦਾ ਸਤਿਕਾਰ ਕਰਨ ਲਈ ਕਿਹਾ। ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।



ਇਸ ਮੌਕੇ ਸਮੂਹ ਸਟਾਫ ਅਤੇ ਸਕੂਲ ਪ੍ਰਬੰਧਕ ਕਮੇਟੀਆਂ ਵੱਲੋ ਗਿੱਲ ਪਰਿਵਾਰ ਨੂੰ ਸਕੂ.ਲੀ ਵਿਦਿਆਰਥੀਆਂ ਨੂੰ ਇਨਾਮ ਦੇਣ ਅਤੇ ਸੀ.ਸੀ.ਟੀ.ਵੀ ਕੈਮਰਿਆਂ ਵਾਸਤੇ ਦਿੱਤੇ ਯੋਗਦਾਨ ਲਈ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇਂ ਸ. ਬਲਦੇਵ ਸਿੰਘ ਗਿੱਲ, ਸ. ਅਮਰੀਕ ਸਿੰਘ ਗਿੱਲ, ਸ. ਕਸ਼ਮੀਰ ਸਿੰਘ ਗਿੱਲ, ਸ. ਮਹਿੰਦਰ ਸਿੰਘ ਗਿੱਲ, ਗੁਰਦੀਪ ਸਿੰਘ ਸੰਧੂ, ਗੁਰਮੀਤ ਰਾਮ ਸਰਪੰਚ ਧਨੀ ਪਿੰਡ, ਚੇਅਰਮੈਨ ਤਰਸੇਮ ਲਾਲ ਪੀ.ਟੀ.ਏ ਪ੍ਰਧਾਨ ਮਹਿੰਗਾ ਰਾਮ, ਦਾਨੀ ਸੱਜਣ ਬਕਲਾਰ ਸਿੰਘ, ਦਾਨੀ ਸੱਜਣ ਰਛਪਾਲ ਸਿੰਘ ਕੂਨਰ, ਰਮਨ ਕੁਮਾਰ, ਹੀਰਾ ਲਾਲ, ਸੰਜੇ ਕੁਮਾਰ, ਭਾਨਾ ਰਾਮ, ਬਿਸ਼ੰਸਰ ਦਾਸ, ਵਾਈ ਸਪ੍ਰਿੰਪਲ ਰਿਸ਼ੀ ਕੁਮਾਰ, ਲੈਕ. ਹਰਜੀਤ ਸਿੰਘ,ਲੈਕ. ਵਿਦਿਆ ਸਾਗਰ,ਰਾਮ ਦਿਆਲ, ਅਮਰਜੀਤ ਸਿੰਘ, ਅਮਰਦੀਪ ਜੱਖੂ, ਮੁਨੀਸ਼ ਕੁਮਾਰ, ਜਸਵਿੰਦਰ ਸਾਂਪਲਾ, ਜਸਵੀਰ ਕੌਰ, ਅੰਸ਼ੂ ਸੱਭਰਵਾਲ, ਸਰਬਜੀਤ ਕੌਰ ਅਤੇ ਸਕੂ.ਲ ਦੇ ਸਮੂਹ ਵਿਦਿਆਰਥੀ ਹਾਜਰ ਸਨ।

# ਕਾਂਗਰਸ ਸਰਕਾਰ ਹਰ ਸਾਲ 25 ਫ਼ੀਸਦੀ ਸ਼ਰਾਬ ਦੇ ਠੇਕੇ ਪੰਜਾਬ ਵਿੱਚ ਬੰਦ ਕਰੇ- ਅਨੀਤਾ ਸ਼ਰਮਾ

**ਲੁਧਿਆਣਾ:** ਬੇਲਨ ਬ੍ਰਿਗੇਡ ਦੀ ਕੌਮੀ ਪ੍ਰਧਾਨ ਆਰਕੀਟੇਕਟ ਅਨੀਤਾ ਸ਼ਰਮਾ ਨੇ ਕਾਂਗਰਸ ਸਰਕਾਰ ਨੂੰ ਈ ਮੇਲ ਭੇਜੀ ਜਿਸ ਵਿਚ ਉਹਨਾਂ ਨੇ ਕਿਹਾ ਕਿ ਸ਼ਰਾਬ ਸਭ ਨਸ਼ਿਆਂ ਦੀ ਜਨਮ ਦਾਤਾ ਹੈ ਕਿਉਂਕਿ ਪਹਿਲਾਂ ਇਨਸਾਨ ਸ਼ਰਾਬ ਪੀਂਦਾ ਹੈ ਜਦੋਂ ਉਸਦੇ ਨਸ਼ੇ ਦੀ ਭੈੜੀ ਆਦਤ ਵੱਧ ਜਾਂਦੀ ਹੈ ਅਤੇ ਜਦੋਂ ਉਹ ਸ਼ਰਾਬ ਨਾਲ ਪੂਰੀ ਨਹੀਂ ਹੁੰਦੀ ਤਾਂ ਹੋਰ ਨਸ਼ੇ ਹੀਰੋਈਨ ਸਮੈਕ, ਗਾਂਜਾ ਅਤੇ ਕੋਕੀਨ ਆਦਿ ਦਾ ਸੇਵਨ ਕਰਣ ਲੱਗ ਜਾਂਦਾ ਹੈ।

ਉਨ੍ਹਾਂ ਨੇ ਕਿਹਾ ਕਿ ਬੇਲਨ ਬ੍ਰਿਗੇਡ ਨੇ ਨਸ਼ਿਆਂ ਦੇ ਖਿਲਾਫ 2014 ਵਿੱਚ ਸੰਸਦੀ ਚੁਨਾਵਾਂ ਦੇ ਦੌਰਾਨ ਇਸਦੀ ਸ਼ੁਰੂਆਤ ਕੀਤੀ ਸੀ ਲੇਕਿਨ ਬਦਕਿਸਮਤੀ ਨਾਲ ਪੰਜਾਬ ਵਿੱਚ ਅੱਜ ਤੱਕ ਵੀ ਨਸ਼ੇ ਦਾ ਵਪਾਰ ਜਾਰੀ ਹੈ ਅਤੇ ਜਵਾਨ ਵਰਗ ਸਭ ਤੋਂ ਜ਼ਿਆਦਾ ਨਸ਼ੇ ਦਾ ਆਦੀ ਹੋ ਰਿਹਾ ਹੈ।

ਅਨੀਤਾ ਸ਼ਰਮਾ ਨੇ ਕਿਹਾ ਕਿ ਯੂ ਏਨ ਓ ਦੇ ਸਰਵੇ ਨਾਲ ਸਾਬਤ ਹੋ ਚੂਕਿਆ ਹੈ ਕਿ ਸਭ ਨਸ਼ਿਆਂ ਦੀ ਜੜ ਸ਼ਰਾਬ ਹੈ। ਸ਼ਰਾਬ ਦਾ ਵਪਾਰ ਪੰਜਾਬ ਵਿੱਚ ਸਰਕਾਰੀ ਠੇਕਿਆਂ ਉੱਤੇ ਜੋਰਾਂ ਨਾਲ ਹੋ ਰਿਹਾ ਹੈ। ਹਰ ਗਲੀ ਮੁਹੱਲੇ ਪਿੰਡ ਵਿੱਚ ਸ਼ਰਾਬ ਦੇ ਠੇਕੇ ਘਰਾਂ ਦੇ ਬਾਹਰ ਖੁੱਲੇ ਹੋਏ ਹਨ। ਇੱਥੇ ਜਨਤਾ ਆਸਾਨੀ ਨਾਲ ਸ਼ਰਾਬ ਖਰੀਦ ਸਕਦੀ ਹੈ। ਇਹੀ ਕਾਰਨ ਹੈ ਕਿ ਪੰਜਾਬ ਵਿੱਚ ਸਾਲ 2016 ਵਿੱਚ ਲੱਗਭੱਗ 8 ਕਰੋੜ 40 ਲੱਖ ਅੰਗਰੇਜ਼ੀ ਸ਼ਰਾਬ ਦੀ ਬੋਤਲ, 5 ਕਰੋੜ ਬੀਅਰ ਦੀ ਬੋਤਲ ਅਤੇ 27 ਕਰੋੜ ਦੇਸੀ ਸ਼ਰਾਬ ਦੀਆਂ ਬੋਤਲਾਂ ਦੀ ਖਪਤ ਵਿੱਚ ਏਕਸਾਇਜ ਵਿਭਾਗ ਦੇ ਅਨੁਮਾਨ ਦੇ ਅਨੁਸਾਰ ਹੋਈ



ਹੈ ਅਤੇ ਨਾਜਾਇਜ ਅਤੇ ਦੂੱਜੇ ਰਾਜਾਂ ਤੋਂ ਆਉਣ ਵਾਲੀ ਸ਼ਰਾਬ ਦਾ ਕੋਈ ਹਿਸਾਬ ਨਹੀ ਹੈ।

ਅਨੀਤਾ ਸ਼ਰਮਾ ਨੇ ਕਿਹਾ ਕਿ ਪੰਜਾਬ ਵਿੱਚ ਸ਼ਰਾਬ ਦੀ ਖਪਤ ਨਾਲ ਹੁਣ ਅਜਿਹਾ ਲੱਗਣ ਲਗਾ ਹੈ ਕਿ ਸ਼ਰਾਬ ਦਾ ਛੇਵਾਂ ਦਰਿਆ ਸਰਕਾਰ ਦੀ ਰਹਿਮਤ ਨਾਲ ਪੰਜਾਬ ਵਿੱਚ ਵਗਣ ਲੱਗ ਪਈ ਹੈ। ਦੂਜੇ ਪਾਸੇ ਆਪਣੇ ਗਮ ਮਿਟਾਉਣ ਲਈ ਇਸ ਦਰਿਆ ਵਿੱਚ ਗਰੀਬ ਅਤੇ ਅਮੀਰ ਡੁਬਕੀ ਲਗਾ ਰਹੇ ਹਨ। ਗਰੀਬ ਅਤੇ ਮਜਦੂਰ ਲੋਕ ਘਰ, ਪਰਿਵਾਰ, ਕੰਮ-ਕਾਜ ਦੀ ਚਿੰਤਾ, ਤਨਾਵ ਅਤੇ ਮਾਨਸਿਕ ਪਰੇਸ਼ਾਨੀ ਦੇ ਕਾਰਨ ਗਲੀ ਦੀ ਨੁੱਕੜ ਉੱਤੇ ਸਰਕਾਰੀ ਠੇਕਿਆਂ ਉੱਤੇ ਵਿਕ ਰਹੀ ਸ਼ਰਾਬ ਨੂੰ ਪੀਕੇ ਆਪਣੇ ਗਮ ਭੁਲਾਉਣ ਦੇ ਚੱਕਰ ਵਿੱਚ ਸ਼ਰਾਬੀ ਲੋਕ ਆਪਣੀ ਕਿਡਨੀ, ਲੀਵਰ, ਬਲਡ ਪ੍ਰੈਸ਼ਰ ਅਤੇ ਹਾਰਟ ਵਰਗੀ ਬਿਮਾਰੀਆਂ ਦੀ ਚਪੇਟ ਵਿੱਚ ਆ ਚੁੱਕੇ ਹਨ।

ਅਨੀਤਾ ਸ਼ਰਮਾ ਨੇ ਕਿਹਾ ਕਿ ਵਿਧਾਨ ਸਭਾ ਚੁਨਾਵਾਂ ਤੋਂ ਪਹਿਲਾਂ ਕਾਂਗਰਸ ਨੇ ਏਲਾਨ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਬਨਣ ਉੱਤੇ ਉਹ 4 ਮਹੀਨੇ ਵਿੱਚ ਨਸ਼ਾ ਖ਼ਤਮ ਕਰ ਦੇਣਗੇ ਅਤੇ 5 ਫ਼ੀਸਦੀ ਸ਼ਰਾਬ ਦੇ ਠੇਕਿਆਂ ਵਿੱਚ ਕਮੀ ਕਰਣਗੇ। ਲੇਕਿਨ ਬੇਲਨ ਬ੍ਰਿਗੇਡ ਦੀ ਕਾਂਗਰਸ ਸਰਕਾਰ ਤੋਂ ਮੰਗ ਹੈ ਕਿ ਉਹ ਪ੍ਰਤੀ ਸਾਲ 25 ਫ਼ੀਸਦੀ ਸ਼ਰਾਬ ਦੇ ਠੇਕੇ ਪੰਜਾਬ ਵਿੱਚ ਬੰਦ ਕਰੇ ਤਾਂ ਕਿ ਪੰਜਾਬ ਦੀ ਜਨਤਾ ਸੁਖ ਦਾ ਸਾਹ ਲੈ ਸਕੇ ਅਤੇ ਗਰੀਬ ਮਜਦੂਰ ਪਰਵਾਰ ਉਜੜਨ ਤੋਂ ਬੱਚ ਸਕਣ।

**- ਅਨੀਤਾ ਸ਼ਰਮਾ (9417423238)**

# ਸੰਤ ਨਾਰਾਇਣ ਦਾਸ ਜੀ ਦੀ ਯਾਦ ’ਚ ਵਿਸ਼ਾਲ ਸੰਤ ਸੰਮੇਲਨ



















**ਮਾਹਿਲਪੁਰ–** ਡੇਰਾ ਕੱਲਰਾਂ ਸ਼ੇਰਪੁਰ ਵਿਖੇ ਬ੍ਰਹਮਲੀਨ ਸੰਤ ਨਾਰਾਇਣ ਦਾਸ ਜੀ ਦੀ ਯਾਦ ਵਿਚ ਮੁੱਖ ਸੇਵਾਦਾਰ ਸੰਤ ਰਮੇਸ਼ ਦਾਸ, ਸੰਭੇ ਰਾਮ ਕ੍ਰਿਸ਼ਨ ਅਤੇ ਸੰਤ ਬੀਬੀ ਨੰਤੀ ਦੇਵੀ ਦੀ ਅਗਵਾਈ ਵਿਚ ਦੇਸ਼-ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ 27 ਵਾਂ ਵਿਸ਼ਾਲ ਸੰਤ ਸੰਮੇਲਨ ਸ਼ਰਧਾ ਨਾਲ ਕਰਵਾਇਆ ਗਿਆ। ਇਸ ਮੌਕੇ ਲੜੀਵਾਰ ਅਖੰਡ ਪਾਠਾਂ ਦੇ ਭੋਗ ਉਪਰੰਤ ਸਜਾਏ ਗਏ ਦੀਵਾਨ ਮੌਕੇ ਸੰਤ ਨਿਰਮਲ ਦਾਸ ਜੌੜੇ ਵਾਲੇ ਪ੍ਰਧਾਨ ਸਾਧੂ ਸੰਪਰਦਾਇ ਪੰਜਾਬ, ਸੰਤ ਰਣਜੀਤ ਸਿੰਘ ਬਾਹੋਵਾਲ, ਸੰਤ ਚਰਨ ਦਾਸ ਖੇੜਾ, ਸੰਤ ਗੋਪਾਲ ਦਾਸ, ਸੰਤ ਬਿਕਰਮ ਸਿੰਘ, ਸੰਤ ਹਰਮੀਤ ਸਿੰਘ ਬਣਾਂ ਸਾਹਿਬ, ਸੰਤ ਜਗਤਾਰ ਸਿੰਘ ਬਾਹੋਵਾਲ, ਸੰਤ ਟਹਿਲ ਨਾਥ, ਸੰਤ ਨਿਰੰਜਣਾ ਨੰਦ ਝਬਾਲ, ਸੰਤ ਭੋਲੇ ਨਾਥ ਜੀ ਕਬੀਰਪੰਥੀ, ਸੰਤ ਪ੍ਰਗਟ ਸਿੰਘ ਮਿੱਠਾ ਟਿਵਾਣਾ, ਸੰਤ ਹਰੀ ਦਾਸ ਮਾਹਿਲਪੁਰ, ਸੰਤ ਦਿਨੇਸ਼ ਗਿਰ ਜੀ ਹੁਸ਼ਿਆਰਪੁਰ, ਸੰਤ ਗੁਰਮੁਖ ਨੰਦ ਨੰਦਪੁਰ, ਸੰਤ ਸਵਰਣ ਦਾਸ ਜੀ ਸਲੇਮ ਟਾਬਰੀ ਲੁਧਿਆਣਾ, ਸੰਤ ਜਸਵੰਤ ਦਾਸ ਰਾਵਲਪਿੰਡੀ, ਸੰਤ ਸਤਨਾਮ ਦਾਸ ਮਹਿਦੂਦਾਂ, ਸੰਤ ਬਾਲ ਕ੍ਰਿਮਸ਼ਨ ਡੇਰਾ ਦੋ ਗੁੱਤਾਂ ਵਾਲੇ, ਸੰਤ ਬੀਬੀ ਮੀਨਾ ਦੇਵੀ ਜੀ ਡੇਰਾ ਰਤਨਪੁਰੀ, ਸੰਤ ਸਤਨਾਮ ਦਾਸ ਬੈਬੇਲੀ, ਸੰਤ ਜਗੀਰ ਦਾਸ ਲਲਵਾਨ, ਸੰਤ ਸ਼ਾਮ ਲਾਲ ਡੰਡੋਰਾਂ, ਸੰਤ ਗੁਰਪਾਲ ਦਾਸ ਤਾਰਾਗੜ੍ਹ, ਸੰਤ ਸ਼ੀਤਲ ਦਾਸ ਡੇਰਾ ਪੂਰਨ ਦਾਸ, ਸੰਤ ਬਲਵੰਤ ਦਾਸ ਡੇਰਾ ਡੀਂਗਰੀਆਂ ਮਜਾਰਾਂ ਆਦਿ ਸੰਤ ਮਹਾਂਪੁਰਸ਼ਾਂ ਨੇ ਆਪਣੇ ਪ੍ਰਵਚਨਾਂ ਨਾਲ ਸੰਗਤਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਬਾਣੀ ਵੱਲੋਂ ਦੱਸੇ ਮਾਰਗ ’ਤੇ ਚੱਲ ਕੇ ਆਪਣਾ ਜੀਵਨ ਸਫਲ ਕਰਨ ਲਈ ਪ੍ਰੇਰਿਆ।

ਇਸ ਮੌਕੇ ਕੀਰਤਨੀ ਜਥੇ ਗਿਆਨੀ ਪ੍ਰੋ. ਚੰਨਣ ਸਿੰਘ ਜੀ ਸੇਵਕ, ਭਾਈ ਹਰਜੀਤ ਸਿੰਘ ਬਟਾਲੇ ਵਾਲੇ, ਗਿਆਨੀ ਪਾਖਰ ਸਿੰਘ ਚੌਬੇਵਾਲ, ਗਿਆਨੀ ਗੁਰਮੇਲ ਸਿੰਘ ਰਾਜਪੁਰ ਭਾਈਆਂ, ਬੂਟਾ ਮੁਹੰਮਦ ਹੁਸ਼ਿਆਰਪੁਰ, ਗਿਆਨੀ ਅਮਰ ਸਿੰਘ ਹੁਸ਼ਿਆਰਪੁਰ, ਭਾਈ ਹਰਜੀਤ ਸਿੰਘ, ਭਾਈ ਜਸਵੰਤ ਸਿੰਘ ਨਸਰਾਲਾ, ਭਾਈ ਬਲਵੀਰ ਸਿੰਘ ਗੁਰਦਾਸਪੁਰੀ, ਬਲਜੀਤ ਸਿੰਘ ਖਾਲਸਾ ਬਡਲਾ ਅਤੇ ਢਾਡੀ ਜਥਾ ਗਿਆਨੀ ਜਸਦੀਪ ਸਿੰਘ ਨਾਗਰਾ ਮਹਿੰਦਪੁਰ ਵਾਲਿਆਂ ਨੇ ਰਸਭਿੰਨੇ ਕੀਰਤਨ ਅਤੇ ਵਾਰਾਂ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸੰਚਾਲਕ ਦੀ ਸੇਵਾ ਭਾਈ ਜੋਗਾ ਸਿੰਘ ਸ਼ੇਰਗੜ੍ਹ ਵਾਲਿਆਂ ਨੇ ਨਿਭਾਈ। ਜੋੜਿਆਂ ਦੀ ਸੇਵਾ ਨੌਜਵਾਨ ਸਭਾ ਚੰਦੋਲੀ ਵੱਲੋਂ ਨਿਭਾਈ ਗਈ।

## ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ

**ਘੱਲ ਕਲਾਂ–** ਪੰਜਾਬੀ ਸਾਹਿਤ ਸਭਾ ਘੱਲ ਕਲਾਂ ਵੱਲੋਂ ਸਭਾ ਦੇ ਸਰਪ੍ਰਸਤ ਪੰਜਾਬੀ ਲੇਖਕ ਡਾ. ਸੁਰਜੀਤ ਦੌਧਰ ਦੀ ਅਗਵਾਈ ਵਿਚ ਸ਼ਹੀਦੇ-ਆਜ਼ਮ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਜੀ ਦਾ ਸ਼ਹੀਦੀ ਦਿਹਾੜਾ ਦੇਸ਼ ਭਗਤ ਯਾਦਗਾਰ ਹਾਲ ਘੱਲ ਕਲਾਂ ਵਿਖੇ ਮਨਾਇਆ ਗਿਆ। ਇਸ ਮੌਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਫੁੱਲ-ਮਾਲਾਵਾਂ ਚੜ੍ਹਾਈਆਂ ਗਈਆਂ।



ਇਸ ਮੌਕੇ ਸਭਾ ਦੇ ਸਰਪ੍ਰਸਤ ਡਾ. ਸੁਰਜੀਤ ਦੌਧਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਬੰਬਾਂ ਨਾਲ ਲੈਸ ਦਿਖਾਇਆ ਗਿਆ ਹੈ, ਜਦਕਿ ਉਹਨਾਂ ਨੇ ਆਪਣੀਆਂ ਲਿਖਤਾਂ ਵਿਚ ਸਪਸ਼ਟ ਕੀਤਾ ਹੈ ਕਿ ਬੰਬ ਅਤੇ ਬੰਦੂਕਾਂ ਕਦੇ ਵੀ ਇਨਕਲਾਬ ਨਹੀਂ ਲਿਆ ਸਕਦੀਆਂ, ਇਹਨਾਂ ਨੂੰ ਤਾਂ ਵਿਚਾਰਾਂ ਦੀ ਸਾਣ ਦੇ ਤਿੱਖਾ ਕੀਤਾ ਜਾ ਸਕਦਾ ਹੈ। ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀ ਹਮੇਸ਼ਾ ਇਹੀ ਇੱਛਾ ਸੀ ਕਿ ਭਾਰਤ ਨੂੰ ਅੰਗਰੇਜ਼ਾਂ ਦੇ ਚੁੰਗਲ ਤੋਂ ਕਿਵੇਂ ਆਜ਼ਾਦ ਕਰਵਾਇਆ ਜਾਵੇ।

ਸਭਾ ਦੇ ਸਕੱਤਰ ਡਾ. ਬਲਰਾਜ ਸਿੰਘ ਨੇ ਕਿਹਾ ਕਿ ਅੱਜ ਸਾਨੂੰ ਲੋੜ ਹੈ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਜੀਵਨ ਨੂੰ ਸਮਝਣ ਅਤੇ ਫਲਸਫੇ ’ਤੇ ਚੱਲਣ ਅਤੇ ਵਿਚਾਰਧਾਰਾ ਨੂੰ ਅਪਣਾਉਣ ਦੀ।

ਇਸ ਮੌਕੇ ਸਭਾ ਦੇ ਖਜ਼ਾਨਚੀ ਅੰਤਰ ਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਆਰਟਿਸਟ ਮਨਜੀਤ ਸਿੰਘ, ਪ੍ਰਧਾਨ ਸਤਵੰਤ ਸਿੰਘ ਘੱਲ ਕਲਾਂ, ਸੁਰਜੀਤ ਸਿੰਘ, ਚਮਕੌਰ ਸਿੰਘ ਭਲਵਾਨ, ਸਮੂਹ ਮੈਂਬਰ ਅਤੇ ਪਿੰਡ ਤੇ ਪਤਵੰਤੇ ਹਾਜ਼ਰ ਸਨ।

**ਰਿਪੋਰਟ– ਡਾ. ਬਲਰਾਜ ਸਿੰਘ ਘੱਲ ਕਲਾਂ**
(98150-65177)

## ਨੰਨ੍ਹੀ ਕਲੀ ਫਾਊਂਡੇਸ਼ਨ ਹੈਦਰਾਬਾਦ ਵੱਲੋਂ ਬੱਚੀਆਂ ਨੂੰ ਬੈਗ ਤੇ ਲੋੜੀਂਦਾ ਸਮਾਨ ਵੰਡਿਆ



**ਘੱਲ ਕਲਾਂ–** ਪਿੰਡ ਘੱਲ ਕਲਾਂ ਦੇ ਸੀਨੀਅਰ ਕੰਨਿਆ ਸੈਕੰਡਰੀ ਸਕੂਲ ਵਿਖੇ ਨੰਨ੍ਹੀ ਕਲੀ ਫਾਊਂਡੇਸ਼ਨ ਹੈਦਰਾਬਾਦ ਵੱਲੋਂ ਇਕ ਸਾਦਾ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਅਗਵਾਈ ਕੋਰ ਕੋਆਰਡੀਨੇਟਰ ਅਮਨਦੀਪ ਕੌਰ ਨੇ ਕੀਤੀ। ਉਹਨਾਂ ਸ਼ਾਮ ਦੀਆਂ ਕਲਾਸਾਂ ਵਿਚ ਪੜ੍ਹਦੀਆਂ ਬੱਚੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਵੱਧ ਤੋਂ ਵੱਧ ਪੜ੍ਹ ਕੇ ਚੰਗੇ ਨੰਬਰ ਲਵੋ, ਤੁਹਾਨੂੰ ਹਰ ਖੇਤਰ ਵਿਚ ਨੌਕਰੀ ਦੇ ਮੌਕੇ ਮਿਲਣਗੇ। ਅੱਜ ਦੀਆਂ ਲੜਕੀਆਂ ਉਚੇ-ਉਚੇ ਅਹੁਦਿਆਂ ਤੇ ਬਿਰਾਜਮਾਨ ਹਨ। ਫਾਊਂਡੇਸ਼ਨ ਵੱਲੋਂ ਸ਼ਾਮ ਦੀਆਂ ਕਲਾਸਾਂ ਲਾਉਣ ਦਾ ਵੀ ਮੁੱਖ ਮਕਸਦ ਹੈ ਕਿ ਲੜਕੀਆਂ ਵੱਧ ਤੋਂ ਵੱਧ ਸਿੱਖਿਆ ਹਾਸਲ ਕਰਨ ਤਾਂ ਜੋ ਉਹ ਚੰਗੇ ਸਮਾਜ ਦੀ ਸਿਰਜਣਾ ਕਰ ਸਕਣ। ਇਸ ਮੌਕੇ ਕੋਰ-ਕੋਆਡੀਨੇਟਰ ਅਮਨਦੀਪ ਕੌਰ ਵੱਲੋਂ ਸ਼ਾਮ ਦੀ ਕਲਾਸ ਲਾਉਣ ਵਾਲੀਆਂ ਲੜਕੀਆਂ ਨੂੰ ਬੈਗ, ਬੂਟ-ਜੁਰਾਬਾਂ, ਕਾਪੀਆਂ, ਪੈਨ ਅਤੇ ਜੁਮੈਟਰੀ ਬਾਕਸ ਤਕਸੀਮ ਕੀਤੇ। ਇਸ ਮੌਕੇ ਅਮਨਦੀਪ ਕੌਰ ਨੰਨ੍ਹੀ ਕਲੀ ਕੋਆਰਡੀਨੇਟਰ ਜਸਪ੍ਰੀਤ ਕੌਰ, ਅਮਨਦੀਪ ਕੌਰ, ਇੰਦਰਪ੍ਰੀਤ ਕੌਰ, ਨਭੀ ਸਹੋਤਾ, ਸਰਪੰਚ ਸੁਖਜੀਤ ਕੌਰ, ਪ੍ਰਧਾਨ ਸਮਾਜ ਸੁਧਾਰ ਵੈਲਫੇਅਰ ਕਲੱਬ ਗੁਰਦੀਪ ਕੌਰ, ਬਲਜੀਤ ਕੌਰ ਅਟਵਾਲ ਆਦਿ ਹਾਜ਼ਰ ਸਨ। ਇਹ ਜਾਣਕਾਰੀ ਮਾਸਟਰ ਕੇਵਲ ਸਿੰਘ ਨੇ ਦਿੱਤੀ।

**ਰਿਪੋਰਟ– ਡਾ. ਬਲਰਾਜ ਸਿੰਘ ਘੱਲ ਕਲਾਂ**
(98150-65177)

## ਰਿਜ਼ਰਵੇਸ਼ਨ ਦੇ ਖਿਲਾਫ ਅਰਜ਼ੀ ਸੁਪਰੀਮ ਕੋਰਟ ਵਿਚ ਖਾਰਜ

**ਨਵੀਂ ਦਿੱਲੀ–** ਸੁਪਰੀਮ ਕੋਰਟ ਨੇ ਉਸ ਰਿੱਟ ਨੂੰ ਖਾਰਜ ਕਰ ਦਿੱਤਾ ਹੈ, ਜਿਸ ਵਿਚ ਕਿਹਾ ਗਿਆ ਸੀ ਕਿ ਸੰਵਿਧਾਨ ਤੋਂ ਧਰਮ, ਲਿੰਗ ਅਤੇ ਜਾਤੀ ਦੇ ਆਧਾਰ ’ਤੇ ਦਿੱਤੀ ਜਾਣ ਵਾਲੀ ਰਿਜ਼ਰਵੇਸ਼ਨ ਦੀ ਵਿਵਸਥਾ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਇਸ ਮਾਮਲੇ ਵਿਚ ਇਕ ਚਾਰਟਡ ਅਕਾਊਂਟੈਂਟ ਦੀ ਦਲੀਲ ਖਾਰਜ ਕਰਦੇ ਹੋਏ ਕਿਹਾ ਕਿ ਰਿਜ਼ਰਵੇਸ਼ਨ ਉਸ ਤਬਕੇ ਨੂੰ ਦਿੱਤੀ ਗਈ ਹੈ, ਜੋ ਮੋਢੇ ਨਾਲ ਮੋਢਾ ਮਿਲਾ ਕੇ ਬਾਕੀ ਦੇ ਲੋਕਾਂ ਨਾਲ ਨਹੀਂ ਚੱਲ ਸਕਦੇ। ਸੰਵਿਧਾਨ ਦੀ ਅਸਲੀ ਵਿਵਸਥਾ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕਦੀ।

ਤੁਹਾਡੀ ਇਸ ਬਾਰੇ ਮੌਲਿਕ ਸਮਝ ਨਹੀਂ ਹੈ। ਅਦਾਲਤ ਨੇ ਰਿੱਟ ਕਰਤਾ ਨੂੰ ਕਿਹਾ ਕਿ ਤੁਹਾਡੇ ਨਾਲ ਅਸੀਂ ਸਹਿਮਤ ਨਹੀਂ ਹਾਂ। ਤੁਸੀਂ ਪਹਿਲਾਂ ਜਾਓ, ਚੋਣ ਲੜੋ ਅਤੇ ਫਿਰ ਸੰਸਦ ਵਿਚ ਇਹ ਸਵਾਲ ਉਠਾਓ।

## ਭਾਰਤ ਤੇ ਅਮਰੀਕਾ ਵੱਲੋਂ ਸੁਰੱਖਿਆ ਸਮਝੌਤੇ ਮਜ਼ਬੂਤ ਕਰਨ ਦਾ ਫ਼ੈਸਲਾ

**ਵਾਸ਼ਿੰਗਟਨ**- ਭਾਰਤ ਤੇ ਅਮਰੀਕਾ ਨੇ ਸੁਰੱਖਿਆ ਤੇ ਖੇਤਰੀ ਮੁੱਦਿਆਂ ’ਤੇ ਵੱਡੇ ਪੱਧਰ ’ਤੇ ਸਹਿਯੋਗ ਲਈ ਭਾਗੀਦਾਰੀ ਮਜ਼ਬੂਤ ਕਰਨ ਦਾ ਸੰਕਲਪ ਲਿਆ ਹੈ। ਇਨ੍ਹਾਂ ਵਿੱਚ ਸਮੁੰਦਰੀ ਸੁਰੱਖਿਆ ਤੇ ਅਤਿਵਾਦ ਦਾ ਖ਼ਾਤਮਾ ਕਰਨਾ ਵੀ ਸ਼ਾਮਲ ਹੈ। ਕੌਮੀ ਸੁਰੱਖਿਆ ਸਲਾਹਕਾਰ ਅਜੀਤ ਕੇ ਡੋਵਾਲ ਦੀ ਇੱਥੇ ਅਮਰੀਕੀ ਰੱਖਿਆ ਸਕੱਤਰ ਜਨਰਲ ਰਿਟਾਇਰਡ ਜੇਮਜ਼ ਮੈਟਿਸ, ਜੌਹਨ ਕੈਲੀ ਤੇ ਲੈਫਟੀਨੈਂਟ ਜਨਰਲ ਐੱਚ ਆਰ ਮੈਕਮਾਸਟਰ ਨਾਲ ਹੋਈ ਮੀਟਿੰਗ ਵਿੱਚ ਇਹ ਫ਼ੈਸਲਾ ਲਿਆ ਗਿਆ। ਇਨ੍ਹਾਂ ਮੀਟਿੰਗਾਂ ਵਿੱਚ ਕਈ ਮੁੱਦਿਆਂ ’ਤੇ ਗੱਲਬਾਤ ਕੀਤੀ ਗਈ। ਅਤਿਵਾਦ ਦੇ ਮੁੱਦੇ ’ਤੇ ਸਬੰਧ ਮਜ਼ਬੂਤ ਕਰਨ ’ਤੇ ਜ਼ੋਰ ਦਿੱਤਾ ਗਿਆ। ਉਨ੍ਹਾਂ ਨੇ ਸੈਨੇਟਰ ਜੌਹਨ ਮੈਕੇਨ ਤੇ ਰਿਚਰਡ ਬਰ ਨਾਲ ਵੀ ਮੁਲਾਕਾਤ ਕੀਤੀ। ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਪੈਂਟਾਗਨ ਬੁਲਾਰੇ ਕੈਪਟਨ ਜੈੱਫ ਡੇਵਿਸ ਨੇ ਦੱਸਿਆ ਕਿ ਮੈਟਿਸ ਨੇ ਭਾਰਤ ਵੱਲੋਂ ਦੱਖਣੀ ਏਸ਼ੀਆ ਖੇਤਰ ਵਿੱਚ ਸਥਿਰਤਾ ਲਿਆਉਣ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਮੈਟਿਸ ਤੇ ਡੋਵਾਲ ਨੇ ਖੇਤਰੀ ਸੁਰੱਖਿਆ ਦੇ ਮੁੱਦੇ ’ਤੇ ਸਹਿਯੋਗ ’ਤੇ ਵੀ ਜ਼ੋਰ ਦਿੱਤਾ। ਦੋਵਾਂ ਨੇਤਾਵਾਂ ਨੇ ਦੋਵਾਂ ਦੇਸ਼ਾਂ ਵਿਚਕਾਰ ਰੱਖਿਆ ਸਮਝੌਤੇ ਦੀ ਪੈਰਵੀ ਕੀਤੀ।

Buying or Selling
Gas Stations and Hotels
All over in California

Do you want to Buy/Sell your Gas Station and Hotel business property?
Call us for a free consultation.

Call us for a Free Consultation about Selling your Gas Station or Hotel and we can also Give you our Expert Opinion of the Value of Your Gas Station or Hotel.




JOHN SINGH BANGA
916.271.5404
Lic # 01397975

DALVIR 'DIL' NIJJAR
916.628.2210
Lic # 01418648

Commercial Real estate and investment adviser

Shell Mobil EXXON TEXACO Chevron VALERO Holiday Inn Express Hampton Inn COURTYARD

7412 Elsie Avenue, Sacramento CA 95828

"Honesty and Experience make the Difference"
www. buyorsellgasstationsandhotels. com



AAA
AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price



Free Estimates
Free Towing

510- 733- 2222

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh



33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ | ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ | ਹਰ ਮੌਸਮ 'ਚ

ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ
Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**



ਵੈਦ ਅਮਰਜੀਤ ਅਮਰ

**ਸਪੈਸ਼ਲ ਅਮਰ ਤਿੱਲਾ** ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

**ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ**

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)

ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ | ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com



A & S
Auto Repair & Services
Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Service



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਪੰਜਾਬ ਦੇ ਲੋਕ-ਨਾਇਕ ਬਣਨਗੇ ਕੈਪਟਨ ਅਮਰਿੰਦਰ ਸਿੰਘ?

**ਪੰਜਾਬ ਦੇ ਕੈਪਟਨ ਦੇ ਇਹ ਬੋਲ, ਕਿ ਉਹ ਬਦਲਾ-ਲਊ ਸਿਆਸਤ ਕਰ ਕੇ ਸਮਾਂ ਨਹੀਂ ਗਵਾਉਣਗੇ, ਸਗੋਂ ਪੰਜਾਬ ਨੂੰ ਤੰਗੀਆਂ-ਤੁਰਸ਼ੀਆਂ, ਅਲਾਮਤਾਂ ਅਤੇ ਸੰਕਟ ਵਿੱਚੋਂ ਕੱਢ ਕੇ ਮੁੜ ਹਿੰਦੋਸਤਾਨ ਦਾ ਨੰਬਰ ਇੱਕ ਸੂਬਾ ਬਣਾਉਣਗੇ, ਤਸੱਲੀ ਭਰੇ ਹਨ। ਇਸ ਸੰਬੰਧ 'ਚ ਉਹਨਾ ਨੇ ਪਹਿਲ-ਕਦਮੀ ਕੀਤੀ ਹੈ। ਰਾਜ-ਪ੍ਰਬੰਧ ਦੇ ਸੁਧਾਰ ਅਤੇ ਸਿਆਸੀ ਆਗੂਆਂ ਤੇ ਆਮ ਲੋਕਾਂ 'ਚ ਦੂਰੀ ਘਟਾਉਣ ਲਈ ਉਨ੍ਹਾ ਨੇ ਲਾਲ ਬੱਤੀ ਕਲਚਰ ਨੂੰ ਖ਼ਤਮ ਕਰਨ ਦਾ ਐਲਾਨ ਕੀਤਾ ਹੈ। ਆਪਣੇ ਸਿਆਸੀ ਦ੍ਰਿੜ੍ਹ ਇਰਾਦੇ ਨੂੰ ਪ੍ਰਗਟਾਉਂਦਿਆਂ ਉਨ੍ਹਾਂ ਨੇ ਅਫ਼ਸਰਸ਼ਾਹੀ ਨੂੰ ਸਪੱਸ਼ਟ ਸੰਕੇਤ ਦਿੱਤੇ ਹਨ ਕਿ ਸੂਬੇ 'ਚ ਗੁੰਡਾਗਰਦੀ, ਮਾਫੀਆ ਰਾਜ ਦਾ ਖ਼ਾਤਮਾ ਉਨ੍ਹਾ ਦੀ ਪਹਿਲ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

ਪੰਜਾਬ 'ਚ ਕਾਂਗਰਸ ਨੂੰ ਭਾਰੀ ਬਹੁਮੱਤ ਮਿਲਿਆ ਹੈ। ਬਹੁਤੇ ਲੋਕਾਂ ਦਾ ਵਿਚਾਰ ਹੈ ਕਿ ਇਹ ਜਿੱਤ ਕਾਂਗਰਸ ਨਾਲੋਂ ਬਹੁਤੀ ਕੈਪਟਨ ਅਮਰਿੰਦਰ ਸਿੰਘ ਦੀ ਹੈ, ਜਿਨ੍ਹਾ ਦੀ ਸ਼ਖ਼ਸੀਅਤ ਪੰਜਾਬੀਆਂ ਨੂੰ ਭਾਅ ਗਈ, ਜਿਨ੍ਹਾ ਦੀਆਂ ਗੱਲਾਂ ਉੱਤੇ ਪੰਜਾਬੀਆਂ ਨੇ ਭਰੋਸਾ ਕੀਤਾ ਅਤੇ ਇੰਜ ਰਾਜ-ਗੱਦੀ ਪੰਜਾਬ ਦੇ ਇੱਕ ਰਾਜ ਪਰਵਾਰ ਦੇ ਮੁਖੀ ਦੇ ਹੱਥ ਆ ਗਈ ਹੈ।

ਖ਼ਾਲੀ ਖ਼ਜ਼ਾਨਾ, ਭੈੜਾ ਖਿੱਲਰਿਆ-ਪੁੱਲਰਿਆ ਰਾਜ-ਪ੍ਰਬੰਧ, ਆਰਥਿਕ ਤੰਗੀ ਨਾਲ ਅੱਧ-ਮੋਏ ਪੰਜਾਬੀ, ਬੇਰੁਜ਼ਗਾਰੀ ਦੀ ਚੱਕੀ 'ਚ ਪਿੱਸ ਰਹੇ ਨੌਜਵਾਨ, ਰੋ-ਕੁਰਲਾ ਰਿਹਾ ਕਿਸਾਨ ਭਾਈਚਾਰਾ, ਨੀਵਾਣਾਂ ਵੱਲ ਜਾ ਚੁੱਕਾ ਉਦਯੋਗ ਅਤੇ ਕਾਰੋਬਾਰ ਕੈਪਟਨ ਅਮਰਿੰਦਰ ਸਿੰਘ ਨੂੰ ਵਿਰਸੇ ਵਿੱਚ ਮਿਲਿਆ ਹੈ। ਇਨ੍ਹਾਂ ਸਾਰੇ ਮੁੱਦੇ-ਮਸਲਿਆਂ ਤੋਂ ਵੱਡਾ ਚੈਲਿੰਜ ਪੰਜਾਬ ਦੇ ਪਾਣੀਆਂ ਦਾ ਮਸਲਾ, ਉੱਪਰਲੀ ਮੋਦੀ ਸਰਕਾਰ ਨਾਲ ਤਾਲਮੇਲ, ਆਪਣੀ ਹਾਈ ਕਮਾਂਡ ਨਾਲ ਲੁਕਣ-ਛਿਪੀ ਅਤੇ ਪੰਜਾਬ ਦੇ ਢੁੱਠ ਵਾਲੇ ਕਾਂਗਰਸੀ ਨੇਤਾਵਾਂ ਨਾਲ ਇੱਕਸੁਰਤਾ ਅਤੇ ਦਹਾਕਾ ਭਰ ਸਿਆਸੀ ਜਲਾਵਤਨੀ ਹੰਢਾ ਚੁੱਕੇ ਕਾਂਗਰਸੀ ਵਰਕਰਾਂ ਦੀ ਸੰਤੁਸ਼ਟੀ ਦਾ ਮਾਮਲਾ ਵੀ ਹੈ। ਇਸ ਤੋਂ ਵੱਡੀ ਗੱਲ ਇਹ ਕਿ ਪੰਜਾਬ ਦੇ ਆਮ ਲੋਕ ਸਿਆਸੀ ਲੋਕਾਂ ਦੇ ਕੰਮਾਂ-ਕਾਰਾਂ, ਵਤੀਰੇ-ਵਿਹਾਰ ਤੋਂ ਤੰਗ ਆ ਕੇ ਉਨ੍ਹਾਂ ਨਾਲ ਦੂਰੀ ਬਣਾ ਬੈਠੇ ਹਨ, ਉਨ੍ਹਾਂ 'ਚ ਅਵਿਸ਼ਵਾਸ ਦੀ ਭਾਵਨਾ ਭਰ ਚੁੱਕੀ ਹੈ, ਉਹ ਨਿਰਾਸ਼ਤਾ ਦੇ ਆਲਮ ਵਿੱਚ ਹਨ, ਇਸ ਗੱਲੋਂ ਕਿ ਪੰਜਾਬ ਦਾ ਕੁਝ ਨਹੀਂ ਸੌਰਨਾ, ਇਥੇ ਤਾਂ ਰਿਸ਼ਵਤ ਇਵੇਂ ਹੀ ਚੱਲੂ, ਇਥੇ ਤਾਂ ਨਸ਼ੇ ਦੇ ਦਰਿਆ ਇਵੇਂ ਹੀ ਵਗਦੇ ਰਹਿਣੇ ਹਨ, ਇਥੇ ਤਾਂ ਆਪਣੇ ਕੰਮ-ਕਾਰ ਕਰਾਉਣ ਲਈ ਦਲਾਲਾਂ, ਰਾਜਸੀ ਕਾਰਕੁਨਾਂ ਦਾ ਸਹਾਰਾ ਲੈਣਾ ਹੀ ਪੈਣਾ ਹੈ, ਇਥੇ ਵਿਕਾਸ ਆਮ ਲੋਕਾਂ ਦਾ ਨਹੀਂ, ਢੁੱਠਾਂ ਵਾਲਿਆਂ ਦਾ ਹੋਣਾ ਹੈ, ਇਥੇ ਪੜ੍ਹਾਈ ਦੇ ਮੌਕੇ ਸਭਨਾਂ ਨੂੰ ਕਦੇ ਵੀ ਇੱਕੋ ਜਿਹੇ ਨਹੀਂ ਮਿਲਣੇ ਅਤੇ ਇਥੋਂ ਦੇ ਨੌਕਰਸ਼ਾਹ ਰਾਜ ਕਰਨ ਵਾਲੇ ਵਤੀਰੇ ਤੋਂ ਹਟ ਹੀ ਨਹੀਂ ਸਕਦੇ। ਪੰਜਾਬ ਦੇ ਕੈਪਟਨ ਦੇ ਇਹ ਬੋਲ, ਕਿ ਉਹ ਬਦਲਾ-ਲਊ ਸਿਆਸਤ ਕਰ ਕੇ ਸਮਾਂ ਨਹੀਂ ਗਵਾਉਣਗੇ, ਸਗੋਂ ਪੰਜਾਬ ਨੂੰ ਤੰਗੀਆਂ-ਤੁਰਸ਼ੀਆਂ, ਅਲਾਮਤਾਂ ਅਤੇ ਸੰਕਟ ਵਿੱਚੋਂ ਕੱਢ ਕੇ ਮੁੜ ਹਿੰਦੋਸਤਾਨ ਦਾ ਨੰਬਰ ਇੱਕ ਸੂਬਾ ਬਣਾਉਣਗੇ, ਤਸੱਲੀ ਭਰੇ ਹਨ। ਇਸ ਸੰਬੰਧ 'ਚ ਉਹਨਾ ਨੇ ਪਹਿਲ-ਕਦਮੀ ਕੀਤੀ ਹੈ। ਰਾਜ-ਪ੍ਰਬੰਧ ਦੇ ਸੁਧਾਰ ਅਤੇ ਸਿਆਸੀ ਆਗੂਆਂ ਤੇ ਆਮ ਲੋਕਾਂ 'ਚ ਦੂਰੀ ਘਟਾਉਣ ਲਈ ਉਨ੍ਹਾ ਨੇ ਲਾਲ ਬੱਤੀ ਕਲਚਰ ਨੂੰ ਖ਼ਤਮ ਕਰਨ ਦਾ ਐਲਾਨ ਕੀਤਾ ਹੈ। ਆਪਣੇ ਸਿਆਸੀ ਦ੍ਰਿੜ੍ਹ ਇਰਾਦੇ ਨੂੰ ਪ੍ਰਗਟਾਉਂਦਿਆਂ ਉਨ੍ਹਾ ਨੇ ਅਫ਼ਸਰਸ਼ਾਹੀ ਨੂੰ ਸਪੱਸ਼ਟ ਸੰਕੇਤ ਦਿੱਤੇ ਹਨ ਕਿ ਸੂਬੇ 'ਚ ਗੁੰਡਾਗਰਦੀ, ਮਾਫੀਆ ਰਾਜ ਦਾ ਖ਼ਾਤਮਾ ਉਨ੍ਹਾ ਦੀ ਪਹਿਲ ਹੈ। ਫਿਰ ਵੀ ਨੌਕਰਸ਼ਾਹਾਂ, ਪੁਲਸ ਅਫ਼ਸਰਾਂ ਦੇ ਹੁੰਦਿਆਂ, ਮੰਤਰੀਆਂ ਦੇ ਮਹਿਕਮਿਆਂ ਦੇ ਮੁਖੀ ਹੁੰਦਿਆਂ ਪਹਿਲਾਂ ਹੀ ਤੰਗੀਆਂ-ਤੁਰਸ਼ੀਆਂ ਦਾ ਸ਼ਿਕਾਰ ਸੂਬੇ 'ਚ ਵੱਖੋ-ਵੱਖਰੇ ਸਲਾਹਕਾਰ ਨਿਯੁਕਤ ਕਰ ਕੇ ਖ਼ਜ਼ਾਨੇ ਉੱਤੇ ਭਾਰ ਪਾਉਣਾ ਵੱਡੇ ਸਵਾਲ ਖੜੇ ਕਰਦਾ ਹੈ।

ਪਿਛਲੇ ਦਿਨਾਂ ਵਿੱਚ ਹੀ ਉਨ੍ਹਾ ਨੇ ਦਰਜਨ ਭਰ ਸਲਾਹਕਾਰ, ਸਿਆਸੀ ਸਲਾਹਕਾਰ, ਆਫ਼ੀਸਰ ਆਨ ਸਪੈਸ਼ਲ ਡਿਊਟੀ, ਪ੍ਰੈੱਸ ਸਲਾਹਕਾਰ ਨਿਯੁਕਤ ਕੀਤੇ ਹਨ, ਜਿਨ੍ਹਾਂ ਵਿੱਚ ਭਰਤ ਇੰਦਰ ਸਿੰਘ ਚਾਹਲ, ਤੇਜਿੰਦਰ ਸਿੰਘ ਸ਼ੇਰਗਿੱਲ, ਰਵੀਨ ਠੁਕਰਾਲ, ਕਰਨਪਾਲ ਸਿੰਘ ਸੇਖੋਂ, ਮੇਜਰ ਅਮਰਦੀਪ ਸਿੰਘ, ਵਿਮਲ ਸੁੰਬਲੀ, ਖ਼ੂਬੀ ਰਾਮ, ਸੋਨੂੰ ਢੇਸੀ, ਜਗਦੀਪ ਸਿੱਧੂ, ਆਦਿ ਸ਼ਾਮਲ ਹਨ। ਕੀ ਨਾਇਕ ਕੈਪਟਨ ਨੂੰ ਆਪਣੀ ਪੁਲਸ, ਅਫ਼ਸਰਸ਼ਾਹੀ ਉੱਤੇ ਯਕੀਨ ਨਹੀਂ ਕਿ ਉਹ ਕਾਂਗਰਸ ਪਾਰਟੀ ਦੀਆਂ ਪਾਲਿਸੀਆਂ ਨੂੰ ਅਤੇ ਉਨ੍ਹਾਂ ਵੱਲੋਂ ਦਿੱਤੇ ਹੁਕਮਾਂ ਨੂੰ ਲਾਗੂ ਕਰੇਗੀ? ਕੀ ਹੁਣ ਵਾਲੀ ਸਰਕਾਰ ਦਾ ਇਹ ਕੰਮ ਪਹਿਲੀ ਸਰਕਾਰ ਦੇ ਨਕਸ਼ੇ-ਕਦਮਾਂ ਉੱਤੇ ਤੁਰਨ ਦਾ ਤਾਂ ਨਹੀਂ, ਜਿਸ ਵੱਲੋਂ ਵੱਡੀ ਗਿਣਤੀ 'ਚ ਚੀਫ ਪਾਰਲੀਮਾਨੀ ਸਕੱਤਰ, ਸਲਾਹਕਾਰ, ਬੋਰਡਾਂ, ਕਾਰਪੋਰੇਸ਼ਨਾਂ, ਜਾਤੀਆਂ ਦੇ ਨਾਮ 'ਤੇ ਖੋਲ੍ਹੇ ਭਲਾਈ ਬੋਰਡਾਂ 'ਚ ਆਪਣੇ 'ਬੰਦੇ' ਸਿਰਫ਼ ਸਿਆਸੀ ਲਾਹਾ ਲੈਣ ਅਤੇ ਉਨ੍ਹਾਂ ਨੂੰ ਖ਼ੁਸ਼ ਕਰਨ ਲਈ ਹੀ ਨਿਯੁਕਤ ਕੀਤੇ ਹੋਏ ਸਨ ਅਤੇ ਜਿਨ੍ਹਾਂ ਵੱਲੋਂ ਖ਼ਜ਼ਾਨੇ ਦੀ ਲੁੱਟ 'ਚ ਖੁੱਲ੍ਹ ਖੇਡਿਆ ਗਿਆ ਸੀ? ਪਿਛਲੀ ਸਰਕਾਰ ਦੀ ਖ਼ਜ਼ਾਨੇ ਦੀ ਲੁੱਟ ਦੀ ਇੰਤਹਾ ਦੇਖੋ ਕਿ ਸਾਬਕਾ ਮੰਤਰੀਆਂ ਸਿਕੰਦਰ ਸਿੰਘ ਮਲੂਕਾ ਕੋਲ 31, ਤੋਤਾ ਸਿੰਘ ਕੋਲ 21, ਦਲਜੀਤ ਸਿੰਘ ਕੋਲ 11, ਆਦੇਸ਼ ਪ੍ਰਤਾਪ ਸਿੰਘ ਕੋਲ 14, ਸੋਹਨ ਸਿੰਘ ਠੰਡਲ ਕੋਲ 31, ਭਗਤ ਚੂੰਨੀ ਲਾਲ, ਸੁਰਜੀਤ ਸਿੰਘ ਰੱਖੜਾ, ਸੁਰਜੀਤ ਜਿਆਣੀ ਕੋਲ 17-17 ਸਕਿਉਰਿਟੀ ਗਾਰਡ ਉਨ੍ਹਾਂ ਦੀ ਸੁਰੱਖਿਆ ਲਈ ਤਾਇਨਾਤ ਸਨ। ਇਸ ਸਮੇਂ ਪੰਜਾਬ ਸਰਕਾਰ ਦੇ ਸਿਰ 178 ਲੱਖ ਕਰੋੜ ਰੁਪਿਆਂ ਦਾ ਕਰਜ਼ਾ ਹੈ, ਜੋ 9 ਫ਼ੀਸਦੀ ਮਿਸ਼ਰਤ ਵਿਆਜ ਨਾਲ ਦਿਨੋਂ-ਦਿਨ ਵਧ ਰਿਹਾ ਹੈ ਅਤੇ ਹਰ ਸਾਲ ਇਸ ਨੂੰ 22,885 ਕਰੋੜ ਰੁਪਏ ਵਿਆਜ ਦੇ ਹੀ ਦੇਣੇ ਪੈ ਰਹੇ ਹਨ। ਅੰਕੜੇ ਦੱਸਦੇ ਹਨ ਕਿ ਪੰਜਾਬ ਦੇ ਕਿਸਾਨਾਂ ਜ਼ਿੰਮੇ 80,000 ਕਰੋੜ ਰੁਪਏ ਦਾ 11.4 ਫ਼ੀਸਦੀ ਮਿਸ਼ਰਤ ਵਿਆਜ ਨਾਲ ਦੇਣ ਵਾਲਾ ਕਰਜ਼ਾ ਹੈ, ਜਿਸ ਦਾ 13,028 ਕਰੋੜ ਰੁਪਿਆ ਹਰ ਸਾਲ ਵਿਆਜ ਦੇਣਾ ਹੁੰਦਾ ਹੈ। ਉਹ ਕਰਜ਼ਾ ਪੰਜਾਬ ਸਰਕਾਰ ਨੇ ਆਪਣੇ ਵੱਲੋਂ ਲੰਬੀਆਂ ਕਿਸ਼ਤਾਂ 'ਚ ਚੁਕਾਉਣ ਲਈ ਬੈਂਕਾਂ ਨਾਲ ਅਹਿਦ ਕਰਨਾ ਹੈ। ਭਾਵ ਪੰਜਾਬ ਰਾਜ ਅਤੇ ਕਿਸਾਨਾਂ ਸਿਰ ਕਰਜ਼ੇ ਦਾ ਹਰ ਵਰ੍ਹੇ 36000 ਕਰੋੜ ਰੁਪਿਆ ਚੁਕਾਉਣਾ ਪੈਣਾ ਹੈ, ਜਿਸ ਨਾਲ 12000 ਰੁਪਏ ਪ੍ਰਤੀ ਮਹੀਨਾ ਇੱਕ ਨੌਜਵਾਨ ਭਰਤੀ ਕਰ ਕੇ 25 ਲੱਖ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕੀਤਾ ਜਾ ਸਕਦਾ ਹੈ, ਜਿਸ ਦਾ ਵਾਅਦਾ ਨਾਇਕ ਕੈਪਟਨ ਦੀ ਕਾਂਗਰਸ ਪਾਰਟੀ ਨੇ ਪੰਜਾਬੀਆਂ ਨਾਲ ਕੀਤਾ ਹੈ ਅਤੇ ਘਰੋ-ਘਰੀ ਜਾ ਕੇ ਫ਼ਾਰਮ ਭਰੇ ਹੋਏ ਹਨ।



ਬਿਨਾਂ ਸ਼ੱਕ ਸੂਬੇ ਦੇ ਰੈਵੇਨਿਊ ਵਿਭਾਗ ਨੂੰ ਤੁਰੰਤ ਰਜਿਸਟਰੀਆਂ ਕਰਨ ਅਤੇ ਇੱਕ ਹਫ਼ਤੇ 'ਚ ਜਾਇਦਾਦ ਦੇ ਇੰਤਕਾਲ ਦੇ ਹੁਕਮ ਪੰਜਾਬ ਸਰਕਾਰ ਵੱਲੋਂ ਦਿੱਤੇ ਗਏ ਹਨ, ਜ਼ਿਲ੍ਹਾ ਟਰਾਂਸਪੋਰਟ ਦਫ਼ਤਰ ਬੰਦ ਕਰ ਦਿੱਤੇ ਗਏ ਹਨ, ਪਰ ਪਹਿਲਾਂ ਹੀ ਚੱਲ ਰਹੇ ਸੁਵਿਧਾ ਕੇਂਦਰਾਂ ਦਾ ਭਵਿੱਖ ਸਰਕਾਰ ਵੱਲੋਂ ਨਿਸ਼ਚਿਤ ਕਰਨ ਦਾ ਯਤਨ ਨਹੀਂ ਹੋਇਆ, ਜਿੱਥੋਂ ਮਹਿੰਗੇ ਭਾਅ ਉੱਤੇ ਪੰਜਾਬੀਆਂ ਨੂੰ ਸੁਵਿਧਾਵਾਂ ਲੈਣ ਉੱਤੇ ਪਿਛਲੀ ਸਰਕਾਰ ਨੇ ਮਜਬੂਰ ਕਰ ਦਿੱਤਾ ਹੋਇਆ ਹੈ, ਜਿਸ ਵੱਲੋਂ ਨਾਮ ਦੀ ਤਬਦੀਲੀ, ਲਾਈਸੈਂਸ, ਵੱਖੋ-ਵੱਖਰਿਆਂ ਮਹਿਕਮਿਆਂ ਨਾਲ ਸੰਬੰਧਤ ਕੰਮ ਇੱਕ ਛੱਤ ਥੱਲੇ ਕਰ ਦਿੱਤੇ ਗਏ ਹੋਏ ਹਨ, ਪਰ ਇਥੇ ਸਰਵਿਸ ਚਾਰਜ ਦੇ ਨਾਮ ਉੱਤੇ ਉਗਰਾਹੀਆਂ ਜਾ ਰਹੀਆਂ ਵੱਡੀਆਂ ਫੀਸਾਂ ਗ਼ਰੀਬ ਆਦਮੀ ਦੀ ਪਹੁੰਚ ਤੋਂ ਬਾਹਰ ਹਨ ਅਤੇ ਲੋੜੋਂ ਵੱਧ ਸਮਾਂ ਇਨ੍ਹਾਂ ਕੇਂਦਰਾਂ ਦੇ ਚੱਕਰ ਮਾਰ ਕੇ ਸਧਾਰਨ ਕੰਮ ਕਰਵਾਉਣ ਲਈ ਵੀ ਲੰਮੀਆਂ ਕਤਾਰਾਂ ਵਿੱਚ ਖੜਨਾ ਪੈਂਦਾ ਹੈ। ਉੱਚ ਅਧਿਕਾਰੀਆਂ ਵੱਲੋਂ ਜਾਰੀ ਕੀਤੇ ਜਾਂਦੇ ਅਨੁਸੂਚਿਤ ਜਾਤੀ/ਪੱਛੜੀ ਜਾਤੀ ਸਰਟੀਫਿਕੇਟ ਨੂੰ ਸੁਵਿਧਾ ਕੇਂਦਰਾਂ ਵਿੱਚੋਂ ਲੈਣ ਲਈ ਜਿੰਨੀਆਂ ਦਿਹਾੜੀਆਂ ਲੋਕਾਂ ਨੂੰ ਖੱਜਲ ਹੋਣਾ ਪੈਂਦਾ ਹੈ, ਜਨਮ-ਮੌਤ ਸਰਟੀਫਿਕੇਟ ਲੈਣ-ਦਰਜ ਕਰਾਉਣ ਲਈ ਜਿਵੇਂ ਔਖੇ ਹੋਣਾ ਪੈਂਦਾ ਹੈ, ਉਹ ਕਿਸੇ ਹਾਲਤ ਵਿੱਚ ਸੁਵਿਧਾ ਸ਼ਬਦ ਦੇ ਅਰਥ ਦੇ ਅਨੁਕੂਲ ਨਹੀਂ, ਸਗੋਂ ਅਸੁਵਿਧਾ ਬਣਿਆ ਬੈਠਾ ਹੈ ਅਤੇ ਪ੍ਰਾਈਵੇਟ ਕੰਪਨੀਆਂ ਦੀਆਂ ਜੇਬਾਂ ਭਰਨ ਦਾ ਸਾਧਨ ਹੈ। ਕੀ ਇਸ ਗੱਲ ਦੀ ਲੋੜ ਨਹੀਂ ਕਿ ਇਹ ਪਤਾ ਕੀਤਾ ਜਾਵੇ ਕਿ ਇਨ੍ਹਾਂ ਕੰਪਨੀਆਂ ਨੂੰ ਚਲਾਉਣ ਵਾਲੇ ਲੋਕ ਕੌਣ ਹਨ ਤੇ ਕਿਵੇਂ ਠੇਕੇ ਲੈਂਦੇ ਹਨ?

ਸ਼ਰਾਬ ਦੇ ਠੇਕਿਆਂ ਦੀ ਗਿਣਤੀ ਘਟਾਉਣੀ ਚੰਗਾ ਸ਼ਗਨ ਹੈ, ਪਰ ਕੀ ਸਮੇਂ ਦੀ ਮੰਗ ਪੰਜਾਬ ਵਿੱਚ ਨਸ਼ਾ-ਬੰਦੀ ਨਹੀਂ? ਸਮੈਕ ਤੇ ਹੋਰ ਸਿੰਥੈਟਿਕ ਨਸ਼ਿਆਂ ਨੂੰ ਸਮਾਂ-ਬੱਧ ਢੰਗ ਨਾਲ ਬੰਦ ਕਰਨਾ ਤਦੇ ਚੰਗੀ ਪ੍ਰਾਪਤੀ ਹੋ ਸਕੇਗੀ, ਜੇਕਰ ਇਨ੍ਹਾਂ ਨਸ਼ਿਆਂ ਤੋਂ ਪੀੜਤ ਨੌਜਵਾਨਾਂ, ਲੋਕਾਂ ਨੂੰ ਇਸ ਬੀਮਾਰੀ ਤੋਂ ਛੁਟਕਾਰਾ ਦਿਵਾਉਣ ਲਈ ਹੋਰ ਨਸ਼ਾ -ਛੁਡਾਊ ਕੇਂਦਰ ਖੋਲ੍ਹੇ ਜਾਣ ਅਤੇ ਇਨ੍ਹਾਂ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣ।

ਪੰਜਾਬ ਦੇ ਵਿਗੜ ਚੁੱਕੇ ਤਾਣੇ-ਬਾਣੇ ਨੂੰ ਥਾਂ ਸਿਰ ਕਰਨ ਲਈ ਬੇ-ਗਰਜ਼ ਮਿਹਨਤ ਦੀ ਲੋੜ ਹੋਵੇਗੀ। ਇਹ ਮਿਹਨਤ ਸਫ਼ਲ ਵੀ ਤਦੇ ਹੋਵੇਗੀ, ਜੇਕਰ ਸਰਕਾਰ ਲੋਕਾਂ ਦਾ ਸਹਿਯੋਗ ਲੈ ਕੇ ਤੁਰੇਗੀ। ਲੋਕਾਂ ਤੋਂ ਬਣਾਈ ਦੂਰੀ ਕਿਸੇ ਵੀ ਹਾਲਤ ਵਿੱਚ ਉਨ੍ਹਾਂ ਲਈ ਬਣਾਏ ਪ੍ਰੋਗਰਾਮਾਂ ਨੂੰ ਲਾਗੂ ਕਰਨ 'ਚ ਦਿੱਕਤਾਂ ਪੈਦਾ ਕਰੇਗੀ। ਉਂਜ ਵੀ ਇਹ ਗੱਲ ਨਾਇਕ ਕੈਪਟਨ ਲਈ ਚੇਤੇ ਰੱਖਣ ਯੋਗ ਹੋਵੇਗੀ ਕਿ ਪੰਜਾਬ 'ਚ ਕੈਪਟਨ/ਕਾਂਗਰਸ ਸਮੱਰਥਕ ਲੋਕਾਂ ਦੀ ਗਿਣਤੀ ਲੱਗਭੱਗ ਇੱਕ-ਤਿਹਾਈ ਤੋਂ ਥੋੜ੍ਹੀ ਉੱਪਰ ਹੈ, ਭਾਵ ਉਸ ਨੂੰ 2017 ਦੀਆਂ ਵਿਧਾਨ ਸਭਾ ਚੋਣਾਂ 'ਚ 38.50 ਫ਼ੀਸਦੀ ਵੋਟ ਮਿਲੇ ਹਨ। ਬਾਕੀ 61.5 ਫ਼ੀਸਦੀ ਵੋਟਾਂ ਉਨ੍ਹਾਂ ਦੇ ਉਲਟ ਪਈਆਂ ਹਨ ਅਤੇ ਉਹ 117 ਅਸੰਬਲੀ ਸੀਟਾਂ ਵਿੱਚੋਂ 77 ਅਸੰਬਲੀ ਸੀਟਾਂ ਉੱਤੇ ਕਾਬਜ਼ ਹੋਏ ਹਨ। ਚੋਣ ਵਾਅਦਿਆਂ ਤੋਂ ਲਿਆ ਗਿਆ ਰਤਾ ਕੁ ਉਲਟ ਲੋਕ-ਵਿਰੋਧੀ ਫ਼ੈਸਲਾ ਕਾਂਗਰਸੀ ਨਾਇਕ ਦੀਆਂ ਜੜ੍ਹਾਂ ਹਿਲਾਉਣ ਲਈ ਕਾਫ਼ੀ ਹੋਵੇਗਾ।

ਕੈਪਟਨ ਵੱਲੋਂ ਬੋਲੀ 'ਤੇ ਆਧਾਰਤ ਪੰਜਾਬੀ ਸੂਬੇ ਦੇ ਮੁੱਖ ਮੰਤਰੀ ਵਜੋਂ ਅੰਗਰੇਜ਼ੀ 'ਚ ਸਹੁੰ ਚੁੱਕੇ ਜਾਣ ਕਾਰਨ ਉਨ੍ਹਾ ਦਾ ਪੰਜਾਬੀ ਚਿੰਤਕਾਂ ਦੀ ਚਰਚਾ ਵਿੱਚ ਆਉਣਾ ਪੰਜਾਬ ਲਈ ਸ਼ੁੱਭ ਸ਼ਗਨ ਨਹੀਂ ਮੰਨਿਆ ਗਿਆ, ਕਿਉਂਕਿ ਪੰਜਾਬੀ ਲੋਕਾਂ ਵੱਲੋਂ ਪੰਜਾਬ ਦਾ ਨਾਇਕ ਉਹੋ ਹੀ ਬਣਨ ਦਾ ਹੱਕਦਾਰ ਗਿਣਿਆ ਜਾਵੇਗਾ, ਜਿਹੜਾ ਪੰਜਾਬ-ਹਿਤੈਸ਼ੀ ਹੋਵੇਗਾ, ਪੰਜਾਬੀ ਬੋਲੀ ਅਤੇ ਪੰਜਾਬੀਅਤ ਦਾ ਅਲੰਬਰਦਾਰ ਬਣ ਕੇ ਪੰਜਾਬ ਵਿੱਚ ਵਿਚਰਣ ਦੀ ਸਮਰੱਥਾ ਰੱਖਦਾ ਹੋਵੇਗਾ।

### ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਕਵੀ ਦਰਬਾਰ ਤੇ ਸਨਮਾਨ ਸਮਾਰੋਹ

# ਨਿਸ਼ਾਨਾ ਮਿੱਥਕੇ, ਮਿਹਨਤ ਨਾਲ ਉਸ ਉੱਤੇ ਕੰਮ ਕੀਤਿਆਂ ਹੀ ਸਫ਼ਲਤਾ ਦਾ ਮੁੱਖ ਚੁੰਮਿਆ ਜਾ ਸਕਦਾ ਹੈ - ਸੋਢੀ

**ਫਗਵਾੜਾ-** ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਵਲੋਂ ਸਕੇਪ ਪੰਜਾਬ ਦੇ ਸਹਿਯੋਗ ਨਾਲ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਵੀ ਦਰਬਾਰ ਤੇ ਸਨਮਾਨ ਸਮਾਰੋਹ ਪ੍ਰਿੰਸੀਪਲ ਗੁਰਮੀਤ ਪਲਾਹੀ ਦੀ ਅਗਵਾਈ ਤੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਬਲੱਡ ਬੈਂਕ ਹਰਗੋਬਿੰਦ ਨਗਰ ਫਗਵਾੜਾ ਵਿਖੇ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਉਲੰਪੀਅਨ ਸ੍ਰ. ਸੁਰਿੰਦਰ ਸਿੰਘ ਸੋਢੀ (ਸਾਬਕਾ ਆਈ.ਜੀ.) ਪੰਜਾਬ ਪੁਲਿਸ ਤੇ ਵਿਸ਼ੇਸ਼ ਮਹਿਮਾਨ ਵਜੋਂ ਹਰਵਿੰਦਰ ਸਿੰਘ ਐਸ.ਪੀ. ਫਗਵਾੜਾ ਤੇ ਸ਼੍ਰੀ ਪਵਨ ਕੁਮਾਰ ਬੀਸਲਾ ਐਡੀਸ਼ਨਲ ਐਸ.ਈ. ਪਾਵਰਕਾਮ ਫਗਵਾੜਾ ਨੇ ਸ਼ਿਰਕਤ ਫ਼ਰਮਾਈ।

ਇਸ ਮੌਕੇ ਸਭਾ ਵਲੋਂ ਮਾਂ ਬੋਲੀ ਪੰਜਾਬੀ, ਸਮਾਜ ਸੇਵਾ ਦੇ ਖੇਤਰ ਤੇ ਸੱਭਿਆਚਾਰਕ ਲੇਖਣੀ ਵਿੱਚ ਆਪਣਾ ਵਡ-ਮੁੱਲਾ ਯੋਗਦਾਨ ਪਾਉਣ 'ਤੇ ਪ੍ਰੀਤਮ ਸਿੰਘ ਕੈਂਥ (ਲੇਖਕ ਯੂ.ਕੇ.), ਜੱਸੀ ਬੰਗਾ (ਸਮਾਜ ਸੇਵਕ ਤੇ ਇੰਟਰਨੈਸ਼ਨਲ ਸੱਭਿਆਚਾਰਕ ਪ੍ਰਮੋਟਰ ਯੂ.ਐਸ.ਏ.), ਗੁਰਸ਼ਰਨ ਸਿੰਘ (ਗ਼ਜ਼ਲਗੋ ਯੂ.ਕੇ.), ਐਸ.ਐਸ.ਚਾਹਲ (ਉੱਘੇ ਪੱਤਰਕਾਰ ਯੂ.ਐਸ.ਏ), ਮੋਹਣ ਸਿੰਘ ਕੁੱਕੜਪਿੰਡੀਆ (ਨਾਵਲਕਾਰ ਯੂ.ਕੇ.), ਬੀ.ਆਰ.ਕਟਾਰੀਆ (ਸਮਾਜ ਸੇਵਕ ਯੂ.ਕੇ), ਚਰਨਜੀਤ ਸਿੰਘ ਪੰਨੂ (ਲੇਖਕ ਯੂ.ਐਸ.ਏ.) ਤੇ ਬਲਦੇਵ ਕ੍ਰਿਸ਼ਨ ਸਾਂਝਾਂ ਪਿਆਰ ਦੀਆਂ ਸੰਸਥਾ ਨੂੰ ਯਾਦਗਾਰੀ ਚਿੰਨ੍ਹ ਤੇ ਦੋਸ਼ਾਲਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਕਵੀ ਦਰਬਾਰ ਦਾ ਆਗ਼ਾਜ ਭਜਨ ਸਿੰਘ ਵਿਰਕ ਵਲੋਂ ਕੀਤਾ ਗਿਆ, ਡਾ. ਜਵਾਹਰ ਧੀਰ, ਤਾਰਾ ਸਿੰਘ, ਨਵਦੀਪ ਸਿੰਘ, ਬਲਦੇਵ ਕੋਮਲ, ਜਸਵੀਰ ਕੌਰ ਪਰਮਾਰ, ਭਿੰਡਰ ਪਟਵਾਰੀ, ਸ਼ੀਤਲ ਰਾਮ ਬੰਗਾ, ਰਵਿੰਦਰ ਚੋਟ,ਮਨੋਜ ਫਗਵਾੜਵੀ, ਰਾਜ ਸੰਧੂ, ਹਰਮਿੰਦਰ ਵਿਰਦੀ, ਪ੍ਰਮਜੀਤ ਭੁੱਟਾ ਯੂ.ਐਸ.ਏ., ਪੰਛੀ ਡੱਲੇਵਾਲੀਆ ਆਦਿ ਨੇ ਆਪਣੇ ਆਪਣੇ ਕਲਾਮ ਪੜ੍ਹਕੇ ਸਮਾਜਿਕ ਕੁਰੀਤੀਆਂ ਨੂੰ ਚੋਟ ਮਾਰੀ ਨਾਲ ਹੀ ਉਨ੍ਹਾਂ ਨੇ ਸੰਦੇਸ਼ ਦਿੱਤਾ ਕਿ ਨਿਰੋਏ ਸਮਾਜ ਦੀ ਸਿਰਜਣਾ ਲਈ ਨੌਜਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਮੋਹਣ ਸਿੰਘ ਕੁੱਕੜਪਿੰਡਿਆ ਨੇ ਆਪਣਾ ਨਾਵਲ ਭਲਕ ਦੇ ਭਗਤ ਸਿੰਘ ਨੂੰ ਲੋਕ ਅਰਪਣ ਕੀਤਾ।



ਇਸ ਮੌਕੇ ਆਪਣੇ ਸੰਬੋਧਨ 'ਚ ਮੁੱਖ ਮਹਿਮਾਨ ਉਲੰਪੀਅਨ ਸ੍ਰ. ਸੁਰਿੰਦਰ ਸਿੰਘ ਸੋਢੀ ਸਾਬਕਾ ਆਈ.ਜੀ. ਪੰਜਾਬ ਪੁਲਿਸ ਨੇ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ,ਰਾਜਗੁਰੂ ਤੇ ਸੁਖਦੇਵ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਆਪਣੇ ਸੰਬੋਧਨ 'ਚ ਕਿਹਾ ਕਿ ਲੇਖਕ ਤੇ ਕਵੀ ਚੰਗੇ ਸਮਾਜ ਦੀ ਸਿਰਜਣਾ ਲਈ ਵਡਮੁੱਲਾ ਯੋਗਦਾਨ ਪਾ ਰਿਹੇ ਹਨ ਲੇਖਕ ਆਪਣੀ ਲੇਖਣੀ ਰਾਹੀਂ ਸਮਾਜ ਨੂੰ ਸੇਧ ਦੇਣ ਦੇ ਨਾਲ ਨਾਲ ਸਮਾਜਿਕ ਬੁਰਾਈਆਂ ਨੂੰ ਖ਼ਤਮ ਕਰਨ ਲਈ ਅਹਿਮ ਰੋਲ ਅਦਾ ਕਰ ਰਹੇ ਹਨ। ਉਲੰਪੀਅਨ ਸੋਢੀ ਨੇ ਕਿਹਾ ਕਿ ਨਿਸ਼ਾਨਾ ਮਿੱਥ ਕੇ, ਮਿਹਨਤ ਨਾਲ ਉਸ ਉੱਤੇ ਕੰਮ ਕੀਤਿਆਂ ਹੀ ਸਫ਼ਲਤਾ ਦਾ ਮੁੱਖ ਚੁੰਮਿਆ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਸਾਨੂੰ ਸ਼ਹੀਦਾਂ ਦੇ ਸੁਪਨਿਆਂ ਦਾ ਭਾਰਤ ਸਿਰਜਣ ਲਈ ਜਾਤਪਾਤ ਤੋਂ ਉਪਰ ਉੱਠ ਕੇ ਦੇਸ਼ ਸੇਵਾ 'ਚ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਐਸ.ਪੀ. ਹਰਵਿੰਦਰ ਸਿੰਘ ਨੇ ਕਿਹਾ ਕਿ ਸਰਬ ਨੌਜਵਾਨ ਸਭਾ ਬਹੁਤ ਹੀ ਵਧੀਆ ਸਮਾਜ ਸੇਵਾ ਦੇ ਕੰਮ ਕਰ ਰਹੀ ਹੈ। ਉਨ੍ਹਾਂ ਨੇ ਸਭਾ ਦੇ ਕੰਮਾਂ ਦੀ ਪ੍ਰਸ਼ੰਸ਼ਾ ਕਰਦਿਆਂ ਕਿਹਾ ਕਿ ਇਹੋ ਜਿਹੇ ਪ੍ਰੋਗਰਾਮ ਭਾਵੇਂ ਕਿ ਛੋਟੇ ਹੁੰਦੇ ਹਨ ਪਰ ਇਨ੍ਹਾਂ ਦਾ ਸੁਨੇਹਾ ਬਹੁਤ ਦੂਰ ਤੱਕ ਜਾਂਦਾ ਹੈ। ਉਨ੍ਹਾਂ ਕਵੀਆਂ ਵਲੋਂ ਪੇਸ਼ ਕੀਤੀਆਂ ਰਚਨਾਵਾਂ ਦੀ ਭਰਪੂਰ ਪ੍ਰਸ਼ੰਸ਼ਾ ਕੀਤੀ। ਐਸ.ਪੀ. ਹਰਵਿੰਦਰ ਸਿੰਘ ਨੇ ਪ੍ਰੋਗਰਾਮ 'ਚ ਸ਼ਾਮਿਲ ਪਤਵੰਤੇ ਸੱਜਣਾਂ ਨੂੰ ਅਪੀਲ ਕੀਤੀ ਕਿ ਫਗਵਾੜਾ ਨੂੰ ਨਸ਼ਾ ਤੇ ਕਰਾਇਮ ਮੁਕਤ ਬਣਾਉਣ ਲਈ ਫਗਵਾੜਾ ਪੁਲਿਸ ਨੂੰ ਸਹਿਯੋਗ ਦੇਣ ਤਾਂ ਜੋ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਭੈੜੀ ਆਦਤ ਤੋਂ ਬਚਾਇਆ ਜਾ ਸਕੇ। ਇਸ ਮੌਕੇ ਐਡੀਸ਼ਨਲ ਐਸ.ਈ. ਪਾਵਰਕਾਮ ਤੇ ਐਡਵੋਕੇਟ ਐਸ.ਐਲ.ਵਿਰਦੀ ਪ੍ਰਸਿੱਧ ਪੰਜਾਬੀ ਚਿੰਤਕ ਨੇ ਸਨਮਾਨਿਤ ਸਖ਼ਸ਼ੀਅਤਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਸਮਾਜ ਸੇਵਕਾਂ ਦਾ ਅੱਜ ਦੇ ਦਿਨ ਸਨਮਾਨ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਆਦਰਸ਼ਾਂ ਦਾ ਸਨਮਾਨ ਹੈ। ਪੰਜਾਬ ਜਿਸ ਮੋੜ ਉੱਤੇ ਇਸ ਵੇਲੇ ਖੜ੍ਹਾ ਹੈ, ਉਸ ਵੇਲੇ ਚੰਗੀਆਂ ਸਖ਼ਸ਼ੀਅਤਾਂ ਨੂੰ ਅੱਗੇ ਲਿਆ ਕੇ ਸਮਾਜ ਨੂੰ ਸੇਧ ਦਿੱਤੇ ਜਾਣ ਉਪਰਾਲਾ ਕਰਨ ਦੀ ਲੋੜ ਹੈ। ਬਿਕਰਮਜੀਤ ਵਾਲੀਆ ਤੇ ਪਰਵਿੰਦਰ ਜੀਤ ਸਿੰਘ ਨੇ ਸਭਨਾ ਦਾ ਧੰਨਵਾਦ ਕੀਤਾ। ਇਸ ਮੌਕੇ ਬਿਕਰਮਜੀਤ ਵਾਲੀਆ, ਹਰਵਿੰਦਰ ਸੈਣੀ, ਰਣਜੀਤ ਸ਼ਰਮਾ, ਡਾ. ਵਿਜੇ ਕੁਮਾਰ,ਭਲਵਾਨ ਰਵੀ ਚੋਹਾਨ, ਅਨੂਪ ਦੁੱਗਲ, ਕੁਲਵੀਰ ਬਾਵਾ, ਤੇਜਵਿੰਦਰ ਸਿੰਘ ਪ੍ਰਧਾਨ ਸੁਰਜੀਤ ਸਪੋਰਟਸ ਕਲੱਬ,ਉਂਕਾਰ ਸਿੰਘ, ਰਮੇਸ਼ ਅਰੋੜਾ, ਡਾ. ਨਰੇਸ਼ ਬਿੱਟੂ, ਰਣਜੀਤ ਮੱਲ੍ਹਣ, ਪੰਜਾਬੀ ਗਾਇਕ ਮਨਮੀਤ ਮੇਵੀ,ਬੀ. ਕੇ. ਰੱਤੂ,ਪਰਸ ਰਾਮ ਸ਼ਿਵਪੁਰੀ, ਮਾ. ਹਰਜਿੰਦਰ ਗੋਗਨਾ, ਚਰਨਪ੍ਰੀਤ ਸਿੰਘ, ਕਰਮਜੀਤ ਸਿੰਘ, ਦਮਨਜੀਤ ਸਿੰਘ, ਬੇਅੰਤ ਸਿੰਘ, ਮਨਜੀਤ ਵਰਮਾ ਆਦਿ ਹਾਜ਼ਰ ਸਨ। ਮੰਚ ਸੰਚਾਲਕ ਦੀ ਭੂਮਿਕਾ ਮਾ. ਹਰਜਿੰਦਰ ਗੋਗਨਾ ਨੇ ਬਾਖ਼ੂਬੀ ਨਿਭਾਈ।

## ਸਾਂਡਰਸ ਕਤਲ ਤੇ ਅਸੈਂਬਲੀ 'ਚ ਬੰਬ ਸੁੱਟਣ ਵਾਲਾ ਦਾ ਮੁੱਖ ਸੰਚਾਲਕ

# ਮਹਾਨ ਕ੍ਰਾਂਤੀਕਾਰੀ ਸ਼ਹੀਦ 'ਸੁਖਦੇਵ ਥਾਪਰ'



ਪ੍ਰੋ: ਐਚ.ਐਲ. ਕਪੂਰ
001- 916- 587-4002

ਸੁਖਦੇਵ ਥਾਪਰ ਦਾ ਜਨਮ ਲੁਧਿਆਣਾ 'ਚ ਪੰਜਾਬ ਵਿਖੇ ਹੋਇਆ। ਉਹ ਭਾਰਤ ਦੇਸ਼ ਦਾ ਇਕ ਮਹਾਨ ਕ੍ਰਾਂਤੀਕਾਰੀ, ਆਜ਼ਾਦੀ ਘੁਲਾਟੀਆ ਸੀ। ਉਸਦਾ ਜਨਮ 15 ਮਈ 1907 ਨੂੰ ਹੋਇਆ ਤੇ ਉਹਨਾਂ ਨੂੰ 23 ਮਾਰਚ 1931 ਨੂੰ ਅੰਗਰੇਜ਼ ਸਰਕਾਰ ਨੇ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ। ਉਹ ਇਕ ਅੰਗਰੇਜ਼ ਪੁਲਿਸ ਅਫਸਰ ਜੇ. ਪੀ. ਸਾਂਡਰਸ ਨੂੰ ਮਾਰਨ ਸਮੇਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਤੇ ਮਹਾਨ ਸ਼ਹੀਦ ਸ਼ਿਵਰਾਮ ਹਰੀ ਰਾਜਗੁਰੂ ਦੇ ਨਾਲ ਸੀ। ਉਹਨਾਂ ਨੇ ਇਸ ਪੁਲਿਸ ਅਫਸਰ ਦੀ ਇਸ ਕਰਕੇ ਗੋਲੀਆਂ ਮਾਰ ਕੇ ਹੱਤਿਆ ਕੀਤੀ ਕਿਉਂਕਿ ਪੁਲਿਸ ਦੀਆਂ ਲਾਠੀਆਂ ਨਾਲ 1928 'ਚ ਬਹੁਤ ਜ਼ਿਆਦਾ ਜ਼ਖਮੀ ਹੋਣ ਉਪਰੰਤ, ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ ਸੀ ਤੇ ਇਨ੍ਹਾਂ ਤਿੰਨਾਂ ਨੌਜਵਾਨਾਂ ਦੀ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਵੱਲੋਂ ਉਸ ਅੰਗਰੇਜ਼ ਪੁਲਿਸ ਅਫਸਰ ਨੂੰ ਮਾਰ ਕੇ ਬਦਲਾ ਲੈਣ ਦੀ ਡਿਊਟੀ ਲਾਈ ਗਈ ਸੀ ਜਿਸ ਦੇ ਹੁਕਮਾਂ ਨਾਲ ਲਾਲਾ ਲਾਜਪਤ ਰਾਏ ਜੋ ਕਿ 'ਸਾਈਮਨ ਕਮਿਸ਼ਨ' ਦੇ ਖਿਲਾਫ ਮੁਜ਼ਾਹਰੇ ਦੀ ਅਗਵਾਈ ਕਰ ਰਹੇ ਸਨ 'ਤੇ ਲਾਠੀਚਾਰਜ ਕਰਨ ਦਾ ਹੁਕਮ ਦਿੱਤਾ ਸੀ।

ਇਨ੍ਹਾਂ ਉਕਤ ਭਾਰਤ ਦੇ ਮਹਾਨ ਤਿੰਨਾਂ ਕ੍ਰਾਂਤੀਕਾਰੀ ਘੁਲਾਟੀਆਂ ਨੂੰ ਲਾਹੌਰ ਦੀ ਸੈਂਟਰਲ ਜੇਲ੍ਹ 'ਚ ਮਿਤੀ 23 ਮਾਰਚ, 1931 ਨੂੰ ਸ਼ਾਮ ਦੇ 7.33 ਵਜੇ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਸੀ ਤੇ ਉਨ੍ਹਾਂ ਦੀਆਂ ਲਾਸ਼ਾਂ ਦੇ ਛੋਟੇ ਟੁਕੜੇ ਕਰਕੇ, ਤਾਂ ਕਿ ਉਹ ਜਲਦੀ ਜਲ਼ ਜਾਣ, ਬੋਰੀਆਂ 'ਚ ਪਾ ਕੇ ਜੇਲ੍ਹ ਦੇ ਪਿਛਵਾੜਿਉਂ ਲੋਕਾਂ ਤੋਂ ਚੋਰੀ ਕੱਢ ਕੇ, ਲਾਹੌਰ ਤੋਂ ਕੋਈ 50 ਮੀਲ ਦੂਰ ਹੁਸੈਨੀਵਾਲਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਲਿਜਾਅ ਕੇ, ਸਤਲੁਜ ਦਰਿਆ ਦੇ ਕਿਨਾਰੇ 'ਤੇ ਸਾੜ ਦਿੱਤਾ ਗਿਆ ਸੀ। ਜਦੋਂ ਲੋਕਾਂ ਨੇ ਰਾਤ ਨੂੰ ਦਰਿਆ ਦੇ ਕਿਨਾਰੇ 'ਤੇ ਅੱਗ ਬਲਦੀ ਦੇਖੀ ਤਾਂ ਉਹ ਇਕੱਠੇ ਹੋ ਗਏ ਤੇ ਪੁਲਿਸ ਅੱਧ ਜਲੇ ਲਾਸ਼ਾਂ ਦੇ ਟੁਕੜੇ ਦਰਿਆ 'ਚ ਸੁੱਟਣ ਦਾ ਯਤਨ ਕਰਨ ਲੱਗ ਪਈ ਤੇ ਇਕੱਤਰ ਹੋਈ ਭੀੜ ਨੂੰ ਦੇਖ ਕੇ ਪੁਲਿਸ ਮੌਕੇ ਤੋਂ ਦੌੜ ਗਈ ਤੇ ਲੋਕਾਂ ਨੇ ਲਾਸ਼ਾਂ ਦੇ ਅੱਧਜਲ਼ੇ ਟੁਕੜੇ ਇਕੱਤਰ ਕਰਕੇ ਸੁਖਦੇਵ ਥਾਪਰ, ਸ਼ਿਵਰਾਮ ਰਾਜਗੁਰੂ ਤੇ ਭਗਤ ਸਿੰਘ ਦਾ ਸੰਸਕਾਰ ਕਰ ਦਿੱਤਾ।

ਸੁਖਦੇਵ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਦਾ ਬਹੁਤ ਹੀ ਸਰਗਰਮ ਮੈਂਬਰ ਸੀ ਤੇ ਉਹ ਆਪਣੀ ਪਾਰਟੀ ਦੇ ਬਹੁਤ ਸਾਰੇ ਨੇਤਾਵਾਂ ਨਾਲੋਂ ਸੀਨੀਅਰ ਸੀ। ਜਦੋਂ ਉਹ ਅਜੇ ਲਾਹੌਰ ਦੇ ਨੈਸ਼ਨਲ ਕਾਲਜ 'ਚ ਪੜ੍ਹਦਾ ਹੀ ਸੀ ਤਾਂ ਉਸ ਦੇ ਸਾਥੀਆਂ ਦੇ ਕਥਨ ਅਨੁਸਾਰ ਉਸ ਨੇ ਦੁਨੀਆਂ ਦੇ ਕਈ ਦੇਸ਼ਾਂ ਦਾ ਕ੍ਰਾਂਤੀਕਾਰੀ ਸਾਹਿਤ ਤੇ ਇਤਿਹਾਸ ਪੜ੍ਹ ਲਿਖਿਆ ਸੀ ਤੇ ਰੂਸ ਦੇ ਇਨਕਲਾਬ ਸਣੇ, ਇਸ ਸਾਰੇ ਕ੍ਰਾਂਤੀਕਾਰੀ ਸਾਹਿਤ ਤੇ ਇਤਿਹਾਸ ਦਾ ਆਲੋਚਨਾਤਮਕ ਅਧਿਐਨ ਬੜੀ ਡੂੰਘਾਈ ਨਾਲ ਕਰ ਲਿਆ ਸੀ ਤੇ ਉਹ ਦੇਸ਼ ਨੂੰ ਆਜ਼ਾਦ ਕਰਾਉਣ ਲਈ ਮਾਨਸਿਕ ਤੌਰ 'ਤੇ ਤਿਆਰ ਹੋ ਗਿਆ ਸੀ ਤੇ ਭਗਤ ਸਿੰਘ ਵੀ ਇਸੇ ਕਾਲਜ 'ਚ ਇਹਨਾਂ ਦੇ ਨਾਲ ਹੀ ਪੜ੍ਹਦਾ ਸੀ।

ਉਸ ਨੇ ਲਾਹੌਰ ਵਿਖੇ ਭਗਤ ਸਿੰਘ, ਕਾਮਰੇਡ ਰਾਮ ਚੰਦਰ ਤੇ ਭਗਵਤੀ ਚਰਨ ਵੋਹਰਾ ਦੇ ਸਹਿਯੋਗ ਨਾਲ 'ਨੌਜਵਾਨ ਭਾਰਤ ਸਭਾ' ਨਾਮ ਦੀ ਜਥੇਬੰਦੀ ਬਣਾ ਕੇ ਭਾਰਤ ਨੂੰ ਆਜ਼ਾਦ ਕਰਾਉਣ ਦੇ ਆਪਣੇ ਸੁਪਨੇ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਜਥੇਬੰਦੀ ਦਾ ਮੁੱਖ ਉਦੇਸ਼ ਭਾਰਤ ਨੂੰ ਅੰਗਰੇਜ਼ ਸਰਕਾਰ ਤੋਂ ਆਜ਼ਾਦ ਕਰਾਉਣ ਲਈ ਨੌਜਵਾਨਾਂ ਨੂੰ ਪ੍ਰੇਰਿਤ ਕਰਨਾ ਸੀ ਤਾਂ ਕਿ ਉਹ ਇਸ 'ਚ ਸ਼ਾਮਲ ਹੋ ਕੇ ਆਪਣੀ ਆਜ਼ਾਦੀ ਲਈ ਵਿਚਾਰਧਾਰਾ ਨੂੰ ਵਿਗਿਆਨਕ ਤੇ ਤਰਕਸੰਗਤ ਬਣਾ ਸਕਣ ਤੇ ਫਿਰਕਾਪ੍ਰਸਤੀ ਤੇ ਛੂਤ-ਛਾਤ ਦੇ ਖਿਲਾਫ ਲੜ ਕੇ ਇਸ ਨੂੰ ਖਤਮ ਕਰ ਸਕਣ।

ਸੁਖਦੇਵ ਖਾਸ ਤੌਰ ਤੇ ਪੰਡਤ ਰਾਮ ਪ੍ਰਸਾਦ ਬਿਸਮਿਲ ਤੇ ਚੰਦਰ ਸ਼ੇਖਰ ਆਜ਼ਾਦ ਜੀ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਸਨ।

ਸੁਖਦੇਵ ਨੇ ਸੰਨ 1929 'ਚ ਜੇਲ੍ਹ 'ਚ ਰਾਜਨੀਤਿਕ ਕੈਦੀਆਂ ਦੀ ਹੋਈ ਭੁੱਖ ਹੜਤਾਲ 'ਚ ਵੱਧ ਚੜ੍ਹ ਕੇ ਹਿੱਸਾ ਲਿਆ ਕਿਉਂਕਿ ਜੇਲ੍ਹ 'ਚ ਕੈਦੀਆਂ ਨਾਲ ਅਣਮਨੁੱਖੀ ਵਤੀਰਾ ਕੀਤਾ ਜਾਂਦਾ ਸੀ।

ਸੁਖਦੇਵ ਨੇ ਫਾਂਸੀ ਲੱਗਣ ਤੋਂ ਥੋੜ੍ਹਾ ਸਮਾਂ ਪਹਿਲਾਂ ਮਾਰਚ 1931 'ਚ ਗਾਂਧੀ-ਇਰਵਿਨ ਸਮਝੌਤੇ ਤੋਂ ਬਾਅਦ ਮਹਾਤਮਾ ਗਾਂਧੀ ਜੀ ਨੂੰ ਇਕ ਖੁੱਲ੍ਹਾ ਪੱਤਰ ਅੰਗਰੇਜ਼ੀ ਵਿਚ ਲਿਖਿਆ ਸੀ ਤੇ ਉਸ ਵਿਚ ਲਿਖਿਆ ਕਿ, "ਸਾਡਾ ਦੇਸ਼ ਨੂੰ ਆਜ਼ਾਦ ਕਰਾਉਣ ਦਾ ਨਿਸ਼ਾਨਾ ਇਕ ਹੈ ਪਰ ਮੈਂ ਇਸ ਆਜ਼ਾਦੀ ਦੀ ਲੜਾਈ 'ਚ ਵਰਤੇ ਜਾਂਦੇ ਅਲੱਗ-ਅਲੱਗ ਦੋ ਵਿਚਾਰਧਾਰਕ ਤਰੀਕਿਆਂ ਨਾਲ ਸਹਿਮਤ ਨਹੀਂ ਹਾਂ। ਇਸ ਨਾਲ ਸਾਡੀ ਦੇਸ਼ 'ਚ ਕ੍ਰਾਂਤੀ ਲਿਆਉਣ ਦੀ ਲਹਿਰ 'ਚ ਅਸਮਾਨਤਾ ਆ ਗਈ ਹੈ। ਤੁਹਾਡੇ ਇਸ ਉਕਤ ਸਮਝੌਤੇ ਤੋਂ ਬਾਅਦ, ਤੁਸੀਂ ਆਪਣਾ ਅੰਦੋਲਨ ਬੰਦ ਕਰ ਦਿੱਤਾ ਹੈ ਤੇ ਇਸ ਨਾਲ ਤੁਹਾਡੇ ਸਾਰੇ ਕੈਦੀ ਜੇਲ੍ਹਾਂ 'ਚੋਂ ਬਾਹਰ ਆ ਗਏ ਹਨ, ਪਰ ਕ੍ਰਾਂਤੀਕਾਰੀ ਕੈਦੀਆਂ ਦਾ ਕੀ ਬਣੇਗਾ, ਉਹ ਅਜੇ ਸਾਰੇ ਜੇਲ੍ਹਾਂ 'ਚ ਹੀ ਹਨ? 1915 ਦੇ ਗਦਰ ਅੰਦੋਲਨ ਦੇ ਬਾਅਦ ਆਪਣੀ ਜੇਲ੍ਹ ਦੀ ਸਜ਼ਾ ਪੂਰੀ ਕਰ ਲੈਣ ਵਾਲੇ ਸੈਂਕੜੇ ਕੈਦੀ ਅੱਜ ਵੀ ਜੇਲ੍ਹਾਂ 'ਚ ਸੜ ਰਹੇ ਹਨ! ਮਾਰਸ਼ਲ ਲਾਅ ਦੇ ਅਨੇਕਾਂ ਕੈਦੀ, ਅੱਜ ਵੀ ਜਿੰਦਾ ਕਬਰਾਂ 'ਚ ਦਫਨਾਏ ਹੋਏ ਹਨ। ਇਹੋ ਹੀ ਹਾਲ ਬੱਬਰ ਅਕਾਲੀ ਕੈਦੀਆਂ ਦਾ ਹੈ। ਦੇਵਗੜ੍ਹ, ਕਾਕੋਰੀ, ਮਛੂਆ ਬਾਜ਼ਾਰ ਤੇ ਲਾਹੌਰ ਸਾਜ਼ਿਸ਼ ਕੇਸ ਦੇ ਕੈਦੀ, ਅਜੇ ਤੱਕ ਜੇਲ੍ਹ ਦੀ ਚਾਰ ਦੀਵਾਰੀ 'ਚ ਬੰਦ ਬਹੁਤ ਸਾਰੇ ਕੈਦੀ ਉਹਨਾਂ ਵਿਚ ਹਨ। ਇਸ ਤਰ੍ਹਾਂ ਦੇ ਹਾਲਾਤ 'ਚ ਤੁਹਾਡੀਆਂ ਪ੍ਰਾਰਥਨਾਵਾਂ ਦਾ ਇਹੀ ਮਤਲਬ ਨਿਕਲਦਾ ਹੈ ਕਿ ਤੁਸੀਂ ਸਾਡੇ ਇਸ ਕ੍ਰਾਂਤੀਕਾਰੀ ਅੰਦੋਲਨ ਨੂੰ, ਕੁਚਲ ਦੇਣ ਲਈ ਨੌਕਰਸ਼ਾਹੀ ਦੀ ਮਦਦ ਕਰ ਰਹੇ ਹੋ ਅਤੇ ਤੁਹਾਡੀ ਬੇਨਤੀ ਦਾ ਅਰਥ, ਉਹਨਾਂ ਦੇ ਦਲ ਨੂੰ ਧਰੋਹ-ਸਾਜਿਸ਼ ਦੀ ਯੋਜਨਾ ਕਹਿ ਕੇ ਉਨ੍ਹਾਂ ਨਾਲ ਵਿਸ਼ਵਾਸਘਾਤ ਕਰਨ ਦਾ ਉਪਦੇਸ਼ ਦੇਣਾ ਹੈ। ਮੇਰੀ ਆਪ ਜੀ ਨੂੰ ਪ੍ਰਾਰਥਨਾ ਹੈ ਕਿ ਤੁਸੀਂ ਮੇਰੀ ਇਸ ਬੇਨਤੀ 'ਤੇ ਜ਼ਰੂਰ ਵਿਚਾਰ ਕਰੋਗੇ ਤੇ ਇਸ ਸਬੰਧੀ ਆਪਣਾ ਸਪਸ਼ਟੀਕਰਨ ਲੋਕਾਂ ਸਾਹਮਣੇ ਰੱਖੋਗੇ।

ਸਮੇਂ ਦੇ ਨਾਲ-ਨਾਲ ਸੁਖਦੇਵ ਥਾਪਰ ਦਾ ਨਾਮ ਵੀ ਦੂਸਰੇ ਮਹਾਨ ਵੱਡੇ ਨੇਤਾਵਾਂ ਦੇ ਨਾਮ ਨਾਲ ਹੀ ਉਭਰਿਆ ਹੈ ਤੇ ਉਹਨਾਂ ਦੀ ਸੌ ਸਾਲਾ ਬਰਸੀ 15 ਮਈ, 2007 ਨੂੰ ਮਨਾਈ ਗਈ ਸੀ। ਉਹਨਾਂ ਦਾ ਜਨਮ ਉਹਨਾਂ ਦੀ ਮਾਤਾ ਸ੍ਰੀਮਤੀ ਰਲੀ ਦੇਵੀ ਦੀ ਕੁੱਖੋਂ ਤੇ ਪਿਤਾ ਸ੍ਰੀ ਰਾਮ ਲਾਲ ਥਾਪਰ ਦੇ ਘਰ ਮੁਹੱਲਾ ਆਰੀਆ ਸਮਾਜ, ਲਾਇਲਪੁਰ (ਹੁਣ ਪਾਕਿਸਤਾਨ 'ਚ) ਵਿਖੇ 1907 ਨੂੰ ਹੋਇਆ। ਸੁਖਦੇਵ ਥਾਪਰ ਤੇ ਉਹਨਾਂ ਦੇ ਦੋ ਸਾਥੀ ਸ: ਭਗਤ ਸਿੰਘ ਤੇ ਰਾਜਗੁਰੂ, ਤਿੰਨਾਂ ਦੀ ਤਿੱਕੜੀ ਵਜੋਂ ਅੰਗਰੇਜ਼ ਰਾਜ ਦੇ ਸਮੇਂ, ਮਾਨੋ ਢੋਲ ਤੇ ਮਾਰੇ ਡੱਗੇ ਦੀ ਆਵਾਜ਼ ਦੀ ਤਰ੍ਹਾਂ ਬੁਲੰਦ ਤੇ ਮਸ਼ਹੂਰ ਹੋਈ, ਜਿਹਨਾਂ ਨੇ ਅੰਗਰੇਜ਼ੀ ਰਾਜ ਦੀਆਂ ਨੀਹਾਂ ਹਿਲਾਅ ਕੇ ਰੱਖ ਦਿੱਤੀਆਂ।



ਇਤਿਹਾਸਕ ਅੰਕੜੇ ਦੱਸਦੇ ਹਨ ਕਿ ਸੁਖਦੇਵ ਥਾਪਰ ਖਾਸ ਤੌਰ 'ਤੇ ਆਪਣੀ ਫਾਂਸੀ ਤੋਂ ਪਹਿਲਾਂ, ਇਕੱਲਾ ਅਜਿਹਾ ਨੇਤਾ ਹੈ ਜਿਸ ਦੀ ਪ੍ਰਸੰਸਾ ਕਰਨਾ ਉਚਿਤ ਹੋਵੇਗਾ ਕਿ ਉਸ ਨੇ 23 ਮਾਰਚ 1931 ਨੂੰ ਆਪਣੀ ਫਾਂਸੀ 'ਤੇ ਚੜ੍ਹਨ ਤੋਂ ਕੁਝ ਦਿਨ ਪਹਿਲਾਂ ਭਾਰਤ ਦੇ ਕੌਮੀ ਮਹਾਂ-ਨਾਇਕ ਮਹਾਤਮਾ ਗਾਂਧੀ ਜੀ ਨੂੰ ਪੱਤਰ ਲਿਖਿਆ ਤੇ ਕਿਹਾ, "ਲਾਹੌਰ ਸਾਜ਼ਿਸ਼ ਕੇਸ ਦੇ ਤਿੰਨ ਕੈਦੀ ਜਿਹਨਾਂ ਨੂੰ ਅੰਗਰੇਜ਼ ਸਰਕਾਰ ਨੇ ਫਾਂਸੀ ਦੀ ਸਜ਼ਾ ਸੁਣਾਈ ਹੈ ਤੇ ਕਿਹਾ, "ਲਾਹੌਰ ਸਾਜ਼ਿਸ਼ ਕੇਸ ਦੇ ਤਿੰਨ ਕੈਦੀ ਜਿਹਨਾਂ ਨੂੰ ਅੰਗਰੇਜ਼ ਸਰਕਾਰ ਨੇ ਫਾਂਸੀ ਦੀ ਸਜ਼ਾ ਸੁਣਾਈ ਹੈ, ਜਿਹਨਾਂ ਨੇ ਸਾਰੇ ਭਾਰਤ ਵਰਸ਼ 'ਚ ਇਸ ਨਾਲ ਇਤਫਾਕਨ ਬੜੀ ਪ੍ਰਸਿੱਧੀ ਪ੍ਰਾਪਤ ਕੀਤੀ ਹੈ ਪਰ ਉਹ ਕ੍ਰਾਂਤੀਕਾਰੀ ਪਾਰਟੀ ਵਿਚ ਸਭ ਕੁਝ ਨਹੀਂ ਹਨ। ਅਸਲ 'ਚ ਉਹਨਾਂ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰਨ ਨਾਲ, ਦੇਸ਼ ਨੂੰ ਕੁਝ ਵੀ ਹਾਸਲ ਨਹੀਂ ਹੋਵੇਗਾ।"

ਲਾਹੌਰ 'ਚ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ' ਦੀ ਬੰਬ ਬਣਾਉਣ ਵਾਲੀ ਫੈਕਟਰੀ ਦਾ ਅਚਨਚੇਤ ਸਰਕਾਰ ਨੂੰ ਪਤਾ ਲੱਗ ਜਾਂਦਾ ਹੈ ਤੇ ਉਸ 'ਚ ਸੁਖਦੇਵ ਗ੍ਰਿਫ਼ਤਾਰ ਹੋ ਜਾਂਦਾ ਹੈ। ਤੇ ਉਸ ਦੀਆਂ ਸਾਰੀਆਂ ਗੁਪਤ ਗਤੀਵਿਧੀਆਂ ਦਾ ਪਰਦਾਫਾਸ਼ ਹੋ ਜਾਂਦਾ ਹੈ ਤੇ ਇਸ 'ਤੇ ਉਹ ਬਹੁਤ ਖੁਸ਼ ਹੁੰਦਾ ਹੈ। ਉਹ ਦੁਬਾਰਾ ਫਿਰ ਖੁਸ਼ ਹੁੰਦਾ ਹੈ ਕਿ ਹਫੜਾ-ਦਫੜੀ ਮੱਚ ਗਈ ਹੈ ਤੇ ਇਸ ਦੇ ਕਿਰਿਆਤਮਕ ਨਤੀਜੇ ਜ਼ਰੂਰ ਨਿਕਲਣਗੇ ਅਤੇ ਜਦੋਂ ਉਸ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਉਹ ਕਹਿੰਦਾ ਹੈ ਕਿ, "ਇਹ ਚੰਗਾ ਹੋਇਆ ਕਿ ਸਭ ਕੁਝ ਉਜਾਗਰ ਹੋ ਗਿਆ ਹੈ। ਮੈਂ ਸੋਚਦਾ ਹਾਂ ਕਿ ਇਸੇ ਕਰਕੇ ਗ੍ਰਿਫ਼ਤਾਰੀ ਮੇਰੀ ਖੁਸ਼ਕਿਸਮਤੀ ਹੈ। ਸੁਖਦੇਵ ਭਾਵੇਂ ਆਪਣੇ ਪਰਮ ਮਿੱਤਰ ਭਗਤ ਸਿੰਘ ਤੋਂ ਘੱਟ ਪ੍ਰਸਿੱਧ ਸੀ ਤੇ ਉਹ ਲਿਖਦਾ ਵੀ ਘੱਟ ਸੀ ਪਰ ਉਹ ਇਕ ਬਹੁਤ ਹੀ ਨਿਡਰ ਤੇ ਨੇਕ ਨੀਤੀ ਵਾਲਾ ਵਿਅਕਤੀ ਸੀ। ਇਹ ਗੁਣ ਬਹੁਤ ਘੱਟ ਤੇ ਵਿਸ਼ੇਸ਼ ਵਿਅਕਤੀਆਂ 'ਚ ਹੀ ਹੁੰਦਾ ਹੈ। ਉਹ ਆਪਣੀ ਪਾਰਟੀ ਦੀਆਂ ਤੇ ਪਾਰਟੀ ਦੇ ਮੈਂਬਰਾਂ ਦੀਆਂ ਛੋਟੀਆਂ-ਛੋਟੀਆਂ ਜ਼ਰੂਰਤਾਂ ਨੂੰ ਵੀ ਚੰਗੀ ਤਰ੍ਹਾਂ ਸਮਝਦਾ ਸੀ। ਕਾਮਰੇਡ ਸ਼ਿਵ ਵਰਮਾ, ਜਿਸ ਨੂੰ ਲਾਹੌਰ ਸਾਜ਼ਿਸ਼ ਕੇਸ 'ਚ ਉਮਰ ਕੈਦ ਦੀ ਸਜ਼ਾ ਹੋਈ ਸੀ, ਉਹ ਆਪਣੀਆਂ ਲਿਖਤਾਂ 'ਸੰਸਮਰਿਤੀਆਂ' 'ਚ ਜਿਹੜੀਆਂ ਕਿ 'ਕੌਮੀ ਦਿੱਲੀ ਦਫਤਰਨਾਮਾ' (ਪੁਰਾਣੀਆਂ ਲਿਖਤਾਂ ਦੀ ਸੰਭਾਲ ਦਾ ਦਫ਼ਤਰ) 'ਚ ਸੰਭਾਲੀਆਂ ਪਈਆਂ ਹਨ 'ਚ ਸੁਖਦੇਵ ਬਾਰੇ ਲਿਖਦੇ ਹਨ ਕਿ, "ਦਰਅਸਲ 'ਚ ਸਰਦਾਰ ਭਗਤ ਸਿੰਘ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਦਾ ਭਰੋਸੇਯੋਗ ਸਲਾਹਕਾਰ ਸੀ ਤੇ ਸੁਖਦੇਵ ਇਕ ਵਧੀਆ ਪ੍ਰਬੰਧਕ ਸੀ, ਮਾਨੋ ਉਹਨਾਂ ਨੂੰ ਉਹਨਾਂ ਨੇ ਇਕ-ਇਕ ਇੱਟ ਇਕੱਠੀ ਕਰਕੇ, ਇਕ ਮਹਿਲ ਦੇ ਰੂਪ 'ਚ ਬਣਾਇਆ ਹੋਵੇ।'

ਉਸ ਸਮੇਂ ਸੁਖਦੇਵ ਬਾਰੇ ਬਹੁਤਾ ਕਿਸੇ ਨੇ ਲਿਖਿਆ ਨਹੀਂ ਸੀ। ਉਸ ਸਮੇਂ ਦੇ ਜਿਹੜੇ ਅਸਲ ਦਸਤਾਵੇਜ਼ ਉਸ ਸਬੰਧਤ ਮਿਲਦੇ ਵੀ ਹਨ, ਉਹਨਾਂ 'ਚ ਇਸ ਬਾਰੇ ਕਿਸੇ ਨੇ ਲਿਖਣ ਦੀ ਬਹੁਤੀ ਗੰਭੀਰਤਾ ਨਹੀਂ ਦਿਖਾਈ। ਉਸ ਸਮੇਂ ਦੇ ਬਹੁਤੇ ਸ਼ਹੀਦ ਹੋਏ ਕ੍ਰਾਂਤੀਕਾਰੀਆਂ ਦੀ ਜੀਵਨੀ ਬਾਰੇ ਬਹੁਤਾ ਕਿਸੇ ਨੇ ਲਿਖਿਆ ਹੀ ਨਹੀਂ। ਉਨ੍ਹਾਂ ਕ੍ਰਾਂਤੀਕਾਰੀਆਂ ਦੀ ਅਗਿਆਤ ਸੂਚੀ 'ਚ ਸੁਖਦੇਵ ਦਾ ਨਾਮ ਵੀ ਆਉਂਦਾ ਹੈ। ਅਸਲ 'ਚ ਲਾਹੌਰ ਸਾਜ਼ਿਸ਼ ਕੇਸ 'ਚ ਸੁਖਦੇਵ ਹੀ, ਇਕ ਪ੍ਰਮੁੱਖ ਅਪਰਾਧੀ ਠਹਿਰਾਇਆ ਗਿਆ ਸੀ, ਕਿਉਂਕਿ ਉਸ ਸਮੇਂ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਆਰਮੀ' ਦਾ ਪ੍ਰਮੁੱਖ ਚੀਫ ਸੀ। ਸਾਂਡਰਸ ਦੇ ਕਤਲ ਤੇ ਅਸੈਂਬਲੀ 'ਚ ਬੰਬ ਸੁੱਟਣ ਦੀ ਯੋਜਨਾ ਨੂੰ ਅੰਜ਼ਾਮ ਦੇਣ ਦੀ ਯੋਜਨਾ ਉਸੇ ਦੀ ਹੀ ਵਿਉਂਤੀ ਹੋਈ ਸੀ।

ਲਾਹੌਰ ਸਾਜ਼ਿਸ਼ ਕੇਸ ਦੀ ਪਹਿਲੀ ਐਫ. ਆਈ. ਆਰ. ਜਿਹੜੀ ਕਿ ਸੀਨੀਅਰ ਸੁਪਰਡੈਂਟ ਆਫ ਪੋਲੀਸ, ਹਾਮਿਲਟਨ, ਹਾਰਡਿੰਗ ਨੇ ਆਰ. ਐਸ. ਪੰਡਤ ਸਪੈਸ਼ਲ ਮੈਜਿਸਟ੍ਰੇਟ ਦੀ ਅਦਾਲਤ 'ਚ ਅਪ੍ਰੈਲ 1929 'ਚ ਪੇਸ਼ ਕੀਤੀ ਸੀ। ਉਸ 'ਚ ਸੁਖਦੇਵ ਥਾਪਰ ਨੂੰ ਹੀ ਪਹਿਲਾਂ ਨੰਬਰ ਇਕ 'ਤੇ ਦੋਸ਼ੀ ਬਣਾਇਆ ਗਿਆ ਸੀ। ਇਸ 'ਚ ਉਸ ਦਾ ਨਾਮ ਸਵਾਮੀ ਉਰਫ ਇਕ ਪੇਂਡੂ, ਪਿਤਾ ਦਾ ਨਾਮ ਸ੍ਰੀ ਰਾਮ ਲਾਲ, ਜਾਤ ਥਾਪਰ ਖੱਤਰੀ ਦਰਜ ਹੈ। 25 ਦੋਸ਼ੀਆਂ ਦੀ ਸੂਚੀ 'ਚ ਸਰਦਾਰ ਭਗਤ ਸਿੰਘ ਦਾ ਨਾਮ 12ਵੇਂ ਸਥਾਨ 'ਤੇ ਆਉਂਦਾ ਹੈ ਤੇ ਰਾਜਗੁਰੂ ਦਾ ਨਾਮ 20ਵੇਂ ਸਥਾਨ 'ਤੇ ਹੈ। ਇਹ ਸੁਖਦੇਵ ਥਾਪਰ ਹੀ ਸੀ ਜਿਸ ਨੇ ਇਹ ਸਾਰਾ ਗਿਰੋਹ ਗਠਿਤ ਕੀਤਾ ਤੇ ਸਾਰੀ ਯੋਜਨਾ ਨੂੰ ਅੰਜਾਮ ਦੇਣ ਲਈ ਅਗਵਾਈ ਵੀ ਕੀਤੀ।

ਇਹ ਗੱਲ ਵੀ ਬੜੀ ਪੱਕੀ ਤੇ ਦਰੁੱਸਤ ਹੈ ਕਿ ਸ਼ਹੀਦ ਸੁਖਦੇਵ ਥਾਪਰ ਲਾਹੌਰ ਸਾਜ਼ਿਸ਼ ਕੇਸ 1930 'ਚ ਪ੍ਰਮੁੱਖ ਦੋਸ਼ੀ ਹੈ। ਇਸ ਸਾਜ਼ਿਸ਼ ਕੇਸ ਦਾ ਮੁੱਖ ਸਿਰਲੇਖ ਵੀ ਅਦਾਲਤ 'ਚ 'ਦੀ ਲਾਹੌਰ ਸਾਜ਼ਿਸ਼ ਕੇਸ ਟ੍ਰਿਬਿਊਨਲ, ਲਾਹੌਰ, ਜਿਹੜਾ ਕਿ ਆਰਡੀਨੈਂਸ ਨੰਬਰ 111 ਆਫ 1930 ਅਧੀਨ ਬਣਿਆ ਸੀ, 'ਦੀ ਕਰਾਊਨ-ਮੁਦਈ ਵਰਸਿਸ ਸੁਖਦੇਵ ਬਨਾਮ ਹੋਰ' ਹੀ ਸੀ।" ਦਰਅਸਲ 'ਚ ਇਸ ਸਭ ਦੇ ਬਾਵਜੂਦ ਇਸ ਸਾਜ਼ਿਸ਼ ਕੇਸ 'ਚ ਉਹ ਅਸਿੱਧੇ ਰੂਪ 'ਚ ਸ਼ਾਮਲ ਸੀ ਪਰ ਮੁਕੱਦਮਾ ਇਕ ਪ੍ਰਮੁੱਖ ਦੋਸ਼ੀ ਦੇ ਤੌਰ ਤੇ ਉਸ ਦੇ ਨਾਮ 'ਤੇ ਹੀ ਚੱਲਿਆ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਉਸਦੀ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' 'ਚ ਪ੍ਰਮੁੱਖਤਾ ਕਰਕੇ ਬਹੁਤ ਅਹਿਮੀਅਤ ਸੀ। ਪਾਰਟੀ ਦੇ ਵੱਡੇ ਫੈਸਲਿਆਂ 'ਚ ਪ੍ਰਮੁੱਖ ਤੇ ਆਖਰੀ ਫੈਸਲਾ ਵੀ ਉਸ ਦਾ ਹੀ ਹੁੰਦਾ ਸੀ।

ਲਾਹੌਰ ਸਾਜ਼ਿਸ਼ ਕੇਸ ਦਾ ਫੈਸਲਾ ਉਸ ਨੂੰ ਇਕ ਨਵੇਂ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ' ਸੰਗਠਨ 'ਚ ਰੱਖਦਾ ਹੈ। ਆਖੀਰ ਸੱਤ ਦਹਾਕਿਆਂ ਬਾਅਦ ਇਸ ਕੇਸ ਦੀ ਫਾਈਲ 'ਤੇ ਭਾਰਤ ਦੀ 'ਕੌਮੀ ਪੁਰਾਤਨ ਲਿਖਤਾਂ ਦੇ ਦਫਤਰਖਾਨੇ' 'ਚ ਧੂੜ ਨਾਲ ਭਰੀ ਪਈ ਇਸ ਫਾਈਲ ਦੀ ਕਿਤਾਬ ਦੇ ਰੂਪ 'ਚ ਛਪਾਈ, ਸੰਨ 2005 'ਚ ਵੜੈਚ ਤੇ ਗੁਰਦੇਵ ਸੰਧੂ ਨੇ ਕਰਵਾਈ। ਇਸ ਕਿਤਾਬ ਦੇ, ਭਗਤ ਸਿੰਘ ਨੂੰ ਫਾਂਸੀ ਦੇ ਹੁਕਮਾਂ ਵਾਲੇ ਪੰਨਿਆਂ 'ਤੇ ਬੜੀ ਸੁੰਦਰਤਾ ਨਾਲ, ਇਸ ਸਾਜ਼ਿਸ਼ ਕੇਸ 'ਚ ਸੁਖਦੇਵ ਥਾਪਰ ਦੀ ਭੂਮਿਕਾ ਦਾ ਵਰਣਨ ਹੈ। ਇੱਥੇ ਸੁਖਦੇਵ ਇਸ ਸਾਜ਼ਿਸ਼ ਦਾ ਮੁੱਖ ਸੰਚਾਲਕ (ਮਾਸਟਰ ਮਾਈਂਡ) ਹੈ। ਸਾਡੀ ਸਾਜ਼ਿਸ਼ ਦਾ ਕਰਤਾ-ਧਰਤਾ ਵੀ ਉਹੀ ਹੈ। ਉਹ ਇਸ ਸੰਗਠਨ 'ਚ ਨਵੇਂ ਮੈਂਬਰ ਲੱਭ ਕੇ ਭਰਤੀ ਕਰਦਾ ਹੈ ਤੇ ਉਹਨਾਂ ਦੀ ਯੋਗਤਾ ਅਨੁਸਾਰ ਉਹਨਾਂ ਸਾਰਿਆਂ ਨੂੰ ਕੰਮ ਸੌਂ-ਪਦਾ ਹੈ। ਉਹ ਹਿੰਸਾ ਦੀਆਂ ਸਭ ਵਾਰਦਾਤਾਂ 'ਚ ਆਪ ਭਾਗ ਨਹੀਂ ਲੈਂਦਾ, ਸਗੋਂ ਵਾਰਦਾਤਾਂ ਕਰਨ ਵਾਲਿਆਂ ਦੀ ਪਿੱਠ ਤੇ ਸਹਾਇਕ ਵਜੋਂ ਡੱਟ ਕੇ ਖੜ੍ਹਾ ਹੁੰਦਾ ਹੈ ਪ੍ਰੰਤੂ ਫਿਰ ਵੀ ਉਹ ਇਹਨਾਂ ਸਭ ਹਿੰਸਕ ਵਾਰਦਾਤਾਂ 'ਤੇ ਆਪਣੀ ਪਕੜ ਬਣਾਈ ਰੱਖਦਾ ਹੈ ਤੇ ਆਪਣੀ ਜ਼ਿੰਮੇਵਾਰੀ ਲਈ ਰੱਖਦਾ ਹੈ ਤੇ ਇਸ ਤਰ੍ਹਾਂ ਉਸਦਾ ਦਿਮਾਗ ਇਹਨਾਂ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਕੰਮ ਕਰਦਾ ਹੈ, ਜਿਹੜੀ ਕਿ ਇਸ ਦੇ ਸੰਗਠਨ ਨੂੰ, ਇਸ ਦੀ ਇਕ ਮਹੱਤਵਪੂਰਨ ਦੇਣ ਹੈ।"

ਅਸਲ 'ਚ ਸੁਖਦੇਵ ਇਕੱਲੇ ਦੀ ਦੇਣ ਸੀ ਕਿ ਉਸ ਨੇ ਉਕਤ ਸੰਗਠਨ ਬਣਾਇਆ ਤੇ ਉਹ ਇਸ ਸੰਗਠਨ ਦੀ ਕੇਂਦਰੀ ਕਮੇਟੀ ਦਾ ਮੈਂਬਰ ਵੀ ਸੀ। ਪਾਰਟੀ ਦੇ ਸਿਧਾਂਤਾਂ ਨੂੰ ਲਾਗੂ ਕਰਨ 'ਚ ਉਸ ਨੇ ਜ਼ਰਾ ਵੀ ਆਪਣੇ ਦੋਸਤਾਂ ਨੂੰ ਕਹਿਣ 'ਚ ਹਿਚਕਿਚਾਹਟ ਮਹਿਸੂਸ ਨਹੀਂ ਕੀਤੀ ਤੇ ਆਪਣੇ ਸੰਗਠਨ ਦੇ ਸਿਧਾਂਤਾਂ ਦੀ ਪੂਰਤੀ ਲਈ ਤੇ ਪਾਰਟੀ ਦੇ ਉਦੇਸ਼ਾਂ ਦੀ ਪ੍ਰਾਪਤੀ ਕਰਨ ਲਈ ਦਿਨ ਦੂਣੀ ਤੇ ਰਾਤ ਚੌਗਣੀ ਮਿਹਨਤ ਕੀਤੀ।

ਕੇਂਦਰੀ ਅਸੈਂਬਲੀ ਹਾਲ 'ਚ ਅਪ੍ਰੈਲ 1929 ਨੂੰ ਫੋਕੇ ਬੰਬ ਸੁੱਟਣ ਦੀ ਯੋਜਨਾ ਬਾਰੇ, ਇਹ ਲੋਕਾਂ ਨੂੰ ਬੜੀ ਘੱਟ ਜਾਣਕਾਰੀ ਹੈ ਕਿ ਪਹਿਲਾ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਨੇ ਸਰਦਾਰ ਭਗਤ ਸਿੰਘ ਨੂੰ ਅਸੈਂਬਲੀ 'ਚ ਬੰਬ ਸੁੱਟਣ ਬਾਰੇ, ਭੇਜਣ ਲਈ ਮਨਾ ਕਰ ਦਿੱਤਾ ਸੀ। ਸੁਖਦੇਵ ਇਸ ਫੈਸਲੇ ਵੇਲੇ ਪਾਰਟੀ ਦੀ ਸਭਾ 'ਚ ਗੈਰ ਹਾਜ਼ਰ ਸੀ ਕਿਉਂਕਿ ਪਾਰਟੀ ਡਰਦੀ ਸੀ ਕਿ ਪੰਜਾਬ ਪੁਲਿਸ ਦੇ ਰਿਕਾਰਡ 'ਚ ਸਾਂਡਰਸ ਦੇ ਕਤਲ ਕੇਸ 'ਚ ਭਗਤ ਸਿੰਘ ਦਾ ਨਾਮ ਸੀ, ਇਸ ਲਈ ਉਸ ਨੂੰ ਇਸ ਕੰਮ 'ਚ ਨਹੀਂ ਭੇਜਣਾ ਚਾਹੀਦਾ, ਅਗਰ ਉਸਦੀ ਗ੍ਰਿਫ਼ਤਾਰੀ ਹੁੰਦੀ ਹੈ ਤਾਂ ਸਮਝੋ ਇਸ ਦਾ ਮਤਲਬ ਹੈ ਉਸ ਦੀ ਮੌਤ।

ਸ੍ਰੀ ਸ਼ਿਵਰਾਮ ਜੀ ਵਰਮਾ ਆਪਣੀਆਂ ਯਾਦਾਂ 'ਚ ਲਿਖਦੇ ਹਨ ਕਿ ਸੁਖਦੇਵ ਨਹੀਂ ਚਾਹੁੰਦਾ ਸੀ ਕਿ ਭਗਤ ਸਿੰਘ ਤੋਂ ਬਿਨਾਂ ਇਸ ਵਧੀਆ ਕੰਮ ਲਈ ਕੋਈ ਹੋਰ ਹੋਵੇ। ਸੁਖਦੇਵ ਤਿੰਨਾਂ ਦਿਨਾਂ ਬਾਅਦ ਆਇਆ ਤੇ ਉਸ ਨੇ ਅਬੈਂਸਲੀ 'ਚ ਬੰਬ ਸੁੱਟਣ ਦੀ ਯੋਜਨਾ ਦਾ, ਕਮੇਟੀ ਦੇ ਫੈਸਲੇ ਦਾ ਵਿਰੋਧ ਕਰਕੇ, ਫੈਸਲਾ ਬਦਲ ਦਿੱਤਾ। ਉਹ ਇਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਸ ਕੰਮ ਲਈ ਭਗਤ ਸਿੰਘ ਹੀ ਯੋਗ ਤੇ ਵਧੀਆ ਆਦਮੀ ਹੈ, ਜਿਹੜਾ ਸੰਗਠਨ ਦੇ ਉਦੇਸ਼ ਦੀ ਪ੍ਰਾਪਤੀ ਕਰ ਸਕਦਾ ਹੈ। ਸੁਖਦੇਵ, ਭਗਤ ਸਿੰਘ ਕੋਲ ਗਿਆ ਤੇ ਉਸ ਨੂੰ ਕਿਹਾ ਕਿ, "ਤੂੰ ਡਰਪੋਕ ਹੈ ਜਿਹੜਾ ਕਿ ਮਰਨ ਤੋਂ ਡਰਦਾ ਹੈਂ।" ਸੁਖਦੇਵ ਹੋਰ ਸਖ਼ਤ ਹੋ ਗਿਆ। ਅਖੀਰ ਭਗਤ ਸਿੰਘ ਨੇ ਸੁਖਦੇਵ ਨੂੰ ਕਿਹਾ ਕਿ, "ਉਹ ਉਸ ਦੀ ਇਹ ਗੱਲ ਆਖ ਕੇ ਬੇਇੱਜ਼ਤੀ ਕਰਦਾ ਹੈ।" ਸੁਖਦੇਵ ਨੇ ਫਿਰ ਮੁੜ ਕੇ ਕਿਹਾ ਕਿ, "ਉਹ ਆਪਣੇ ਦੋਸਤ ਨੂੰ ਸਿਰਫ ਉਸ ਦੀ ਡਿਊਟੀ ਕਹਿ ਰਿਹਾ ਹੈ।" ਭਗਤ ਸਿੰਘ ਇਹ ਸੁਣ ਕੇ ਸੁਖਦੇਵ ਨੂੰ ਕਹਿੰਦਾ ਹੈ ਕਿ, "ਉਹ ਉਸ ਨਾਲ ਗੱਲ ਨਾ ਕਰੇ। ਭਗਤ ਸਿੰਘ ਇਹ ਕਹਿ ਕੇ ਉਥੋਂ ਚਲੇ ਗਿਆ।

ਸੁਖਦੇਵ ਦੇ ਉਕਤ ਭਾਸ਼ਣ ਨੇ ਆਪਣੇ ਪਿਆਰੇ ਮਿੱਤਰ ਨੂੰ ਮੌਤ ਦੇ ਜੁਬਾੜ੍ਹਿਆਂ 'ਚ ਸੁੱਟ ਦਿੱਤਾ। ਸ਼ਿਵਰਾਮ ਜੀ ਵਰਮਾ ਅੱਗੇ ਲਿਖਦੇ ਹਨ, ਕੇਂਦਰੀ ਕਮੇਟੀ ਨੇ ਆਪਣਾ ਪਹਿਲਾ ਫੈਸਲਾ ਪਲਟ ਕੇ ਭਗਤ ਸਿੰਘ ਨੂੰ ਅਸੈਂਬਲੀ 'ਚ ਬੰਬ ਸੁੱਟਣ ਲਈ ਚੁਣ ਲਿਆ। ਸੁਖਦੇਵ ਇਸ ਫੈਸਲੇ 'ਤੇ ਕੋਈ ਸ਼ਬਦ ਨਾ ਕਹਿੰਦਾ ਹੋਇਆ ਉਸੇ ਸਮੇਂ ਸ਼ਾਮ ਨੂੰ ਲਾਹੌਰ ਚਲੇ ਗਿਆ। ਦੁਰਗਾਭਾਵੀ ਦੇ ਕਥਨ ਅਨੁਸਾਰ ਜਦੋਂ ਦੂਸਰੇ ਦਿਨ ਸੁਖਦੇਵ ਲਾਹੌਰ ਪਹੁੰਚਿਆ ਤਾਂ ਉਸ ਦੀਆਂ ਅੱਖਾਂ ਸੁੱਜੀਆਂ ਹੋਈਆਂ ਸਨ। ਉਹ ਸਾਰੀ ਰਾਤ ਭੁੱਬਾਂ ਮਾਰ-ਮਾਰ ਕੇ ਭਗਤ ਸਿੰਘ ਬਾਰੇ ਇਸ ਫੈਸਲੇ 'ਤੇ ਰੋਂਦਾ ਰਿਹਾ। ਸੁਖਦੇਵ ਇਸ ਤਰ੍ਹਾਂ ਫੁੱਲਾਂ ਨਾਲੋਂ ਨਾਜ਼ੁਕ ਤੇ ਪੱਥਰ ਨਾਲੋਂ ਵੀ ਸਖ਼ਤ ਦਿਲ ਇਨਸਾਨ ਸੀ। ਲੋਕਾਂ ਨੇ ਸਿਰਫ ਉਸ ਦੀ ਕੁਰੱਖਤੀ ਹੀ ਦੇਖੀ ਸੀ ਪ੍ਰੰਤੂ ਉਸ ਨੇ ਆਪਣੇ ਇਸ ਰੁਖ ਦੀ ਕਦੇ ਵੀ ਕਿਸੇ ਕੋਲ ਸ਼ਿਕਾਇਤ ਜਾਂ ਅਰਜੋਈ ਨਹੀਂ ਕੀਤੀ ਸੀ। ਉਸ ਨੇ ਆਪਣੀਆਂ ਭਾਵਨਾਵਾਂ ਨੂੰ ਹਮੇਸ਼ਾ ਛੁਪਾਈ ਰੱਖਿਆ ਸੀ।

ਉਹ ਕਈ ਵਾਰੀ ਕਿਸੇ ਗੱਲ ਦੇ ਗਲਤ ਮਤਲਬ ਵੀ ਕੱਢ ਲੈਂਦਾ ਸੀ, ਖਾਸ ਤੌਰ 'ਤੇ ਉਦੋਂ ਜਦੋਂ ਉਸ ਨੇ ਦੋ-ਵਾਰ ਬਿਨਾਂ ਆਪਣੇ ਕਿਸੇ ਸਾਥੀ ਨਾਲ ਸਲਾਹ ਮਸ਼ਵਰਾ ਕੀਤਿਆਂ ਆਪਣੀ ਭੁੱਖ ਹੜਤਾਲ ਤੋੜ ਦਿੱਤੀ। (ਸ਼ਿਵਰਾਮ ਵਰਮਾ ਦੀਆਂ ਲਿਖਤਾਂ ਦੇ ਹਵਾਲੇ ਨਾਲ) ਸੁਖਦੇਵ ਦੀ ਹਮੇਸ਼ਾ ਤੁਲਨਾ, ਭਗਤ ਸਿੰਘ ਦੀਆਂ ਆਪਣੇ ਸੰਗਠਨ 'ਚ ਤੇ ਆਪਣੇ ਸਾਥੀਆਂ 'ਚ, ਯੋਗਤਾਵਾਂ ਦੇ ਆਧਾਰ ਤੇ ਕੀਤੀ ਜਾਂਦੀ ਸੀ। ਅਕਸਰ ਸੁਖਦੇਵ ਦੇ ਦੋਸਤ ਸਨ- "ਸੁਖਦੇਵ ਉਸ ਸਮੇਂ ਆਪਣੀ ਬਾਹਰੀ ਦਿੱਖ 'ਚ ਅਲੱਗ ਨਜ਼ਰ ਆਉਂਦਾ ਸੀ, ਜਦੋਂ ਉਹ ਆਪਣੇ ਦੋਸਤਾਂ ਨੂੰ ਖੁਸ਼ੀ ਨਾਲ ਸੰਬੋਧਨ ਕਰਿਆ ਕਰਦਾ ਸੀ। ਇਸ ਤਰ੍ਹਾਂ ਉਹ ਭਗਤ ਸਿੰਘ ਦੀ ਉਲਟਤਾ ਦਾ ਰੂਪ ਨਜ਼ਰ ਆਉਂਦਾ ਸੀ। ਉਹ ਇਕੋ ਜਿਹਾ ਭਾਵ ਬਰਾਬਰ ਦਾ ਸਿਰੜੀ ਤੇ ਮਨਮੌਜੀ ਨਜ਼ਰ ਆਉਂਦਾ ਸੀ। ਵੜੈਚ ਕਹਿੰਦਾ ਹੈ ਕਿ, "ਸੁਖਦੇਵ ਦੇ ਸੰਗਠਨ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ' ਦਾ ਇਕ ਸਾਥੀ ਲਿਖਦਾ ਹੈ ਕਿ ਜੋ 'ਓਮ' ਦਾ ਚਿੱਤਰ ਉਸ ਨੇ ਆਪਣੀ ਬਾਂਹ 'ਤੇ ਇਕ ਟੈਟੂ ਵਜੋਂ ਉਕਰਵਾਇਆ ਹੋਇਆ ਸੀ, ਉਸ ਨੂੰ ਮਿਟਵਾਉਣ ਲਈ ਉਸ ਨੇ ਆਪਣੀ ਖੱਬੀ ਬਾਂਹ 'ਤੇ ਸ਼ੋਰੇ ਦਾ ਤੇਜ਼ਾਬ ਪਾ ਕੇ ਮਿਟਾਉਣ ਦਾ ਯਤਨ ਕੀਤਾ। ਇਹ ਸਿਰਫ ਉਸ ਨੇ ਆਪਣੀ ਸਹਿਣਸ਼ੀਲਤਾ ਨੂੰ ਪਰਖਣ ਲਈ ਹੀ ਕੀਤਾ ਸੀ। ਬਾਕੀ ਰਹਿੰਦੇ ਬਚੇ-ਖੁਚੇ ਨਿਸ਼ਾਨਾਂ 'ਤੇ ਜ਼ਖ਼ਮਾਂ ਨਾਲ ਪਈ ਪੀਕ ਨੂੰ ਖਤਮ ਕਰਨ ਲਈ ਉਸ ਨੇ ਜ਼ਖ਼ਮਾਂ 'ਤੇ ਬਲਦੀ ਹੋਈ ਮੋਮਬੱਤੀ ਦੀ ਲਾਟ ਲਾ ਕੇ ਖਤਮ ਕਰ ਦਿੱਤੇ।

ਸੁਖਦੇਵ ਇਕ ਬਹੁਤ ਹੀ ਕੁਰਖਤ ਕਿਸਮ ਦਾ ਦੇਸ਼ ਭਗਤ ਕ੍ਰਾਂਤੀਕਾਰੀ ਸੀ ਤੇ ਉਹ ਆਪਣੇ ਇਰਾਦੇ ਦਾ ਬੜਾ ਪੱਕਾ ਸੀ, ਜਿਹੜਾ ਕਿ ਹਰ ਕੰਮ ਨੂੰ ਅਮਲੀ ਰੂਪ ਦੇਣ 'ਚ ਵਿਸ਼ਵਾਸ ਰੱਖਦਾ ਸੀ। ਇਹ ਸਾਰੇ ਉਸ 'ਚ ਗੁਣ, ਇਕ ਜਾਦੂ ਦੀ ਤਰ੍ਹਾਂ ਲੱਗਦੇ ਸਨ ਤੇ ਉਹ ਇਕ ਸੱਚਾ ਤੇ ਇਮਾਨਦਾਰ ਸਮਾਜਵਾਦੀ ਨੇਤਾ ਸੀ। ਉਸ ਨੇ ਆਪਣੇ ਸਾਥੀਆ ਨੂੰ ਆਖਰੀ ਚਿੱਠੀ ਜਿਹੜੀ ਕਿ ਉਸ ਨੇ 7 ਅਕਤੂਬਰ 1930 ਨੂੰ (ਅਦਾਲਤ ਦੇ ਫੈਸਲੇ( ਵਾਲੇ ਦਿਨ ਲਿਖੀ, ਤੇ ਉਨ੍ਹਾਂ ਬੁੱਧੀਹੀਣ ਹਿੰਸਕ ਅਮਲਾਂ ਦੀ ਆਲੋਚਨਾ ਕੀਤੀ ਤੇ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਦੇ ਅਮਲਾਂ ਨੂੰ ਜਾਇਜ਼ ਠਹਿਰਾਇਆ, ਜਿਹਨਾਂ ਨੇ ਲੋਕਾਂ ਨੂੰ ਭਾਰਤ ਦੀ ਆਜ਼ਾਦੀ ਦੀ ਲੜਾਈ ਲਈ ਹਥਿਆਰਬੰਦ ਹੋ ਕੇ ਲੜਨ ਲਈ ਪ੍ਰੇਰਿਆ।

ਸੁਖਦੇਵ ਨੇ ਇਹ ਵੀ ਲਿਖਿਆ ਕਿ ਤੁਸੀਂ ਸਾਂਡਰਸ ਕਤਲ ਕੇਸ ਨੂੰ ਦੇਖ ਲਵੋ, ਜਦੋਂ ਲਾਲਾ ਲਾਜਪਤ ਰਾਏ ਜੀ 'ਤੇ ਅਣਗਿਣਤ ਲਾਠੀਆਂ ਦੇ ਵਾਰ ਹੋਏ ਤਾਂ ਸਾਰੇ ਦੇਸ਼ 'ਚ ਬੇਚੈਨੀ ਛਾ ਗਈ ਸੀ। ਇਹ ਇਕ ਚੰਗਾ ਮੌਕਾ ਸੀ ਕਿ ਸਾਡਾ ਸੰਗਠਨ ਭਾਵ ਸਾਡੀ ਪਾਰਟੀ ਸਾਰੇ ਦੇਸ਼ ਦਾ ਧਿਆਨ ਆਪਣੇ ਵੱਲ ਖਿੱਚਦੀ। ਇਸ ਕਰਕੇ ਹੀ ਸਾਂਡਰਸ ਦਾ ਕਤਲ ਕਰਨ ਦੀ ਯੋਜਨਾ

**(ਬਾਕੀ ਅਗਲੇ ਸਫੇ ਤੇ)**

## ਸ਼ਹੀਦੀ ਦਿਨ ’ਤੇ ਵਿਸ਼ੇਸ਼

# ‘ਮਹਾਨ ਕ੍ਰਾਂਤੀਕਾਰੀ ਸ਼ਹੀਦ ਸ਼ਿਵਰਾਮ ਹਰੀ ਰਾਜਗੁਰੂ’


ਪ੍ਰੋ: ਐਚ.ਐਲ.ਕਪੂਰ
001- 916- 587-4002

ਭਾਰਤ ਇਕ ਮਹਾਨ ਤੇ ਬੜਾ ਵਿਸ਼ਾਲ ਦੇਸ਼ ਹੈ। ਭਾਰਤ ਨੂੰ ਅੰਗਰੇਜ਼ੀ ਸਾਮਰਾਜ ਤੋਂ ਆਜ਼ਾਦ ਕਰਵਾਉਣ ਲਈ ਦੇਸ਼ ’ਚ ਹਜ਼ਾਰਾਂ ਲੋਕਾਂ ਨੇ ਫਾਂਸੀਆਂ ਦੇ ਰੱਸਿਆਂ ਨੂੰ ਚੁੰਮਿਆ ਤੇ ਜੇਲ੍ਹਾਂ ’ਚ ਉਮਰ ਕੈਦਾਂ ਦੀ ਸਜਾ ਭੁਗਤੀ। ਇਹਨਾਂ ਦੇਸ਼ ਭਗਤ ਕ੍ਰਾਂਤੀਕਾਰੀ ਯੋਧਿਆਂ ਨੇ ਅੰਗਰੇਜ਼ ਸਰਕਾਰ ਦੇ ਜ਼ਬਰ-ਜ਼ੁਲਮ ਦਾ ਸਾਹਮਣਾ ਕੀਤਾ ਪਰ ਉਹ ਅੰਗਰੇਜ਼ ਹਕੂਮਤ ਦੇ ਇਸ ਜਬਰ ਤੋਂ ਡਰੇ ਨਹੀਂ ਸਗੋਂ ਫਾਂਸੀ ਦੇ ਰੱਸਿਆਂ ਨੂੰ ਆਪਣੇ ਗਲ਼ਾਂ ’ਚ ਆਪ ਪਾਇਆ ਤੇ ’ਇਨਕਲਾਬ ਜਿੰਦਾਬਾਦ’ ਦੇ ਜੈਕਾਰੇ ਛੱਡਦੇ ਹੋਏ ਸ਼ਹੀਦੀ ਜਾਮ ਪੀ ਗਏ। ਅਜਿਹੇ ਹੀ ਇਕ ਭਾਰਤੀ ਮਾਂ ਦੇ ਮਹਾਨ ਸਪੂਤ, ਮਹਾਨ ਦੇਸ਼ ਭਗਤ ਤੇ ਕ੍ਰਾਂਤੀਕਾਰੀ ਸਨ ‘ਸ਼ਹੀਦ ਸ਼ਿਵਰਾਮ ਹਰੀ ਰਾਜਗੁਰੂ’। ਉਹ ਮਹਾਰਾਸ਼ਟਰ ਦੀ ਧਰਤੀ ’ਤੇ ਪੈਦਾ ਹੋਏ ਇਕ ਮਹਾਨ ਇਨਕਲਾਬੀ ਯੋਧੇ ਸਨ, ਜਿਸ ਨੂੰ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦਾ ਸਾਥੀ ਹੋਣ ਕਰਕੇ ਅਤੇ ਇਕ ਬ੍ਰਿਟਿਸ਼ ਪੁਲਿਸ ਅਧਿਕਾਰੀ ‘ਸਾਂਡਰਸ’ ਦੇ ਕਤਲ ਵਿਚ ਉਸ ਦੀ ਸ਼ਮੂਲੀਅਤ ਲਈ ਮੁੱਖ ਤੌਰ ਤੇ ਜਾਣਿਆ ਜਾਂਦਾ ਹੈ। ਅਸੀਂ ਜਿਸ ਤਰ੍ਹਾਂ ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਆਜ਼ਾਦੀ ਲਈ ਕੀਤੀ ਕੁਰਬਾਨੀ ਨੂੰ ਮਾਣ ਤੇ ਸਤਿਕਾਰ ਦਿੰਦੇ ਹਾਂ, ਠੀਕ ਇਸੇ ਹੀ ਤਰ੍ਹਾਂ ਮਹਾਰਾਸ਼ਟਰ ਦੇ ਲੋਕ ਵੀ ਆਪਣੇ ਮਹਾਨ ਯੋਧੇ ਕ੍ਰਾਂਤੀਕਾਰੀ ‘ਸ਼ਿਵਰਾਮ ਹਰੀ ਰਾਜਗੁਰੂ’ ਨੂੰ ਮਾਣ ਸਤਿਕਾਰ ਦਿੰਦੇ ਤੇ ਉਸ ਦੀ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਦਿੱਤੀ ਸ਼ਹਾਦਤ ’ਤੇ ਫ਼ਖ਼ਰ ਮਹਿਸੂਸ ਕਰਦੇ ਹਨ।

ਰਾਜਗੁਰੂ ਦਾ ਪਿਤਾ ਹਰੀ ਨਰਾਇਣ ਕੰਮ ਦੀ ਭਾਲ ਕਰਦਾ-ਕਰਦਾ ਆਪਣੇ ਪਿੰਡ ਚਾਕਨ ਤੋਂ ਜਾ ਕੇ ਪਿੰਡ ਖੇਡ (ਨਜ਼ਦੀਕ ਪੁਣੇ, ਮਹਾਰਾਸ਼ਟਰ) ਵਿਚ ਵੱਸ ਗਿਆ ਸੀ। ਇੱਥੇ ਹੀ ਰਾਜਗੁਰੂ ਦਾ ਜਨਮ 24 ਅਗਸਤ 1908 ਨੂੰ ਹੋਇਆ। ਉਹ ਹਾਲੇ ਛੇ ਵਰ੍ਹਿਆਂ ਦਾ ਹੀ ਸੀ ਜਦੋਂ ਉਸ ਦੇ ਪਿਤਾ ਦਾ ਦੇਹਾਂਤ ਹੋ ਗਿਆ ਸੀ। ਉਸ ਦੀ ਪਰਵਰਿਸ਼ ਉਸ ਦੇ ਵੱਡੇ ਭਰਾ ਨੇ ਕੀਤੀ। ਉਸ ਨੂੰ ਸਕੂਲ ਦਾਖਲ ਕਰਵਾਇਆ ਗਿਆ ਪਰ ਉਸ ਦਾ ਮਨ ਪੜ੍ਹਾਈ ’ਚ ਨਹੀਂ ਲੱਗਦਾ ਸੀ। ਉਹ ਤਾਂ ਹਰ ਸਮੇਂ ਖੇਡਣ ’ਚ ਮਸਤ ਰਹਿੰਦਾ ਸੀ। ਜਦੋਂ ਉਸ ਦੇ ਵੱਡੇ ਭਰਾ ਨੇ ਉਸ ’ਤੇ ਪੜ੍ਹਾਈ ਕਰਨ ਲਈ ਜ਼ੋਰ ਪਾਇਆ ਤਾਂ ਉਹ ਖਾਲੀ ਹੱਥ ਘਰੋਂ ਭੱਜ ਗਿਆ। ਰਾਜਗੁਰੂ ਕਈ ਦਿਨਾਂ ਤੱਕ ਭੁੱਖਾ-ਪਿਆਸਾ ਰਿਹਾ। ਆਖਿਰ ਉਹ ਬਨਾਰਸ ਪਹੁੰਚ ਗਿਆ। ਉਥੇ ਸੰਸਕ੍ਰਿਤ ਦੇ ਇਕ ਅਧਿਆਪਕ ਨੇ ਉਸ ਨੂੰ ਪੜ੍ਹਾਉਣਾ ਸ਼ੁਰੂ ਕੀਤਾ। ਇਹ ਅਧਿਆਪਕ ਉਸ ਨੂੰ ਪੜ੍ਹਾਉਂਦਾ ਘੱਟ ਸੀ, ਘਰ ’ਚ ਨੌਕਰਾਂ ਦੀ ਤਰ੍ਹਾਂ ਕੰਮ ਜ਼ਿਆਦਾ ਲੈਂਦਾ ਸੀ। ਰਾਜਗੁਰੂ ਉਥੇ ਵੀ ਟਿਕ ਨਾ ਸਕਿਆ। ਉਸ ਤੋਂ ਬਾਅਦ ਉਸ ਨੂੰ ਬਨਾਰਸ ਦੇ ਇਕ ਸਕੂਲ ਵਿਚ ਪੀ. ਟੀ. ਮਾਸਟਰ ਦੀ ਨੌਕਰੀ ਮਿਲ ਗਈ। ਇਹ ਨੌਕਰੀ ਉਸ ਦੀ ਮਨਪਸੰਦ ਵੀ ਸੀ। ਵਿਦਿਆਰਥੀਆਂ ਨਾਲ ਰਚ-ਮਿਚ ਗਿਆ।

ਇੱਥੇ ਬਨਾਰਸ ’ਚ ਰਹਿੰਦਿਆਂ ਹੀ ਭਾਰਤ ਦੇ ਮਹਾਨ ਕ੍ਰਾਂਤੀਕਾਰੀ, ਸ਼ਿਵ ਵਰਮਾ ਨੇ ਉਸ ਨਾਲ ਸੰਪਰਕ ਕੀਤਾ ਤੇ ਰਾਜਗੁਰੂ ਨੂੰ ਭਾਰਤ ਦੀ ਆਜ਼ਾਦੀ ਦੀ ਲੜਾਈ ਲਈ ਚੱਲ ਰਹੇ ਸੰਘਰਸ਼ ’ਚ ਸ਼ਾਮਲ ਹੋਣ ਲਈ ਪ੍ਰੇਰਿਆ। ਰਾਜਗੁਰੂ ਆਜ਼ਾਦੀ ਦੇ ਸੰਘਰਸ਼ ਦੀਆਂ ਗੱਲਾਂ ਸੁਣ ਕੇ ਬਹੁਤ ਖੁਸ਼ ਹੋਇਆ। ਉਹ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕੁਝ ਕਰਨਾ ਚਾਹੁੰਦਾ ਸੀ। ਉਸ ਨੇ ਗਰੀਬੀ ਦੀ ਜਹਾਲਤ ਤੇ ਭੁੱਖਮਰੀ ਦੇਖੀ ਸੀ ਤੇ ਉਹ ਭੁੱਖ ਨੂੰ ਬਰਦਾਸ਼ਤ ਕਰਨਾ ਜਾਣਦਾ ਸੀ। ਉਹ ਇਹ ਵੀ ਜਾਣਦਾ ਸੀ ਕਿ ਦੇਸ਼ ਦੀ ਇਸ ਤਰ੍ਹਾਂ ਦੀ ਭੈੜੀ ਹਾਲਤ ਦਾ ਕਾਰਨ ਅੰਗਰੇਜ਼ਾਂ ਵੱਲੋਂ ਕੀਤੀ ਜਾਂਦੀ ਲੁੱਟ ਸੀ ਤੇ ਭਾਰਤ ਦਾ ਸਾਰਾ ਸਰਮਾਇਆ ਲੁੱਟ ਕੇ ਉਹ ਇੰਗਲੈਂਡ ਲਿਜਾ ਰਹੇ ਸਨ। ਉਹ ਜਲਦੀ ਹੀ ਕ੍ਰਾਂਤੀਕਾਰੀ ਦਲ ਵਿਚ ਸ਼ਾਮਲ ਹੋ ਗਿਆ ਤੇ ਲਾਹੌਰ ਪਹੁੰਚ ਗਿਆ। ਉਥੇ ਕ੍ਰਾਂਤੀਕਾਰੀ ਲਹਿਰ ’ਚ ਕੰਮ ਕਰਦਿਆਂ ਉਹ ਸਰਦਾਰ ਭਗਤ ਸਿੰਘ ਦਾ ਨਜ਼ਦੀਕੀ ਸਾਥੀ ਤੇ ਵਧੀਆ ਦੋਸਤ ਬਣ ਗਿਆ। ਉਹ ਸਰਦਾਰ ਭਗਤ ਸਿੰਘ ਜੀ ਦੀ ਬਹੁਤ ਪ੍ਰਸੰਸਾ ਕਰਦਾ ਸੀ। ਰਾਜਗੁਰੂ ’ਚ ਸ਼ੌਂਕ-ਏ-ਸ਼ਹਾਦਤ ਦਾ ਅਥਾਹ ਜਜ਼ਬਾ ਸੀ। ਉਹ ਹਰ ਸਮੇਂ, ਹਰ ਗੱਲ ’ਚ ਆਪਣਾ ਮੁਕਾਬਲਾ ਸਰਦਾਰ ਭਗਤ ਸਿੰਘ ਨਾਲ ਕਰਦਾ ਸੀ। ਉਹ ਚਾਹੁੰਦਾ ਸੀ ਕਿ ਦੇਸ਼ ਹਿੱਤ ਕੁਰਬਾਨ ਹੋਣ ’ਚ ਜੇ ਉਹ ਸਰਦਾਰ ਭਗਤ ਸਿੰਘ ਤੋਂ ਅੱਗੇ ਨਹੀਂ ਜਾ ਸਕਦਾ ਤਾਂ ਉਸ ਤੋਂ ਕਿਸੇ ਵੀ ਹਾਲਾਤ ਵਿਚ ਪਿੱਛੇ ਨਾ ਰਹੇ। ਜੋ ਕੰਮ ਭਗਤ ਸਿੰਘ ਕਰਦਾ ਸੀ, ਉਹੀ ਕੰਮ ਰਾਜਗੁਰੂ ਕਰਨਾ ਲੋਚਦਾ ਸੀ।



ਸਰਦਾਰ ਭਗਤ ਸਿੰਘ ਤੇ ਰਾਜਗੁਰੂ ਦੋਵੇਂ ਬਹੁਤ ਪੱਕੇ ਨਿਸ਼ਾਨੇਬਾਜ਼ ਸਨ। ਸੰਨ 1928 ’ਚ ਜਦੋਂ ਲਾਲਾ ਲਾਜਪਤ ਰਾਏ ਦੀ ਸ਼ਹਾਦਤ ਉਪਰੰਤ ’ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ’ ਨੇ ਅੰਗਰੇਜ਼ਾਂ ਤੋਂ ਇਸ ਅਪਮਾਨ ਦਾ ਬਦਲਾ ਲੈਣ ਦਾ ਫੈਸਲਾ ਲਿਆ ਤਾਂ ਅੰਗਰੇਜ਼ ਅਫਸਰ ਸਕਾਟ ਨੂੰ ਮਾਰਨ ਦੀ ਜ਼ਿੰਮੇਵਾਰੀ ਰਾਜਗੁਰੂ ਤੇ ਭਗਤ ਸਿੰਘ ਨੂੰ ਸੌਂਪੀ ਗਈ। ਇਸ ਤਰ੍ਹਾਂ ਥਾਣੇ ’ਚੋਂ ਮੋਟਰ ਸਾਇਕਲ ਉੱਤੇ ਨਿਕਲ ਰਹੇ ਅੰਗਰੇਜ਼ ਅਫਸਰ ਉੱਤੇ ਰਾਜਗੁਰੂ ਨੇ ਗੋਲੀ ਚਲਾ ਦਿੱਤੀ ਪਰ ਇਹ ਸਕਾਟ ਨਹੀਂ ਸਾਂਡਰਸ ਸੀ। ਉਹ ਮੋਟਰ ਸਾਈਕਲ ਤੋਂ ਡਿੱਗ ਪਿਆ। ਡਿੱਗੇ ਪਏ ਅਫਸਰ ਉੱਤੇ ਦੋ ਗੋਲੀਆਂ ਭਗਤ ਸਿੰਘ ਨੇ ਵੀ ਚਲਾ ਦਿੱਤੀਆਂ। ਉਹ ਸਾਰੇ ਉਥੋਂ ਨਿਕਲ ਗਏ। ਜਦੋਂ ਸਾਰੇ ਇਕ ਥਾਂ ਇਕੱਠੇ ਹੋਏ ਤਾਂ ਸਭ ਰਾਜਗੁਰੂ ਦੀ ਤਾਰੀਫ਼ ਕਰਨ ਲੱਗੇ ਕਿ ਉਸ ਨੇ ਅਫਸਰ ਦੇ ਢਿੱਡ ’ਚ ਗੋਲੀ ਮਾਰੀ। ‘ਨਹੀਂ, ਮੈਂ ਤਾਂ ਪੁੜਪੁੜੀ ਦਾ ਨਿਸ਼ਾਨਾ ਲਿਆ ਸੀ- ਪਿਸਤੌਲ ਹੀ ਨਿਕੰਮਾ ਸੀ- ਜਿਹੜਾ ਹਿੱਲ ਗਿਆ।’ ਰਾਜਗੁਰੂ ਨੇ ਕਿਹਾ। ਉਹ ਬਹੁਤ ਹੀ ਸਿੱਧੇ ਸੁਭਾਅ ਦਾ ਪਰ ਮਘਦੇ ਜਜ਼ਬੇ ਵਾਲਾ ਕ੍ਰਾਂਤੀਕਾਰੀ ਸੀ। ਜਦੋਂ ਭਗਤ ਸਿੰਘ ਨੂੰ ਦਿੱਲੀ ਅਸੈਂਬਲੀ ’ਚ ਬੰਬ ਸੁੱਟਣ ਲਈ ਨਾਮਜ਼ਦ ਕੀਤਾ ਗਿਆ ਤਾਂ ਕਮੇਟੀ ਵਿਚ ਰਾਜਗੁਰੂ ਨੇ ਬਹੁਤ ਜ਼ੋਰ ਲਾਇਆ ਸੀ ਕਿ ਇਹ ਡਿਊਟੀ ਭਗਤ ਸਿੰਘ ਦੀ ਥਾਂ ਉਸ ਨੂੰ ਸੌਂਪੀ ਜਾਵੇ ਜਾਂ ਘੱਟੋ-ਘੱਟ ਉਸ ਨੂੰ ਭਗਤ ਸਿੰਘ ਦਾ ਸਾਥੀ ਬਣਾ ਕੇ ਉਥੇ ਭੇਜਿਆ ਜਾਵੇ। ਦੂਜੇ ਕ੍ਰਾਂਤੀਕਾਰੀਆਂ ਨੇ ਕਿਹਾ ਕਿ ਗ੍ਰਿਫਤਾਰੀ ਹੋਣ ਦੀ ਸੂਰਤ ਵਿਚ ਉਹ ਪਾਰਟੀ ਦਾ ਪੱਖ ਪੂਰੀ ਤਰ੍ਹਾਂ ਪੇਸ਼ ਨਹੀਂ ਕਰ ਸਕੇਗਾ ਕਿਉਂਕਿ ਉਸ ਨੂੰ ਅੰਗਰੇਜ਼ੀ ਨਹੀਂ ਆਉਂਦੀ। ਉਹ ਝਾਂਸੀ ਗਿਆ। ਚੰਦਰ ਸ਼ੇਖਰ ਆਜ਼ਾਦ ਨਾਲ ਗੱਲ ਕੀਤੀ, ਮੈਨੂੰ ਅੰਗਰੇਜ਼ੀ ਵਿਚ ਬਿਆਨ ਤਿਆਰ ਕਰ ਦੇਣਾ, ਮੈਂ ਉਸ ਨੂੰ ਰੱਟ ਕੇ ਬੋਲ ਦੇਵਾਂਗਾ।’ ਅਕਸਰ ਸੰਸਕ੍ਰਿਤ ਨੂੰ ਵੀ ਮੈਂ ਘੋਟਾ ਹੀ ਲਾਉਂਦਾ ਹਾਂ। ਪਰ ਰਾਜਗੁਰੂ ਦੀ ਇਹ ਮੰਗ ਪ੍ਰਵਾਨ ਨਾ ਹੋਈ। ਮਿਤੀ 6 ਅਪ੍ਰੈਲ 1929 ਨੂੰ ਭਗਤ ਸਿੰਘ ਤੇ ਬਟੁਕੇਸ਼ਵਰ ਦੱਤ ਨੇ ਅਸੈਂਬਲੀ ਵਿਚ ਬੰਬ ਸੁੱਟਿਆ ਤੇ ਆਪਣੇ-ਆਪ ਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ।

ਬੰਬ ਸੁੱਟਣ ਦੇ ਨਾਲ-ਨਾਲ ਲਾਹੌਰ ਸਾਜ਼ਿਸ਼ ਕੇਸ ਅਧੀਨ ਸੁਖਦੇਵ, ਭਗਤ ਸਿੰਘ, ਸ਼ਿਵ ਵਰਮਾ, ਗਯਾ ਪ੍ਰਸਾਦ, ਜਤਿੰਦਰਨਾਥ ਦਾਸ, ਜੈਦੇਵ ਕਪੂਰ, ਬਟੁਕੇਸ਼ਵਰ ਦੱਤ, ਕਮਲ-ਨਾਥ, ਭਗਵਾਨ ਦਾਸ ਮਹੌਰ, ਜਤਿੰਦਰ ਨਾਥ ਸਾਨਿਆਲ, ਆਸ਼ਾ ਰਾਮ, ਪ੍ਰੇਮ ਦੱਤ, ਦੇਸ਼ ਰਾਜਾ, ਮਹਾਂਬੀਰ ਸਿੰਘ, ਸੁਰੇਂਦਰ ਪਾਂਡੇ, ਅਜੈ ਘੋਸ਼ ਅਤੇ ਰਾਜਗੁਰੂ ਖਿਲਾਫ ਮੁਕੱਦਮਾ ਚੱਲਿਆ। ਚੰਦਰ ਸ਼ੇਖਰ ਫਰਾਰ ਆਜ਼ਾਦ ਸਨ। ਇਹ ਮੁਕੱਦਮਾ ਲਾਹੌਰ ਚੱਲਿਆ। ਅਕਤੂਬਰ 1930 ਨੂੰ ਮੁਕੱਦਮੇ ਦਾ ਫੈਸਲਾ ਸੁਣਾ ਦਿੱਤਾ ਗਿਆ। ਸੁਖਦੇਵ ਅਤੇ ਭਗਤ ਸਿੰਘ ਦੇ ਨਾਲ-ਨਾਲ ਰਾਜਗੁਰੂ ਨੂੰ ਵੀ ਫਾਂਸੀ ਦੀ ਸਜਾ ਸੁਣਾਈ ਗਈ। ਰਾਜਗੁਰੂ ਬੇਹੱਦ ਖੁਸ਼ ਸੀ ਕਿਉਂਕਿ ਉਸ ਦੀ ਭਗਤ ਸਿੰਘ ਨਾਲ ਸ਼ਹੀਦ ਹੋਣ ਦੀ ਸੱਧਰ ਪੂਰੀ ਹੋਣ ਵਾਲੀ ਸੀ। ਲੋਕਾਂ ’ਚ ਇਹਨਾਂ ਸਜ਼ਾਵਾਂ ਵਿਰੁੱਧ ਪਾਰੀ ਰੋਸ ਸੀ। ਉਹਨਾਂ ਨੇ ਜਲਸੇ ਕੀਤੇ, ਜਲੂਸ ਕੱਢੇ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਨੌਜਵਾਨਾਂ ਨੂੰ ਫਾਂਸੀ ਨਾ ਦਿੱਤੀ ਜਾਵੇ ਪਰ ਪ੍ਰੀਵੀ ਕੌਂਸਲ ਨੇ ਇਸ ਮੰਗ ਨੂੰ ਠੁਕਰਾ ਦਿੱਤਾ। ਉਨ੍ਹਾਂ ਨੂੰ 23 ਮਾਰਚ 1931 ਨੂੰ ਸ਼ਾਮ ਵੇਲੇ ਲਾਹੌਰ ਜੇਲ੍ਹ ਅੰਦਰ ਫਾਂਸੀ ’ਤੇ ਚੜ੍ਹਾਉਣ ਦੀ ਵਿਉਂਤ ਬਣਾਈ ਗਈ। ਭਾਰਤ ਮਾਂ ਦੇ ਇਹ ਤਿੰਨੋਂ ਲਾਲ ਕਾਲ-ਕੋਠੜੀ ਤੋਂ ’ਇਨਕਾਬ ਜਿੰਦਾਬਾਦ’ ਦੇ ਨਾਅਰੇ ਲਾਉਂਦਿਆਂ ਫਾਂਸੀ ਘਰ ਵੱਲ ਵਧੇ ਅਤੇ ਉਹਨਾਂ ਨੇ ਹੱਸਦਿਆਂ-ਹੱਸਦਿਆਂ ਫਾਂਸੀ ਦੇ ਫੰਦਿਆਂ ਨੂੰ ਚੁੰਮਿਆ ਤੇ ਦੇਸ਼ ਲਈ ਸ਼ਹੀਦ ਹੋ ਗਏ।

ਫਾਂਸੀ ਲੱਗਣ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਮ੍ਰਿਤਕ ਸਰੀਰ ਇਹਨਾਂ ਦੇ ਵਾਰਸਾਂ ਨੂੰ ਨਹੀਂ ਦਿੱਤੇ ਕਿਉਂਕਿ ਹਜ਼ਾਰਾਂ ਦੀ ਗਿਣਤੀ ’ਚ ਲੋਕਾਂ ਨੇ ਜੇਲ੍ਹ ਦਾ ਘਿਰਾਓ ਕੀਤਾ ਹੋਇਆ ਸੀ ਤੇ ਜੇਲ੍ਹ ਦੇ ਬਾਹਰ ਸਰਕਾਰ ਦੇ ਖਿਲਾਫ ਨਾਅਰੇ ਵੱਜ ਰਹੇ ਸਨ ਤੇ ਸਰਕਾਰ ਨੂੰ ਡਰ ਸੀ ਕਿ ਜੇਕਰ ਇਨ੍ਹਾਂ ਦੀਆਂ ਲਾਸ਼ਾਂ ਵਾਰਸਾਂ ਹਵਾਲੇ ਕੀਤੀਆਂ ਗਈਆਂ ਤਾਂ ਲੋਕ ਜ਼ਿਆਦਾ ਭੜਕਣਗੇ ਤੇ ਹੋ ਸਕਦਾ ਹੈ ਕਿ ਸਾਰੇ ਦੇਸ਼ ’ਚ ਅੰਗਰੇਜ਼ ਸਰਕਾਰ ਦੇ ਖਿਲਾਫ ਲੋਕ ਸੜਕਾਂ ਤੇ ਆ ਜਾਣਗੇ ਤੇ ਸਰਕਾਰ ਲਈ ਹਾਲਾਤ ’ਤੇ ਕਾਬੂ ਪਾਉਣਾ ਮੁਸ਼ਕਿਲ ਹੋਵੇਗਾ। ਇਸੇ ਗੱਲੋਂ ਡਰਦਿਆਂ ਸਰਕਾਰ ਨੇ ਫਾਂਸੀ ਦੀ ਅਸਲ ਤਾਰੀਖ ਜਿਹੜੀ ਕਿ 24 ਮਾਰਚ 1931 ਸੀ, ਪਰ ਉਕਤ ਡਰੋਂ, ਉਸਨੇ ਇਕ ਦਿਨ ਪਹਿਲਾਂ ਹੀ 23 ਮਾਰਚ 1931 ਨੂੰ ਇਹਨਾਂ ਤਿੰਨਾਂ ਨੂੰ ਫਾਂਸੀ ’ਤੇ ਚਾੜ੍ਹ ਦਿੱਤਾ ਤੇ ਇਹਨਾਂ ਦੀਆਂ ਲਾਸ਼ਾਂ ਦੇ ਛੋਟੇ ਟੁਕੜੇ ਕਰਕੇ ਤਾਂ ਕਿ ਇਹ ਜਲਦੀ ਜਲ਼ ਜਾਣ, ਬੋਰਿਆਂ ’ਚ ਪਾ ਲਿਆ ਤੇ ਲਾਸ਼ਾਂ ਜੇਲ੍ਹ ਦੇ ਪਿਛਵਾੜਿਉਂ ਦੀ, ਲੋਕਾਂ ਤੋਂ ਅੱਖ ਬਚਾਅ ਕੇ ਕੱਢ ਲਿਆ ਤੇ ਹੁਸੈਨੀਵਾਲਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸਤਲੁਜ ਦਰਿਆ ਦੇ ਕਿਨਾਰੇ ਤੇਲ ਪਾ ਕੇ ਜਲ਼ਾ ਦਿੱਤਾ। ਜਦੋਂ ਉਥੋਂ ਦੇ ਸਥਾਨਕ ਲੋਕਾਂ ਨੂੰ ਦਰਿਆ ਦੇ ਕਿਨਾਰੇ ਅੱਗ ਬਲਦੀ ਦੇਖੀ ਤਾਂ ਲੋਕ ਇਕੱਤਰ ਹੋ ਗਏ ਤੇ ਪੁਲਿਸ ਅੱਧ ਜਲੀਆਂ ਲਾਸ਼ਾਂ ਨੂੰ ਦਰਿਆ ’ਚ ਸੁੱਟਣ ਦਾ ਯਤਨ ਕਰਦੀ ਹੋਈ, ਦੌੜ ਗਈ। ਲੋਕਾਂ ਨੇ ਲਾਸ਼ਾਂ ਦੇ ਟੁਕੜੇ ਇਕੱਠੇ ਕਰਕੇ ਤਿੰਨਾਂ ਹੀ ਮਹਾਨ ਕ੍ਰਾਂਤੀਕਾਰੀਆਂ ਦਾ ਅੰਤਿਮ ਸੰਸਕਾਰ ਉਥੇ ਹੀ ਦਰਿਆ ਸਤਲੁਜ ਦੇ ਕਿਨਾਰੇ ’ਤੇ ਕਰ ਦਿੱਤਾ। ਇਸ ਘਟਨਾ ਤੋਂ ਭਲੀ-ਭਾਂਤ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਅੰਗਰੇਜ਼ ਸਰਕਾਰ ਆਜ਼ਾਦੀ ਦੀ ਮੰਗ ਕਰਨ ਵਾਲੇ ਦੇਸ਼ ਭਗਤ, ਕ੍ਰਾਂਤੀਕਾਰੀਆਂ ਪ੍ਰਵਾਨਿਆਂ ’ਤੇ ਕਿੰਨੀ ਬਰਬਰਤਾ ਤੇ ਕਰੂਰ ਵਤੀਰੇ ਨਾਲ ਪੇਸ਼ ਆਉਂਦੀ ਸੀ। ਇਸੇ ਜਗ੍ਹਾ ਤੇ ਇਹਨਾਂ ਆਜ਼ਾਦੀ ਦੇ ਪ੍ਰਵਾਨਿਆਂ ਦੀ ਯਾਦ ’ਚ ਇਹਨਾਂ ਤਿੰਨਾਂ ਦੀਆਂ ਸਮਾਧਾਂ, ਇਸ ਗੱਲ ਦਾ ਪ੍ਰਤੀਕ ਹਨ।

# ਮਹਾਨ ਕ੍ਰਾਂਤੀਕਾਰੀ ਸ਼ਹੀਦ ‘ਸੁਖਦੇਵ ਥਾਪਰ’

ਉਲੀਕੀ ਗਈ ਸੀ। ਉਸਦਾ ਕਤਲ ਕਰਕੇ ਸਾਡਾ ਉਸ ਜਗ੍ਹਾ ਤੋਂ ਦੌੜ ਜਾਣ ਦਾ ਮੰਤਵ ਨਹੀਂ ਸੀ। ਅਸੀਂ ਭਾਰਤੀ ਲੋਕਾਂ ’ਚ ਇਹ ਸੰਦੇਸ਼ ਪਹੁੰਚਾਉਣਾ ਚਾਹੁੰਦੇ ਸਾਂ ਕਿ ਇਹ ਇਕ ਰਾਜਨੀਤਿਕ ਕਤਲ ਹੈ ਅਤੇ ਇਹ ਅਪਰਾਧ ਕਰਨ ਵਾਲੇ ਭਾਰਤੀ ਕ੍ਰਾਂਤੀਕਾਰੀ ਹਨ। ਸਾਡੇ ਅਮਲ ਹਮੇਸ਼ਾ ਭਾਰਤੀ ਲੋਕਾਂ ਦੀਆਂ ਤਕਲੀਫ਼ਾਂ ਵੱਲ, ਧਿਆਨ ਖਿੱਚਣ ਵੱਲ ਤੇ ਉਹਨਾਂ ਵੱਲੋਂ ਮਿਲਦੇ ਹੁੰਗਾਰੇ ਵੱਲ ਰਹਿੰਦੇ ਸਨ।

ਅਸੀਂ ਚਾਹੁੰਦੇ ਸਾਂ ਕਿ ਭਾਰਤੀ ਲੋਕਾਂ ’ਚ ਕ੍ਰਾਂਤੀਕਾਰੀ ਵਿਚਾਰਾਂ ਦੀ ਰੂਹ ਫੂਕੀ ਜਾਵੇ ਤੇ ਸਾਨੂੰ ਲੋਕਾਂ ’ਚ ਸਾਡੇ ਇਸ ਪ੍ਰਭਾਵ ਦੀ ਕਿਰਨ ਨਜ਼ਰ ਆਵੇ ਤੇ ਅਜਿਹੇ ਵਿਚਾਰਾਂ ਦਾ ਪ੍ਰਭਾਵ ਸਾਡੀ ਸ਼ਾਨ ਨੂੰ ਹੋਰ ਵਧਾਵੇ। ਜਦੋਂ ਕੋਈ ਕ੍ਰਾਂਤੀਕਾਰੀ ਇਹਨਾਂ ਵਿਚਾਰਾਂ ’ਤੇ ਚੱਲਦਾ ਹੋਇਆ ਤੇ ਅਮਲ ਕਰਦਾ ਹੋਇਆ, ਦੇਸ਼ ਦੀ ਆਜ਼ਾਦੀ ਦੀ ਖਾਤਰ ਫਾਂਸੀ ਦੇ ਰੱਸੇ ਨੂੰ ਚੁੰਮੇ ਤੇ ਆਪਣਾ ਜੀਵਨ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਲਾ ਦੇਵੇ। ’’ ਇਸ ਚਿੱਠੀ ਦੀ ਸਰਟੀਫਾਈਡ ਕਾਪੀ ਪੰਜਾਬ ਸੀ. ਆਈ. ਡੀ. ਵੱਲੋਂ ਗ੍ਰਹਿ ਵਿਭਾਗ ਨੂੰ ਭੇਜੀ ਗਈ ਸੀ। ਭਾਰਤੀ ਮਾਂ ਦੇ ਮਹਾਨ ਸਪੂਤ ਸੁਖਦੇਵ ਦਾ ਮਹਾਤਮਾ ਗਾਂਧੀ ਜੀ ਨੂੰ ਲਿਖਿਆ ਖ਼ਤ ਵੀ ਉਹਨਾਂ ਦੇ ਵਿਚਾਰਾਂ ਦੇ ਪ੍ਰਭਾਵ ਦੀ ਤਰਜ਼ਮਾਨੀ ਕਰਦਾ ਹੈ, “ਕ੍ਰਾਂਤੀਕਾਰੀਆਂ ਦਾ ਉਦੇਸ਼ ਭਾਰਤ ’ਚ ਸਮਾਜਵਾਦੀ ਗਣਤੰਤਰ ਦੀ ਸਿਰਜਣਾ ਕਰਨ ਦਾ ਹੈ। ਸਾਡਾ ਉਦੇਸ਼ ਹੈ ਕਿ ਸਾਡੇ ਇਸ ਸਮਾਜਵਾਦੀ ਨਿਜ਼ਾਮ ’ਚ ਜ਼ਰਾ ਜਿੰਨਾ ਵੀ ਪਰਿਵਰਤਨ ਨਾ ਕੀਤਾ ਜਾਵੇ।

ਮੈਂ ਸੋਚਦਾ ਹਾਂ ਕਿ ਤੁਸੀਂ ਮੇਰੀ ਗੱਲ ’ਤੇ ਵਿਸ਼ਵਾਸ ਕਰੋਗੇ ਕਿ ਕ੍ਰਾਂਤੀਕਾਰੀ ਦੇਸ਼ ਭਗਤ ਲੋਕ ਭਾਰਤ ’ਚ ਭਾਰੀ ਸੰਖਿਆ ’ਚ ਹਨ, ਜਿਹੜੇ ਤਬਾਹਕੁੰਨ ਅਮਲਾਂ ’ਚ ਵਿਸ਼ਵਾਸ ਰੱਖਦੇ ਹਨ। ਮੈਂ ਤੁਹਾਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸਚਾਈ ਇੱਕਦਮ ਇਸ ਦੇ ਉਲਟ ਹੈ।

ਉਹ ਆਪਣੀ ਜ਼ਿੰਮੇਵਾਰੀ ਸਮਝਦੇ ਹਨ ਤੇ ਉਹਨਾਂ ਦੇ ਕ੍ਰਾਂਤੀਕਾਰੀ ਸੰਵਿਧਾਨ ’ਚ ਬੜੇ ਉਸਾਰੂ ਤੇ ਰਚਨਾਤਮਕ ਤੱਤ ਹਨ, ਇੱਥੋਂ ਤੱਕ ਕਿ ਮੌਜੂਦਾ ਹਾਲਾਤ ’ਚ ਵੀ ਉਹਨਾਂ ਪਾਸ ਤਬਾਹਕੁੰਨੀ ਦੇ ਬੜੇ ਮੌਕੇ ਹਨ।

## 2 ਅਪ੍ਰੈਲ ਜਨਮ ਦਿਨ ਤੇ ਵਿਸ਼ੇਸ਼

# ਬਾਬਾ ਭਗਤ ਸਿੰਘ ਬਿਲਗਾ ਨੂੰ ਯਾਦ ਕਰਦਿਆਂ




ਨਵਜੋਤ ਬਜਾਜ ਗੱਗੂ
91-98721-02614

ਬਾਬਾ ਭਗਤ ਸਿੰਘ ਬਿਲਗਾ ਦਾ ਜਨਮ 2 ਅਪ੍ਰੈਲ, 1907 ਨੂੰ ਨੰਬਰਦਾਰ ਹੀਰਾ ਸਿੰਘ ਸੰਘੇੜਾ ਦੇ ਘਰ ਮਾਤਾ ਮਾਲਣ ਦੀ ਕੁੱਖੋ ਬਿਲਗਾ, ਜ਼ਿਲ੍ਹਾ ਜਲੰਧਰ ਵਿੱਚ ਹੋਇਆ। ਇਹਨਾਂ ਨੂੰ ਅੱਜ ਗਦਰ ਲਹਿਰ ਦੇ ਆਖ਼ਰੀ ਜਰਨੈਲ ਵਜੋ ਯਾਦ ਕੀਤਾ ਜਾਦਾ ਹੈ।

ਬਾਬਾ ਜੀ ਦੇ ਬਰਤਾਨਵੀ ਸਾਮਰਾਜ ਖ਼ਿਲਾਫ ਵਿਦਰੋਹੀ ਜੀਵਨ ਦਾ ਆਗਾਜ਼ ਉਨ੍ਹਾਂ ਦੇ ਵਿਦਿਆਰਥੀ ਜੀਵਨ ਵਿੱਚ ਭਾਵ ਲੁਧਿਆਣੇ ਪੜ੍ਹਦੇ ਸਮੇਂ ਹੀ ਹੋ ਗਿਆ ਸੀ। ਪਰ ਘਰ ਦੀ ਗਰੀਬੀ ਦੇ ਖਾਤਮੇ ਲਈ ਉਹ ਕਮਾਈ ਕਰਨ ਵਾਸਤੇ ਵਿਦੇਸ਼ ਚਲੇ ਗਏ ਤੇ 21 ਸਾਲ ਦੀ ਉਮਰ ਵਿੱਚ 1928 ਨੂੰ ਸ. ਅਜੀਤ ਸਿੰਘ (ਚਾਚਾ ਸ਼ਹੀਦ ਭਗਤ ਸਿੰਘ) ਦੀ ਪ੍ਰਧਾਨਗੀ ਵਾਲੀ ਅਰਜਨਟਾਈਨਾ ਤੋਂ ਪਾਰਟੀ ਦੇ ਆਦੇਸ਼ ਮੁਤਾਬਿਕ ਬਿਲਗਾ ਜੀ ਮਾਰਕਸਵਾਦ ਅਤੇ ਫੌਜੀ ਵਿੱਦਿਆ ਦੀ ਉਚੇਰੀ ਟਰੇਨਿੰਗ ਲੈਣ ਲਈ ਰੂਸ ਦੀ ਟੋਆਇਲਰ ਯੂਨੀਵਰਸਿਟੀ ਮਾਸਕੋ ਗਏ। ਉਥੋਂ ਉਹ 60 ਕ੍ਰਾਂਤੀਕਾਰੀਆਂ ਦਾ ਗਰੁੱਪ ਤਿਆਰ ਕਰਕੇ ਆਜ਼ਾਦੀ ਦੀ ਲੜਾਈ ਵਿਚ ਸ਼ਾਮਿਲ ਹੋਣ ਲਈ ਭਾਰਤ ਪਰਤੇ। ਇਸ ਦੌਰਾਨ ਉਨ੍ਹਾਂ ਨੂੰ ਕਈ ਵਾਰ ਕੈਦ ਦੀ ਸਜ਼ਾ ਹੋਈ ਤੇ ਤਸੀਹੇ ਦਿੱਤੇ ਗਏ। ਆਜ਼ਾਦੀ ਤੋਂ ਬਾਅਦ 1959 ਵਿੱਚ ਖੁਸ਼ ਹੈਸੀਅਤ ਟੈਕਸ ਦੇ ਵਿਰੋਧ ਵਿਚ ਸੰਘਰਸ਼ ਕਰਨ 'ਤੇ ਪੰਜਾਬ ਸਰਕਾਰ ਨੇ ਫਿਰ ਬਾਬਾ ਬਿਲਗਾ ਜੀਨੂੰ ਗ੍ਰਿਫਤਾਰ ਕਰਕੇ ਜੇਲ੍ਹ ਅੰਦਰ ਬੰਦ ਕਰ ਦਿੱਤਾ। ਉਨ੍ਹਾਂ ਨੂੰ 1971 ਵਿਚ ਵੀ ਕੈਦ ਕੀਤਾ ਗਿਆ। ਉਨ੍ਹਾਂ ਦੇ ਆਖ਼ਰੀ ਵਾਰੰਟ ਐਮਰਜੈਂਸੀ ਦਾ ਵਿਰੋਧ ਕਰਨ 'ਤੇ ਨਿਕਲੇ ਅਤੇ 6 ਅਕਤੂਬਰ 2008 ਵਿੱਚ ਜ਼ਲ੍ਹਿਆਂਵਾਲੇ ਬਾਗ ਦੇ ਅਸਲੀ ਸਰੂਪ ਨੂੰ ਬਚਾਉਣ, ਕਾਮਾਗਾਟਾਮਾਰੂ ਦੇ ਮੁਸਾਫ਼ਰਾ ਤੇ ਨਾਮਧਾਰੀ ਦੇਸ਼ ਭਗਤਾਂ ਨੂੰ ਮਾਨਤਾ ਦਿਵਾਉਣ ਸਬੰਧੀ ਕੀਤੇ ਰੋਸ ਮਾਰਚ ਨੂੰ ਉਨ੍ਹਾਂ ਦੇ ਵਿਦਰੋਹੀ ਜੀਵਨ ਦਾ ਆਖ਼ਰੀ ਅੰਦੋਲਨ ਮੰਨਿਆ ਜਾ ਸਕਦਾ ਹੈ, ਜਿਸ ਮਾਰਚ ਦੀ ਅਗਵਾਈ ਇਸ 101 ਸਾਲਾ ਬਜ਼ੁਰਗ ਇਨਕਲਾਬੀ ਨੇ ਵੀਲ੍ਹ ਚੇਅਰ 'ਤੇ ਬੈਠਕੇ ਕੀਤੀ। ਬਾਬਾ ਜੀ ਨੇ ਹਰ ਪ੍ਰਕਾਰ ਦੀ ਗੁਲਾਮੀ ਤੇ ਨਾਬਰਾਬਰੀ, ਖ਼ਿਲਾਫ ਸਾਰੀ ਉਮਰ ਸੰਘਰਸ਼ ਕੀਤਾ। ਬਾਬਾ ਜੀ ਨੇ ਦੇਸ਼ ਦੀ ਆਜ਼ਾਦੀ ਖਾਤਰ ਕੀਤੀਆਂ ਮਹਾਨ ਕੁਰਬਾਨੀਆਂ ਅਤੇ ਸਮੁੱਚੇ ਮਾਨਵੀ ਸਮਾਜ ਪ੍ਰਤੀ ਦਿੱਤੀਆਂ ਵਡਮੁੱਲੀਆਂ ਸੇਵਾਵਾ ਦੇ ਇਵਜ਼ ਵਿਚ ਕੋਈ ਵੀ ਸਰਕਾਰੀ ਪੈਨਸ਼ਨ ਜਾਂ ਕੋਈ ਹੋਰ ਸਹੂਲਤ ਪ੍ਰਵਾਨ ਨਹੀਂ ਸੀ ਕੀਤੀ, ਪਰ ਉਨ੍ਹਾਂ ਨੂੰ ਦੁਨਿਆ ਭਰ ਵਿਚੋ ਕਈ ਗੈਰ ਸਰਕਾਰੀ ਸੰਸਥਾਵਾਂ ਵੱਲੋਂ ਸਨਮਾਨਜਨਕ ਖਿਤਾਬ ਮਿਲਦੇ ਰਹੇ। ਉਨ੍ਹਾਂ ਨੇ ਇਕ ਰਾਸ਼ਟਰੀ ਅਵਾਰਡ 'ਸਦੀ ਦਾ ਹੌਸਲਾ ਅਤੇ ਬਹਾਦਰੀ ਦਾ ਸਨਮਾਨ' ਸਿਰਫ਼ ਆਪਣੇ ਪਿਆਰਿਆਂ ਦੇ ਜ਼ੋਰ ਦੇਣ 'ਤੇ ਇਸ ਕਰਕੇ ਪ੍ਰਵਾਨ ਕੀਤਾ ਕਿ ਇਸ ਨਾਲ ਕੋਈ ਵਿੱਤੀ ਲਾਭ ਨਹੀਂ ਸੀ ਜੁੜਿਆ ਹੋਇਆ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਮਰਨ ਉਪਰੰਤ 'ਪੰਜਾਬ ਰਤਨ' ਦਾ ਖਿਤਾਬ ਦੇ ਕੇ ਸਨਮਾਨਿਤ ਕੀਤਾ। ਇਸ ਵਿਚ ਵੀ ਕੋਈ ਨਕਦ ਰਾਸ਼ੀ ਨਾ ਸ਼ਾਮਿਲ ਹੋਣ ਕਰਕੇ ਹੀ ਉਨ੍ਹਾਂ ਦੇ ਪਰਿਵਾਰ ਨੇ ਇਸ ਨੂੰ ਸਵੀਕਾਰ ਕੀਤਾ। ਬਾਬਾ ਭਗਤ ਸਿੰਘ ਬਿਲਗਾ ਜੀ ਨੇ ਆਜ਼ਾਦੀ ਉਪਰੰਤ ਆਜ਼ਾਦੀ ਸੰਗਰਾਮੀਏ ਗ਼ਦਰੀ ਯੋਧਿਆ ਦੀ ਯਾਦਗਾਰ 'ਦੇਸ਼ ਭਗਤ ਯਾਦਗਾਰ ਹਾਲ ਜਲੰਧਰ' ਦੀ ਉਸਾਰੀ ਲਈ ਦਿਨ-ਰਾਤ ਇਕ ਕਰ ਦਿੱਤਾ।

ਉਨ੍ਹਾਂ ਨੇ ਆਪਣੇ ਆਲੇ-ਦੁਆਲੇ ਦੇ ਸਰਬਪੱਖੀ ਵਿਕਾਸ ਲਈ ਵੀ ਸ਼ਲਾਘਸਯੋਗ ਉਪਰਾਲੇ ਕੀਤੇ। ਉਨ੍ਹਾਂ ਨੇ ਪਿੰਡ ਬਿਲਗੇ ਵਿਚ ਲੜਕੇ-ਲੜਕੀਆਂ ਦੇ ਸਕੂਲ, ਹਸਪਤਾਲ ਅਤੇ ਜੰਡਿਆਲਾ ਮੰਜਕੀ ਵਿਚ ਕਾਲਜ ਖੁੱਲ੍ਹਵਾਉਣ 'ਚ ਅਹਿਮ ਭੂਮਿਕਾ ਨਿਭਾਈ। ਬਾਬਾ ਬਿਲਗਾ ਜੀ ਨੇ ਲੋਕ ਹਿਤੈਸ਼ੀ ਲਹਿਰ ਅਤੇ ਇਸਦੇ ਨਾਇਕਾਂ ਨਾਲ ਸਬੰਧਤ ਇਤਿਹਾਸਕ ਮਹੱਤਵ ਵਾਲੀਆਂ ਪੁਸਤਕਾਂ ਦੀ ਰਚਨਾ ਵੀ ਕੀਤੀ। ਉਨ੍ਹਾਂ ਦੀਆਂ ਪੁਸਤਕਾਂ 'ਗਦਰ ਲਹਿਰ ਦੇ ਅਣਫੋਲੇ ਵਰਕੇ', ਮੇਰਾ ਵਤਨ, ਮੇਰੀ ਸਮਝ ਮੇਰੀ ਸੋਚ ਅਤੇ 'ਜੀਵਨੀ ਨਿਰਭੈ-ਯੋਧਾ, ਬਾਬਾ ਗੁਰਮੁਖ ਸਿੰਘ ਲਲਤੋਂ' ਅਤੇ ਅਖ਼ਬਾਰਾਂ ਰਸਾਲਿਆਂ ਵਿਚ ਛਪਣ ਵਾਲੇ ਉਨ੍ਹਾਂ ਦੇ ਲੇਖ ਆਜ਼ਾਦੀ ਸੰਗਰਾਮ ਦੇ ਇਤਿਹਾਸ ਦੇ ਨਾਲ ਸਬੰਧਤ ਮਹੱਤਵਪੂਰਨ ਦਸਤਾਵੇਜ਼ ਹਨ। ਅੰਤ ਬਾਬਾ ਭਗਤ ਸਿੰਘ ਬਿਲਗਾ ਆਪਣੇ ਜੀਵਨ ਦਾ ਇੱਕ-ਇੱਕ ਪਲ ਦੇਸ਼ ਦੀ ਖਾਤਰ ਲਾਉਦੇ ਹੋਏ 22 ਮਈ, 2009 ਤੱਕ ਦੀ ਲੰਮੀ ਸਰਗਰਮ ਜ਼ਿੰਦਗੀ ਜੀਉ ਕੇ ਗੁਜ਼ਰ ਗਏ ਆਪਣੇ ਲੋਕਾਂ ਦੇ ਬਿਹਤਰ ਭਵਿੱਖ ਲਈ ਇਕ ਸਦੀ ਲੰਬਾ ਸੰਘਰਸ਼ ਕਰਨ ਵਾਲੇ ਮਹਾਂ ਨਾਇਕ ਬਾਬਾ ਭਗਤ ਸਿੰਘ ਬਿਲਗਾ ਜੀ ਦੇ 110ਵੇਂ ਜਨਮ ਦਿਨ ਤੇ ਪੰਜਾਬ ਵਿਚ ਕਈ ਥਾਵਾਂ ਤੇ ਉਨ੍ਹਾਂ ਪ੍ਰਤੀ ਲੋਕਾਂ ਵੱਲੋ ਸ਼ਰਧਾ ਦੇ ਫੁੱਲ ਭੇਂਟ ਕੀਤੇ ਜਾਣਗੇ।

# 107 ਅਮਰੀਕੀ ਐਮ. ਪੀ. ਭਾਰਤ 'ਚ ਇਸਾਈ ਮਿਸ਼ਨਰੀ ਸੰਸਥਾ ਦੇ ਹਾਮੀ

**ਮੋਦੀ ਸਰਕਾਰ ਧਰਮ ਪਰਿਵਰਤਨ ਦਾ ਅੜਿੱਕਾ ਡਾਹ ਕੇ ਇਸਾਈ ਐਨ. ਜੀ. ਓਜ਼ ਨੂੰ ਖਤਮ ਕਰ ਰਹੀ ਹੈ। ਜਦਕਿ ਭਾਰਤ ਦਾ ਸੰਵਿਧਾਨ ਧਰਮ ਪਰਿਵਰਤਨ ਦੀ ਆਗਿਆ ਦਿੰਦਾ ਹੈ। ਇਸਾਈ ਧਰਮ ਅਪਣਾਉਣ ਵਾਲੇ ਜਿਹਨਾਂ ਆਦਿਵਾਸੀਆਂ ਅਤੇ ਦਲਿਤਾਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਹ ਲਾਲਚ ਨਾਲ ਧਰਮ ਪਰਿਵਰਤਨ ਕਰ ਰਹੇ ਹਨ, ਉਹਨਾਂ ਦੀ ਹਕੀਕਤ ਇਹ ਹੈ ਕਿ ਉਹ ਤਾਂ ਸਰਕਾਰ ਵੱਲੋਂ ਦਿੱਤੇ ਗਏ ਰਿਜ਼ਰਵੇਸ਼ਨ ਦੇ ਲਾਲਚ ਨੂੰ ਠੋਕਰ ਮਾਰ ਕੇ ਇਸਾਈ ਧਰਮ ਅਪਣਾ ਰਹੇ ਹਨ। ਪਰ ਦੁੱਖ ਦੀ ਗੱਲ ਹੈ ਕਿ ਭਾਰਤ ਦੇ ਇਸਾਈ ਆਪਣਾ ਇਹ ਪੱਖ ਸਮਾਜ ਵਿਚ ਰੱਖਣ ਵਿਚ ਬੁਰੀ ਤਰ੍ਹਾਂ ਫੇਲ੍ਹ ਹੋ ਰਹੇ ਹਨ।**



ਫਰੈਡੀ ਜੋਜ਼ਫ

ਅਮਰੀਕਾ ਦੇ 100 ਤੋਂ ਜ਼ਿਆਦਾ ਸੰਸਦ ਮੈਂਬਰਾਂ ਨੇ ਭਾਰਤ ਵਿਚ ਚੱਲ ਰਹੀਆਂ ਇਸਾਈ ਐਨ. ਜੀ. ਓ. ਉਤੇ ਪਾਬੰਦੀ ਲਾਉਣ ਦੇ ਮੋਦੀ ਸਰਕਾਰ ਦੇ ਫੈਸਲੇ 'ਤੇ ਇਤਰਾਜ਼ ਜ਼ਾਹਿਰ ਕੀਤਾ ਹੈ ਅਤੇ ਮੰਗ ਕੀਤੀ ਹੈ ਕਿ ਇਨ੍ਹਾਂ ਐਨ. ਜੀ. ਓਜ਼ ਨੂੰ ਭਾਰਤ ਵਿਚ ਚੱਲਣ ਦਿੱਤਾ ਜਾਵੇ। 107 ਐਮ. ਪੀਜ਼ ਨੇ ਕੰਪੈਸ਼ਨ ਇੰਟਰਨੈਸ਼ਨਲ ਨਾਂ ਦੇ ਗੈਰ ਸਰਕਾਰੀ ਸੰਗਠਨ ਨੂੰ ਭਾਰਤ 'ਚ ਕੰਮ ਕਰਨ ਵਾਸਤੇ ਅਸਥਾਈ ਰਾਹਤ ਦੇਣ ਲਈ ਮੋਦੀ ਸਰਕਾਰ ਨੂੰ ਕਿਹਾ ਹੈ। ਇਹ ਦਾਨੀ ਐਨ. ਜੀ. ਓ. ਅਮਰੀਕਾ ਦਾ ਹੈ। ਸੰਸਦ ਮੈਂਬਰਾਂ ਨੇ ਭਾਰਤ 'ਚ ਇਸਾਈ ਮਿਸ਼ਨਰੀ ਸੰਸਥਾਵਾਂ ਨੂੰ ਸੇਵਾ ਕਾਰਜ ਕਰਨ ਲਈ ਕਾਨੂੰਨ 'ਚ ਸਥਾਈ ਤਬਦੀਲੀ ਕਰਨ ਦੀ ਸਿਫਾਰਸ਼ ਵੀ ਕੀਤੀ ਹੈ।

ਭਾਰਤ ਸਰਕਾਰ ਨੇ ਮਈ 2016 'ਚ ਕੰਪੈਸ਼ਨ ਇੰਟਰਨੈਸ਼ਨਲ ਸਮੇਤ ਕਈ ਸੰਗਠਨਾਂ ਨੂੰ ਅਗਾਊਂ ਸੂਚਨਾ ਵਰਗ 'ਚ ਰੱਖਿਆ ਹੈ। ਇਸ ਮੁਤਾਬਕ ਵਿਦੇਸ਼ੀ ਸੰਗਠਨਾਂ ਨੂੰ ਕਿਸੇ ਭਾਰਤੀ ਸੰਗਠਨ ਜਾਂ ਵਿਅਕਤੀ ਨੂੰ ਦਾਨ ਦੇਣ ਤੋਂ ਪਹਿਲਾਂ ਉਸ ਦੀ ਸੂਚਨਾ ਭਾਰਤ ਸਰਕਾਰ ਨੂੰ ਦੇਣੀ ਲਾਜ਼ਮੀ ਹੋਵੇਗੀ। ਇਸ ਤੋਂ ਪਹਿਲਾਂ ਸੂਚਨਾ ਦੀ ਵਿਵਸਥਾ ਤੋਂ ਬਾਅਦ ਕੰਪੈਸ਼ਨ ਇੰਟਰਨੈਸ਼ਨਲ ਨੇ ਭਾਰਤ 'ਚ ਆਪਣਾ ਕੰਮ ਬੰਦ ਕਰ ਦਿੱਤਾ। ਇਸ ਤੋਂ ਬਾਅਦ ਹੀ ਅਮਰੀਕਾ ਸਰਕਾਰ ਅਤੇ ਉਥੋਂ ਦੇ ਸੰਸਦ ਮੈਂਬਰ ਭਾਰਤ ਸਰਕਾਰ ਤੇ ਇਸਾਈ ਮਿਸ਼ਨਰੀ ਸੰਸਥਾਵਾਂ ਨੂੰ ਰਾਹਤ ਦੇਣ ਲਈ ਲਗਾਤਾਰ ਦਬਾਅ ਪਾ ਰਹੇ ਸਨ। ਬੀਤੇ ਦਸੰਬਰ 'ਚ ਗ੍ਰਹਿ ਮੰਤਰਾਲਾ ਨੇ ਸਾਫ ਕਰ ਦਿੱਤਾ ਕਿ ਉਹ ਫੈਸਲੇ ਤੇ ਮੁੜ ਵਿਚਾਰ ਨਹੀਂ ਕਰੇਗਾ।

ਭਾਰਤ ਸਰਕਾਰ ਨੂੰ ਸ਼ੱਕ ਹੈ ਕਿ ਵਿਦੇਸ਼ੀ ਪੈਸੇ ਧਰਮ ਤਬਦੀਲੀ ਦੇ ਕੰਮਾਂ 'ਚ ਵਰਤੇ ਜਾ ਰਹੇ ਹਨ। ਪੈਸੇ ਜਾਂ ਹੋਰ ਲਾਲਚ ਦੇ ਕੇ ਦਲਿਤਾਂ ਤੇ ਆਦਿਵਾਸੀਆਂ ਨੂੰ ਇਸਾਈ ਬਣਾਇਆ ਜਾਂਦਾ ਹੈ।

ਅਮਰੀਕੀ ਸੰਸਦ ਦੀ ਪ੍ਰਭਾਵਸ਼ਾਲੀ ਵਿਦੇਸ਼ੀ ਮਾਮਲਿਆਂ ਦੀ ਕਮੇਟੀ ਦੇ ਮੁਖੀ ਐਂਡਰਾਇਸ ਦੀ ਅਗਵਾਈ 'ਚ 107 ਸੰਸਦ ਮੈਂਬਰਾਂ ਨੇ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਲਿਖੀ ਚਿੱਠੀ ਤੇ ਦਸਤਖਤ ਕੀਤੇ ਹਨ। ਇਹ ਸੱਤਾਧਾਰੀ ਰਿਪਬਲਿਕਨ ਪਾਰਟੀ ਅਤੇ ਡੈਮੋਕ੍ਰੇਟਿਕ ਪਾਰਟੀ ਦੇ ਸੰਸਦ ਮੈਂਬਰ ਹਨ। ਚਿੱਠੀ 'ਚ ਲਿਖਿਆ ਗਿਆ ਹੈ ਕਿ ਕੰਪੈਸ਼ਨ ਇੰਟਰਨੈਸ਼ਨਲ ਭਾਰਤ 'ਚ ਕਰੀਬ ਡੇਢ ਲੱਖ ਬੱਚਿਆਂ ਨੂੰ ਟਿਊਸ਼ਨ, ਪੌਸ਼ਟਿਕ ਖੁਰਾਕ ਅਤੇ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦਾ ਕੰਮ ਕਰ ਰਿਹਾ ਹੈ। ਭਾਰਤ ਸਰਕਾਰ ਦੀ ਰੋਕ ਨਾਲ ਇਨ੍ਹਾਂ ਬੱਚਿਆਂ ਨੂੰ ਇਹ ਮਨੁੱਖੀ ਸਹਾਇਤਾ ਮਿਲਣੀ ਬੰਦ ਹੋ ਗਈ ਹੈ।

ਸੰਸਦ ਮੈਂਬਰਾਂ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਭਾਰਤ 'ਚ ਕੰਮ ਕਰਨ ਵਾਲੀਆਂ ਕੰਪੈਸ਼ਨ ਸਮੇਤ ਸਾਰੀਆਂ ਅਮਰੀਕੀ ਸੰਸਥਾਵਾਂ ਭਾਰਤੀ ਕਾਨੂੰਨ ਦੀ ਪਾਲਣਾ ਕਰਨ। ਪਰ ਇਸ ਲਈ ਸਪੱਸ਼ਟ ਨਿਯਮ ਬਣਾਏ ਜਾਣ ਤਾਂ ਕਿ ਕੰਪੈਸ਼ਨ ਇੰਟਰਨੈਸ਼ਨਲ ਨੂੰ ਕੰਮ ਕਰਨ ਦੀ ਅਸਥਾਈ ਰਾਹਤ ਦਿੱਤੀ ਜਾਵੇ।

ਭਾਰਤੀ ਨਿਯਮਾਂ 'ਚ ਪਾਰਦਰਸ਼ਤਾ ਦੀ ਘਾਟ ਦੱਸਦੇ ਹੋਏ ਚਿਤਾਵਨੀ ਦਿੱਤੀ ਗਈ ਹੈ ਕਿ ਇਸ ਤਰ੍ਹਾਂ ਦੇ ਫੈਸਲੇ ਸਾਰੇ ਭਾਰਤੀ ਬੱਚਿਆਂ ਲਈ ਹਾਨੀਕਾਰਕ ਸਾਬਤ ਹੋ ਸਕਦੇ ਹਨ। ਇਸ ਨੂੰ ਲੈ ਕੇ ਅਮਰੀਕੀ ਸੰਸਦ ਦੀ ਚਿੰਤਾ ਤੋਂ ਵੀ ਜਾਣੂ ਕਰਵਾਇਆ ਗਿਆ ਹੈ।

ਇੱਥੇ ਵਰਣਨਯੋਗ ਹੈ ਕਿ ਮੋਦੀ ਸਰਕਾਰ ਧਰਮ ਪਰਿਵਰਤਨ ਦਾ ਅੜਿੱਕਾ ਡਾਹ ਕੇ ਇਸਾਈ ਐਨ. ਜੀ. ਓਜ਼ ਨੂੰ ਖਤਮ ਕਰ ਰਹੀ ਹੈ।

ਜਦਕਿ ਭਾਰਤ ਦਾ ਸੰਵਿਧਾਨ ਧਰਮ ਪਰਿਵਰਤਨ ਦੀ ਆਗਿਆ ਦਿੰਦਾ ਹੈ। ਇਸਾਈ ਧਰਮ ਅਪਣਾਉਣ ਵਾਲੇ ਜਿਹਨਾਂ ਆਦਿਵਾਸੀਆਂ ਅਤੇ ਦਲਿਤਾਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਹ ਲਾਲਚ ਨਾਲ ਧਰਮ ਪਰਿਵਰਤਨ ਕਰ ਰਹੇ ਹਨ, ਉਹਨਾਂ ਦੀ ਹਕੀਕਤ ਇਹ ਹੈ ਕਿ ਉਹ ਤਾਂ ਸਰਕਾਰ ਵੱਲੋਂ ਦਿੱਤੇ ਗਏ ਰਿਜ਼ਰਵੇਸ਼ਨ ਦੇ ਲਾਲਚ ਨੂੰ ਠੋਕਰ ਮਾਰ ਕੇ ਇਸਾਈ ਧਰਮ ਅਪਣਾ ਰਹੇ ਹਨ। ਪਰ ਦੁੱਖ ਦੀ ਗੱਲ ਹੈ ਕਿ ਭਾਰਤ ਦੇ ਇਸਾਈ ਆਪਣਾ ਇਹ ਪੱਖ ਸਮਾਜ ਵਿਚ ਰੱਖਣ ਵਿਚ ਬੁਰੀ ਤਰ੍ਹਾਂ ਫੇਲ੍ਹ ਹੋ ਰਹੇ ਹਨ। ਇਸਾਈਆਂ ਵਿਚ ਕੋਈ ਏਕਤਾ ਨਹੀਂ ਹੈ।

ਆਪਣਾ ਅਸਰਦਾਇਕ ਮੀਡੀਆ ਕਾਇਮ ਕਰਨ ਦੀ ਯੋਗਤਾ ਨਹੀਂ ਹੈ। ਆਮ ਇਸਾਈਆਂ ਦੀ ਅਖਬਾਰਾਂ ਵਿਚ ਕੋਈ ਰੁਚੀ ਵੀ ਨਹੀਂ ਹੈ। ਜਿਸਦਾ ਨਤੀਜਾ ਇਹ ਹੈ ਕਿ ਪਿਛਲੀ ਘੱਟੋ ਘੱਟ ਡੇਢ ਸਦੀ ਤੋਂ ਇਸ ਮੁਲਕ ਵਿਚ ਇਸਾਈ ਧਰਮ ਦਾ ਵਿਰੋਧ ਲਾਲਚ ਨਾਲ ਧਰਮ ਪਰਿਵਰਤਨ ਕਰਨ ਦੇ ਝੂਠੇ ਪ੍ਰਾ-ਪੇਗੰਡੇ ਨਾਲ ਕੀਤਾ ਜਾ ਰਿਹਾ ਹੈ, ਜਿਸ ਦਾ ਇਸ ਦੇਸ਼ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ।

## ਅਕਾਲੀ ਦਲ-ਭਾਜਪਾ ਨਾਪਾਕ ਗੱਠਜੋੜ ਦਾ ਹਸ਼ਰ

ਅਕਾਲੀ ਦਲ ਅਤੇ ਜਨਸੰਘ ਜੋ ਅੱਜ ਭਾਰਤੀ ਜਨਤਾ ਪਾਰਟੀ ਦੇ ਨਾਂ ਤੇ ਜਾਣਿਆ ਜਾਂਦਾ ਹੈ ਦਾ ਨਾਪਾਕ ਗੱਠਜੋੜ ਅੱਜ ਤੋਂ 50 ਸਾਲ ਪਹਿਲਾਂ ਉਸ ਸਮੇਂ ਹੋਇਆ ਜਦ ਇਨ੍ਹਾਂ ਦੋਹਾਂ ਪਾਰਟੀਆਂ ਨੇ ਸਿੱਖਾਂ ਤੇ ਹਿੰਦੂਆਂ ਨੂੰ ਪੰਜਾਬੀ ਸੂਬਾ ਅਤੇ ਮਹਾਂ ਪੰਜਾਬ ਦੇ ਨਾਂ ਤੇ ਇਕ ਦੂਸਰੇ ਵਿਰੁੱਧ ਭੜਕਾ ਕੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲੜੀਆਂ। ਇਨ੍ਹਾਂ ਦੋਹਾਂ ਪਾਰਟੀਆਂ ਦੇ ਚੋਣ ਏਜੰਡੇ ਇਕ ਦੂਜੇ ਦੇ ਵਿਰੁੱਧ ਸਨ। ਅਕਾਲੀ ਦਲ ਨੇ ਪੰਜਾਬ ਨੂੰ ਪੰਜਾਬੀ ਸੂਬਾ ਬਣਾਉਣ ਅਤੇ ਜਨਸੰਘ ਨੇ ਪੰਜਾਬ ਨੂੰ ਮਹਾਂ ਪੰਜਾਬ ਬਣਾਉਣ ਦੇ ਏਜੰਡੇ ਤੇ ਚੋਣਾਂ ਲੜੀਆਂ। ਇਸ ਤੋਂ ਪਹਿਲਾਂ ਅਕਾਲੀਆਂ ਨੇ ਸਿੱਖਾਂ ਨੂੰ ਹਿੰਦੂਆਂ ਵਿਰੁੱਧ ਅਤੇ ਜਨਸੰਘ ਨੇ ਹਿੰਦੂਆਂ ਨੂੰ ਸਿੱਖਾਂ ਵਿਰੁੱਧ ਭੜਕਾਇਆ। ਦੋਹਾਂ ਧਿਰਾਂ ਦੇ ਵਰਕਰ ਭਾਰੀ ਗਿਣਤੀ ਵਿਚ ਜੇਲ੍ਹਾਂ ਵਿਚ ਗਏ ਤੇ ਜਾਨੀ ਨੁਕਸਾਨ ਵੀ ਦੋਹਾਂ ਪਾਸਿਉਂ ਕਾਫੀ ਹੋਇਆ। ਇਨ੍ਹਾਂ ਚੋਣਾਂ ਵਿਚ ਕਾਂਗਰਸ ਨੂੰ ਪੰਜਾਬ ਵਿਚ ਪਹਿਲੀ ਵਾਰੀ ਜ਼ਬਰਦਸਤ ਹਾਰ ਹੋਈ, ਪਰ ਨਾ ਤਾਂ ਅਕਾਲੀ ਦਲ ਹੀ ਪੰਜਾਬ ਵਿਚ ਸਰਕਾਰ ਬਣਾਉਣ ਦੀ ਪੁਜ਼ੀਸ਼ਨ ਵਿਚ ਆਇਆ ਤੇ ਨਾ ਹੀ ਜਨਸੰਘ।

ਇਨ੍ਹਾਂ ਦੋਹਾਂ ਪਾਰਟੀਆਂ ਨੇ ਆਪਦੇ ਅਸਲ ਮੁੱਦਿਆਂ ਪੰਜਾਬੀ ਸੂਬੇ ਅਤੇ ਮਹਾਂ ਪੰਜਾਬ ਨੂੰ ਛੱਡ ਕੇ ਉੱਲੂ ਬਣਾਉਣ ਲਈ 'ਹਿੰਦੂ ਸਿੱਖ' ਏਕਤਾ ਦਾ ਨਾਅਰਾ ਦੇ ਕੇ ਕੇਵਲ ਸੱਤਾ ਦਾ ਨਸ਼ਾ ਲੈਣ ਲਈ ਪੰਜਾਬ ਵਿਚ ਸਰਕਾਰ ਬਣਾ ਲਈ। ਦੋਹਾਂ ਨੇ ਹੀ ਆਪਣੇ ਮੂਲ ਏਜੰਡੇ ਛੱਡ ਦਿੱਤੇ। ਪਰ ਕੁਝ ਮਹੀਨੇ ਬਾਅਦ ਲਛਮਣ ਸਿੰਘ ਗਿੱਲ ਨੇ ਅਕਾਲੀ ਦਲ ਤੋਂ ਬਗਾਵਤ ਕਰਕੇ ਕਾਂਗਰਸ ਦੀ ਮਦਦ ਨਾਲ ਆਪਣੀ ਸਰਕਾਰ ਬਣਾ ਲਈ ਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੋਂ ਪੰਜਾਬੀ ਸੂਬੇ ਦਾ ਐਲਾਨ ਕਰਵਾ ਦਿੱਤਾ।

ਇਸ ਤਰ੍ਹਾਂ ਪੰਜਾਬੀ ਸੂਬੇ ਦਾ ਏਜੰਡਾ ਤਾਂ ਪੂਰਾ ਹੋ ਗਿਆ ਭਾਵੇਂ ਇਸ ਦਾ ਸਿਹਰਾ ਲਛਮਣ ਸਿੰਘ ਗਿੱਲ ਦੇ ਸਿਰ ਹੀ ਬੱਝਾ। ਪਰ ਜਨਸੰਘ ਦਾ ਮਹਾਂ ਪੰਜਾਬ ਦਾ ਏਜੰਡਾ ਹਮੇਸ਼ਾ-ਹਮੇਸ਼ਾ ਲਈ ਕਬਰ ਵਿਚ ਚਲਾ ਗਿਆ। ਫਿਰ ਵੀ ਉਸਨੇ ਸੱਤਾ ਕਾਰਨ ਅਕਾਲੀ ਦਲ ਦਾ ਸਾਥ ਨਹੀਂ ਛੱਡਿਆ। ਪੰਜਾਬੀ ਸੂਬੇ ਦੇ ਏਜੰਡੇ ਨਾਲ ਕੀਤੀ ਗਈ ਗਦਾਰੀ ਨੂੰ ਸਿੱਖ ਛੇਤੀ ਭੁੱਲ ਗਏ ਤੇ 'ਸੱਤਾ' ਹੀ ਅਕਾਲੀਆਂ ਦਾ ਏਜੰਡਾ ਬਣ ਗਈ। ਤਦ ਤੋਂ ਅਕਾਲੀ ਦਲ ਅਤੇ ਜਨਸੰਘ ਤੋਂ ਬਣੀ ਭਾਜਪਾ ਦਾ ਏਜੰਡਾ ਸੱਤਾ ਪ੍ਰਾਪਤੀ ਹੀ ਚਲਿਆ ਆ ਰਿਹਾ ਹੈ। 2014 ਤੋਂ ਭਾਰਤ ਦੀ ਸਿਆਸਤ ਤੇ ਸ੍ਰੀ ਨਰਿੰਦਰ ਮੋਦੀ ਭਾਰੂ ਹਨ ਅਤੇ ਅਕਾਲੀ ਦਲ ਅਤੇ ਭਾਜਪਾ ਨੇ ਸੱਤਾ ਦੇ ਨਸ਼ੇ ਲਈ ਹੁਣ ਇਨ੍ਹਾਂ ਦਾ ਪੱਲਾ ਫੜਿਆ ਹੋਇਆ ਹੈ। ਪਰ ਪੰਜਾਬ ਤੇ ਸ੍ਰੀ ਮੋਦੀ ਦਾ ਕੋਈ ਪ੍ਰਭਾਵ ਨਹੀਂ ਹੈ। 2014 ਵਿਚ ਵੀ ਪੰਜਾਬੀਆਂ ਨੇ ਸ੍ਰੀ ਮੋਦੀ ਨੂੰ ਮੂੰਹ ਨਹੀਂ ਲਾਇਆ ਅਤੇ 2017 ਵਿਚ ਮੋਦੀ ਨੂੰ ਪੰਜਾਬ ਵਿਚ ਉਸਦਾ ਅਸਲ ਸਥਾਨ ਦੱਸ ਦਿੱਤਾ ਹੈ। ਪੰਜਾਬ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀ ਦਲ ਨੇ ਜਗੀਰਦਾਰੀ ਨਿਜ਼ਾਮ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਹੈ ਜੋ ਕਿ ਭਾਰਤੀ ਜਨਤਾ ਪਾਰਟੀ ਦੇ ਹਿੰਦੂ ਰਾਸ਼ਟਰ ਦੇ ਏਜੰਡੇ ਦਾ ਹੀ ਇਕ ਰੂਪ ਹੈ। ਇਸ ਨਾਪਾਕ ਗੱਠਜੋੜ ਨੇ ਘੱਟ ਗਿਣਤੀਆਂ ਅਤੇ ਦਲਿਤ ਵਰਗਾਂ ਨੂੰ ਭਾਰੀ ਢਾਅ ਲਾਈ ਹੈ ਅਤੇ ਉਹਨਾਂ ਦੀ ਮਾਨਸਿਕਤਾ ਇਥੇ ਲਿਆ ਕੇ ਖੜ੍ਹੀ ਕਰ ਦਿੱਤੀ ਹੈ ਕਿ ਤੁਸੀਂ ਸਾਡੇ ਸਿਰ ਸੱਤਾ ਦਾ ਤਾਜ ਰੱਖੋ ਅਤੇ ਅਸੀਂ ਤੁਹਾਨੂੰ ਦੇਵਾਂਗੇ ਦਾਲ-ਆਟਾ ਅਤੇ ਗੈਸ ਸਿਲੰਡਰ। ਈਸਾਈ ਇਕ ਅੰਤਰ ਰਾਸ਼ਟਰੀ ਬਿਰਾਦਰੀ ਹਨ ਪਰ ਇਸ ਦੇ ਕਈ ਬਿਸ਼ਪ ਸਰਕਾਰ ਦੇ ਤਰਲੇ ਕੱਢ ਰਹੇ ਹਨ ਕਿ ਸਾਨੂੰ ਦੂਸਰੇ ਦਲਿਤਾਂ ਵਾਂਗ ਰਿਜ਼ਰਵੇਸ਼ਨ ਦਿਓ- ਦਾਲ ਆਟਾ ਅਤੇ 200 ਯੂਨਿਟ ਬਿਜਲੀ ਮਾਫ ਕਰੋ। ਉਹਨਾਂ ਦੀ ਮਾਨਸਿਕਤਾ ਵਿਚੋਂ ਇਹ ਗੱਲ ਪੂਰੀ ਤਰ੍ਹਾਂ ਗਾਇਬ ਹੋ ਗਈ ਹੈ ਕਿ ਸਮਾਜ ਵਿਚ ਸਨ-ਮਾਨਜਨਕ ਜੀਵਨ ਕੀ ਹੁੰਦਾ ਹੈ? 2017 ਦੀਆਂ ਵਿਧਾਨ ਸਭਾ ਚੋਣਾਂ ਨੇ ਪਿਛਲੇ 50 ਸਾਲਾਂ ਤੋਂ ਪੰਜਾਬ ਵਿਚ ਸੱਤਾ ਦੀ ਖਾਤਰ ਅਕਾਲੀ ਦਲ ਅਤੇ ਭਾਜਪਾ ਦੇ ਚਲੇ ਆ ਰਹੇ ਨਾਪਾਕ ਗੱਠਜੋੜ ਦਾ ਭੋਗ ਪਾ ਦਿੱਤਾ ਹੈ। ਇਹ ਪੰਜਾਬ ਲਈ ਇਕ ਬਹੁਤ ਹੀ ਚੰਗੀ ਖਬਰ ਹੈ- ਖਾਸ ਕਰਕੇ ਉਸ ਸਥਿਤੀ ਵਿਚ ਜਦਕਿ ਹਿੰਦੂਤਵੀ ਤਾਕਤਾਂ ਸਾਰੇ ਦੇਸ਼ ਵਿਚ ਛਾ ਰਹੀਆਂ ਹਨ। ਅੱਜ ਜੋ ਸਥਿਤੀ ਪੰਜਾਬ ਵਿਚ ਬਣ ਰਹੀ ਹੈ, ਉਸ ਤੋਂ ਲੱਗਦਾ ਹੈ ਕਿ ਪੰਜਾਬ ਤੇ ਹੁਣ ਕਦੀ ਵੀ ਹਿੰਦੂਤਵੀ ਤਾਕਤਾਂ ਗਾਲਬ ਨਹੀਂ ਹੋ ਸਕਣਗੀਆਂ ਅਤੇ ਗੱਲ ਦੀ ਸੰਭਾਵਨਾ ਹੈ ਕਿ ਪੰਜਾਬ ਦਾ ਪ੍ਰਭਾਵ ਦੂਸਰੇ ਰਾਜਾਂ ਉਤੇ ਵੀ ਪਵੇ। ਅਰਥਾਤ ਪੰਜਾਬ ਤੋਂ ਦੂਸਰੇ ਸੂਬੇ ਚੰਗੀ ਸੇਧ ਲੈ ਸਕਣਗੇ।

# ਨਸ਼ਿਆਂ ਨੂੰ ਬੰਦ ਕਰਨਾ ਹੀ ਅਗਲਾ ਇਨਕਲਾਬ ਹੋਵੇਗਾ- ਡੀ. ਐਸ. ਪੀ. ਹਰਵਿੰਦਰ ਡੱਲੀ

**ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਪੰਮੀ ਲਾਲੋ ਮਜਾਰਾ)-** ਸਮਾਜ ਵਿਚ ਜਿਹੜੀਆਂ ਕਾਲੀਆਂ ਭੇਡਾਂ ਨਸ਼ੇ ਦਾ ਕਾਰੋਬਾਰ ਕਰ-ਦੀਆਂਹਨ, ਵਰਾਏ ਮਿਹਰਬਾਨੀ ਕਰਕੇ ਉਹ ਆਪਣੇ ਆਪ ਹੀ ਸੁਧਰ ਜਾਣ ਤਾਂ ਚੰਗਾ ਹੈ, ਕਿਉਂਕਿ ਉਹਨਾਂ ਕਾਲੀਆਂ ਭੇਡਾਂ ਦੇ ਦਿਨ ਲੱਦ ਗਏ ਹਨ। ਜੇ ਇਹ ਭੇਡਾਂ ਫਿਰ ਵੀ ਨਹੀਂ ਸੁਧਰਦੀਆਂ ਤਾਂ ਮੈਂ ਇਹਨਾਂ ਦੀ ਨਸ਼ੇ ਦੇ ਸਿਰ ਤੋਂ ਬਣਾਈ ਹੋਈ ਜ਼ਮੀਨ-ਜਾਇਦਾਦ ਦੀ



ਰਿਪੋਰਟ ਤਿਆਰ ਕਰਕੇ, ਕੁਰਕੀ ਲਈ ਦਿੱਲੀ ਭੇਜ ਦੇਣੀ ਹੈ, ਕਿਉਂਕਿ ਮੇਰੇ ਕੋਲ ਪਾਵਰ ਵੀ ਹੈ। ਇਹਨਾਂ ਗੱਲਾਂ ਦਾ ਖੁਲਾਸਾ ਥਾਣਾ ਬਹਿਰਾਮ ਵਿਚ ਡੀ. ਐਸ. ਪੀ. ਬੰਗਾ ਸ. ਹਰਵਿੰਦਰ ਕੁਮਾਰ ਡੱਲੀ ਨੇ ਇਲਾਕੇ ਭਰ ਦੇ ਸਰਪੰਚਾਂ-ਪੰਚਾਂ, ਮੋਹਤਬਰ ਵਿਅਕਤੀਆਂ ਤੇ ਆਮ ਜਨਤਾ ਦੀ ਹਾਜ਼ਰੀ ਵਿਚ ਕੀਤਾ। ਪੁਲਿਸ ਵਿਚ ਵੀ ਕਮੀਆਂ ਹੋ ਸਕਦੀਆਂ ਹਨ, ਕਿਉਂਕਿ ਸਬ ਡਵੀਜ਼ਨ ਬੰਗਾ ਵਿਚ ਸਿਰਫ ਤਿੰਨ ਸੌ ਪੁਲਿਸ ਦਾ ਮੁਲਾਜ਼ਮ ਹੈ।

ਨਸ਼ਿਆਂ ਦੇ ਸੌਦਾਗਰਾਂ ਤੱਕ ਪਹੁੰਚਣ ਲਈ ਆਮ ਪਬਲਿਕ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਮੈਂ ਆਪਣੇ ਮੁਲਾਜ਼ਮਾਂ ਨੂੰ ਲੈ ਕੇ ਪਿੰਡ-ਪਿੰਡ ਜਾਵਾਂਗਾ। ਜੇ ਕੋਈ ਨਸ਼ਾ ਕਰਨ ਦਾ ਆਦੀ ਹੈ ਤਾਂ ਉਹਦੇ ਬਾਰੇ ਜਾਣਕਾਰੀ ਦਿਓ। ਮੈਂ ਉਸਦੀ ਕੌਂਸਲਿੰਗ ਕਰਾਵਾਂਗਾ। ਜੇ ਕਿਸੇ ਹਸਪਤਾਲ 'ਚ ਉਸ ਨਸ਼ੇ ਦੇ ਆਦੀ ਨੂੰ ਦਾਖਲ ਵੀ ਕਰਵਾਉਣਾ ਪਿਆ ਤਾਂ ਜ਼ਰੂਰ ਕਰਵਾਵਾਂਗੇ। ਖੇਡ ਕਲੱਬਾਂ ਦੇ ਸਹਿਯੋਗ ਨਾਲ ਅਜਿਹੇ ਨਸ਼ਾ ਕਰਨ ਵਾਲੇ ਲੋਕਾਂ ਦਾ ਇਲਾਜ ਕਰਾਵਾਂਗੇ। ਕਿਸੇ ਨੂੰ ਨਸ਼ਾ ਮੁਕਤ ਕਰ ਦੇਣਾ, ਸਿਮਰਨ ਭਗਤੀ ਦੇ ਬਰਾਬਰੀ ਹੈ। ਕਿਉਂਕਿ ਚਿੱਟਾ ਪੀਣ ਵਾਲੇ ਵਿਅਕਤੀ ਦੀ ਉਮਰ ਸਿਰਫ ਦੋ ਸਾਲ ਹੀ ਹੁੰਦੀ ਹੈ। ਡੱਲੀ ਸਾਹਿਬ ਨੇ ਇਕ ਮਿਸਾਲ ਦਸੂਹਾ ਇਲਾਕੇ ਦੇ ਪ੍ਰੋਫੈਸਰ ਦੀ ਵੀ ਦਿੱਤੀ, ਜੋ ਕਿ ਡੋਡੇ ਖਾਣ ਦੀ ਅਲਾਮਤ ਤੋਂ ਪੀੜਤ ਸੀ। ਉਹਨਾਂ ਕਿਹਾ ਕਿ ਮੈਂ ਉਸਦੀ ਅਜਿਹੀ ਕੌਂਸਲਿੰਗ ਕੀਤੀ ਕਿ ਉਹ ਪ੍ਰੋਫੈਸਰ ਨਸ਼ੇ ਦੀ ਗੁਲਾਮੀ ਤੋਂ ਪੂਰੀ ਤਰ੍ਹਾਂ ਨਿਜਾਤ ਪਾ ਗਿਆ। ਡੀ. ਐਸ. ਪੀ. ਡੱਲੀ ਸਾਹਿਬ ਨੇ ਅੱਗੇ ਹੋਰ ਕਿਹਾ ਕਿ ਕੇਵਲ ਘੱਟ ਪੜ੍ਹੇ ਲਿਖੇ ਹੀ ਨਸ਼ਿਆਂ ਦੇ ਜੰਜਾਲ ਵਿਚ ਹੀ ਨਹੀਂ ਫਸੇ ਹੋਏ, ਉਚ ਅਹੁਦਿਆਂ 'ਤੇ ਬੈਠੇ ਅਫਸਰ ਵੀ ਨਸ਼ਿਆਂ ਦੇ ਸੁਆਦਾਂ ਦੇ ਗੁਲਾਮ ਬਣੇ ਹੋਏ ਹਨ। ਮਰਨਾ ਇਕ ਦਿਨ ਸਾਰਿਆਂ ਨੇ ਹੀ ਹੈ, ਪਰ ਮਰ ਕੇ ਉਪਰ ਜਾ ਕੇ ਕਿਸੇ ਗਲਤ ਗੱਲ ਦੀ ਬੇਇਜ਼ਤੀ ਮਹਿਸੂਸ ਨਹੀਂ ਹੋਣੀ ਚਾਹੀਦੀ। ਇਹ ਸ਼ਹੀਦ ਭਗਤ ਸਿੰਘ ਦੀ ਧਰਤੀ ਹੈ। ਮੈਂ ਫਖਰ ਮਹਿਸੂਸ ਕਰਦਾ ਹਾਂ ਕਿ ਇਸ ਧਰਤੀ 'ਤੇ ਮੈਨੂੰ ਡਿਊਟੀ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। 23 ਮਾਰਚ ਵਾਲੇ ਦਿਨ ਮੈਂ ਸ਼ਹੀਦ ਭਗਤ ਸਿੰਘ ਜੀ ਦੇ ਬੁੱਤ 'ਤੇ ਖੜ੍ਹ ਕੇ ਸ਼ਰਧਾਂਜਲੀ ਦੇ ਰੂਪ ਵਿਚ ਇਹੀ ਕਸਮ ਖਾਧੀ ਹੈ ਕਿ ਇਸ ਧਰਤੀ 'ਤੇ ਮੈਂ ਨਸ਼ਿਆਂ ਦਾ ਕਾਰੋਬਾਰ ਤੇ ਨਸ਼ਿਆਂ ਦਾ ਸੇਵਨ ਨਹੀਂ ਹੋਣ ਦਿਆਂਗਾ। ਇਸ ਮੌਕੇ ਤੇ ਉਹਨਾਂ ਦੇ ਨਾਲ ਐਸ. ਐਚ. ਓ. ਸੁਰਿੰਦਰ ਚਾਂਦ ਥਾਣਾ ਬਹਿਰਾਮ, ਸਬ ਇੰਸਪੈਕਟਰ ਕਸ਼ਮੀਰਾ ਸਿੰਘ, ਏ. ਐਸ. ਆਈ. ਸੁਖਬੀਰ ਸਿੰਘ ਕਾਹਮਾ, ਰੀਡਰ ਡੀ. ਐਸ. ਪੀ. ਬੰਗਾ, ਏ. ਐਸ. ਆਈ. ਸੁਨੀਲ ਕੁਮਾਰ ਇੰਚਾਰਜ ਸਾਂਝ ਕੇਂਦਰ ਬਹਿਰਾਮ ਵੀ ਹਾਜ਼ਰ ਸਨ।

# 'ਆਪ' ਵਿਧਾਇਕਾਂ ਵੱਲੋਂ ਵਿਧਾਨ ਸਭਾ 'ਚੋਂ ਵਾਕਆਊਟ

**ਚੰਡੀਗੜ੍ਹ-** ਪੰਜਾਬ ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕਾਂ ਨੇ ਰਾਜਪਾਲ ਦੇ ਭਾਸ਼ਣ 'ਤੇ ਬਹਿਸ ਦੀ ਮੰਗ ਕਰਦਿਆਂ ਭਾਰੀ ਸ਼ੋਰ-ਸ਼ਰਾਬਾ ਕੀਤਾ ਅਤੇ ਸਪੀਕਰ ਦੀ ਚੋਣ ਦੌਰਾਨ ਸਦਨ ਦੀ ਕਾਰਵਾਈ ਦਾ ਬਾਈਕਾਟ ਵੀ ਕੀਤਾ। 'ਆਪ' ਵਿਧਾਇਕਾਂ ਦੇ ਸ਼ੋਰ-ਸ਼ਰਾਬੇ ਦੌਰਾਨ ਹੀ ਸਦਨ ਦੇ ਨੇਤਾ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਣਾ ਕੇ.ਪੀ. ਸਿੰਘ ਨੂੰ ਸਪੀਕਰ ਚੁਣੇ ਜਾਣ ਦਾ ਮਤਾ ਰੱਖਿਆ ਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ ਨੇ ਇਸ ਦੀ ਤਾਈਦ ਕੀਤੀ। ਨਾਅਰੇਬਾਜ਼ੀ ਦੌਰਾਨ ਹੀ ਰਾਣਾ ਕੇ.ਪੀ. ਸਿੰਘ ਨੇ ਸਪੀਕਰ ਦੀ ਚੋਣ 'ਸਰਬਸੰਮਤੀ' ਨਾਲ ਹੋਣ ਦਾ ਐਲਾਨ ਕਰ ਦਿੱਤਾ।

ਸਦਨ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਵਿਰੋਧੀ ਧਿਰ ਦੇ ਨੇਤਾ ਐਚ.ਐਸ. ਫੂਲਕਾ ਨੇ ਨਿਯਮਾਂ ਤੇ ਕਾਨੂੰਨ ਦਾ ਹਵਾਲਾ ਦਿੰਦਿਆਂ ਰਾਜਪਾਲ ਵੱਲੋਂ ਮੰਗਲਵਾਰ ਨੂੰ ਸਦਨ ਵਿੱਚ ਦਿੱਤੇ ਜਾਣ ਵਾਲੇ ਭਾਸ਼ਣ ਤੋਂ ਬਾਅਦ ਇਸ ਉਤੇ ਬਹਿਸ ਦੀ ਮੰਗ ਕੀਤੀ। ਉਨ੍ਹਾਂ ਹਾਕਮ ਧਿਰ 'ਤੇ ਵਿਰੋਧੀ ਧਿਰ ਦੀ ਆਵਾਜ਼ ਦਬਾਉਣ ਦੇ ਦੋਸ਼ ਲਾਏ। 'ਆਪ' ਦੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਨਸ਼ਿਆਂ ਦੀ ਸਮਗਲਿੰਗ, ਭ੍ਰਿਸ਼ਟਾਚਾਰ ਅਤੇ ਮੁੱਖ ਮੰਤਰੀ ਵੱਲੋਂ ਕੀਤੀਆਂ ਸਿਆਸੀ ਨਿਯੁਕਤੀਆਂ ਸਮੇਤ ਕਈ ਮੁੱਦਿਆਂ ਬਾਰੇ ਸਦਨ ਵਿੱਚ ਬਹਿਸ ਹੋਣੀ ਲਾਜ਼ਮੀ ਹੈ। ਸਪੀਕਰ ਨੇ ਜਦੋਂ ਉਨ੍ਹਾਂ ਦੀ ਮੰਗ ਰੱਦ ਕਰਦਿਆਂ ਸਦਨ ਦੀ ਕਾਰਵਾਈ ਚਲਾਉਣ ਦਾ ਐਲਾਨ ਕੀਤਾ ਤਾਂ 'ਆਪ' ਵਿਧਾਇਕ ਖੜ੍ਹੇ ਹੋ ਕੇ ਨਾਅਰੇਬਾਜ਼ੀ ਕਰਨ ਲੱਗੇ। ਅਕਾਲੀ ਦਲ ਦੇ ਮੈਂਬਰ ਚੁੱਪ-ਚਾਪ ਬੈਠੇ ਰਹੇ। ਉਨ੍ਹਾਂ 'ਆਪ' ਦੀ ਹਮਾਇਤ ਨਹੀਂ ਕੀਤੀ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਸਰਕਾਰ ਬਹਿਸ ਤੋਂ ਨਹੀਂ ਭੱਜਦੀ, ਪਰ ਜਦੋਂ ਅਜੇ ਸਰਕਾਰ ਨੇ ਕੋਈ ਕੰਮ ਹੀ ਸ਼ੁਰੂ ਨਹੀਂ ਕੀਤਾ ਤਾਂ ਬਹਿਸ ਕਿਸ ਮੁੱਦੇ 'ਤੇ ਹੋਵੇਗੀ। ਲੋਕ ਇਨਸਾਫ਼ ਪਾਰਟੀ ਦੇ ਸਿਮਰਜੀਤ ਸਿੰਘ ਬੈਂਸ ਨੇ ਵੀ ਬਹਿਸ ਦੀ ਮੰਗ ਕਰਦਿਆਂ ਨਾਅਰੇਬਾਜ਼ੀ ਕੀਤੀ। ਇਸ ਪਿੱਛੋਂ 'ਆਪ' ਤੇ ਲੋਕ ਇਨਸਾਫ਼ ਪਾਰਟੀ ਦੇ ਵਿਧਾਇਕ ਵਾਕਆਊਟ ਕਰ ਗਏ ਤੇ ਵਾਪਸ ਨਹੀਂ ਆਏ।

ਇਸ ਤਰ੍ਹਾਂ ਨਾਲ 15ਵੀਂ ਵਿਧਾਨ ਸਭਾ ਦੇ ਪਹਿਲੇ ਹੀ ਸੈਸ਼ਨ ਵਿੱਚ 'ਆਪ' ਨੇ ਸਰਕਾਰ ਵਿਰੁਧ ਮੋਰਚਾ ਖੋਲ੍ਹ ਦਿੱਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ 'ਆਪ' ਵਿਧਾਇਕਾਂ ਵੱਲੋਂ ਅਖ਼ਤਿਆਰ ਕੀਤਾ ਰੁਖ਼ ਬਹੁਤ ਹੀ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਸਪੀਕਰ ਦੀ ਚੋਣ 'ਚ ਵਿਘਨ ਨਹੀਂ ਸੀ ਪਾਉਣਾ ਚਾਹੀਦਾ।

ਉਨ੍ਹਾਂ ਰਾਣਾ ਕੇ.ਪੀ. ਸਿੰਘ ਨੂੰ ਸਪੀਕਰ ਚੁਣੇ ਜਾਣ 'ਤੇ ਵਧਾਈ ਦਿੰਦਿਆਂ ਉਨ੍ਹਾਂ ਨੂੰ ਤਜਰਬੇਕਾਰ ਸਿਆਸਤਦਾਨ ਕਰਾਰ ਦਿੱਤਾ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸਪੀਕਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਦਨ 'ਚ ਹੁੰਦੀ ਬਹਿਸ ਦੇ ਮਿਆਰ 'ਚ ਕਾਫ਼ੀ ਗਿਰਾਵਟ ਆਈ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨਕ ਤੌਰ 'ਤੇ ਕਾਰਜਪਾਲਿਕਾ ਨੂੰ ਵਿਧਾਨਪਾਲਿਕਾ ਮੂਹਰੇ ਜਵਾਬਦੇਹ ਹੋਣਾ ਚਾਹੀਦਾ ਹੈ ਪਰ ਇਸ ਸਮੇਂ ਕਾਰਜਪਾਲਿਕਾ ਦਾ ਰਵੱਈਆ ਵਿਧਾਨਪਾਲਿਕਾ ਪ੍ਰਤੀ ਜਵਾਬਦੇਹੀ ਵਾਲਾ ਨਹੀਂ ਰਿਹਾ। ਨਵਜੋਤ ਸਿੰਘ ਸਿੱਧੂ ਅਤੇ ਚਰਨਜੀਤ ਸਿੰਘ ਚੰਨੀ ਨੇ ਵੀ ਵਧਾਈ ਦਿੱਤੀ। ਦੋਹਾਂ ਮੰਤਰੀਆਂ ਨੇ 'ਆਪ' ਵਿਧਾਇਕਾਂ 'ਤੇ ਨਿਸ਼ਾਨਾ ਵੀ ਸੇਧਿਆ।

ਸਪੀਕਰ ਰਾਣਾ ਕੇ.ਪੀ. ਸਿੰਘ ਨੇ ਕਿਹਾ ਕਿ ਸਦਨ ਦੀ ਕਾਰਵਾਈ ਸੁਚਾਰੂ ਢੰਗ ਨਾਲ ਚਲਾਉਣ ਲਈ ਹਾਕਮ ਤੇ ਵਿਰੋਧੀ ਧਿਰ ਦੋਹਾਂ ਨੇ ਹੀ ਭੂਮਿਕਾ ਨਿਭਾਉਣੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਹ ਸਦਨ ਪੰਜਾਬੀਆਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਤੇ ਨੁਮਾਇੰਦਗੀ ਕਰਦਾ ਹੈ। ਇਸ ਲਈ ਸਦਨ ਨੂੰ ਰਾਜਸੀ ਕਿੜਾਂ ਕੱਢਣ ਦੀ ਥਾਂ ਸੰਵਾਦ ਦਾ ਕੇਂਦਰ ਬਣਾਇਆ ਜਾਣਾ ਚਾਹੀਦਾ ਹੈ। ਕੈਪਟਨ ਅਮਰਿੰਦਰ ਸਿੰਘ, ਸੰਸਦੀ ਮਾਮਲਿਆਂ ਦੇ ਮੰਤਰੀ ਬ੍ਰਹਮ ਮਹਿੰਦਰਾ, ਅਕਾਲੀ ਵਿਧਾਇਕ ਦਲ ਦੇ ਉਪ ਨੇਤਾ ਅਜੀਤ ਸਿੰਘ ਕੋਹਾੜ, ਭਾਜਪਾ ਵਿਧਾਇਕ ਦਿਨੇਸ਼ ਸਿੰਘ ਬੱਬੂ ਨੇ ਰਵਾਇਤ ਮੁਤਾਬਕ ਚੋਣ ਤੋਂ ਬਾਅਦ ਸਪੀਕਰ ਰਾਣਾ ਕੇ. ਪੀ. ਸਿੰਘ ਨੂੰ ਸਪੀਕਰ ਦੀ ਕੁਰਸੀ 'ਤੇ ਬਿਠਾਇਆ।

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਵਿਧਾਇਕ ਦਲ ਦੇ ਨੇਤਾ ਸੁਖਬੀਰ ਸਿੰਘ ਬਾਦਲ ਅੱਜ ਸਪੀਕਰ ਦੇ ਚੈਂਬਰ 'ਚ ਸਹੁੰ ਚੁੱਕਣ ਤਾਂ ਆਏ ਪਰ ਦੋਹਾਂ ਨੇ ਸਦਨ ਦੀ ਕਾਰਵਾਈ ਵਿੱਚ ਹਿੱਸਾ ਨਹੀਂ ਲਿਆ। ਗ਼ੌਰਤਲਬ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ ਨੂੰ ਨਮੋਸ਼ੀ ਭਰੀ ਹਾਰ ਹੋਈ ਹੈ।

# ਰੋਟੀ ਤੋਂ ਮੁਹਤਾਜ਼ ਹੈ ਬਸਪਾ ਦਾ ਸਾਬਕਾ ਜ਼ਿਲ੍ਹਾ ਪ੍ਰਧਾਨ ਬਚਨ ਸਿੰਘ ਢਢੋਗਲ

ਭਾਵੇਂ ਬਹੁਜਨ ਸਮਾਜ ਇਹਨੀਂ ਦਿਨੀਂ ਆਸ ਦੇ ਬਿਲਕੁਲ ਉਲਟ ਆਏ ਚੋਣ ਨਤੀਜਿਆਂ ਕਾਰਨ ਨਿਰਾਸ਼ਾ ਦੀ ਸਥਿਤੀ ਵਿੱਚ ਹੈ ਅਤੇ ਹਾਸ਼ੀਏ 'ਤੇ ਦਿਖਾਈ ਦੇ ਰਹੀ ਹੈ ਪਰ ਅਜਿਹੀ ਹਾਲਤ ਸਦਾ ਤੋਂ ਨਹੀਂ ਸੀ। ਕਿਸੇ ਸਮੇਂ ਦਲਿਤ ਪਛੜਿਆਂ ਦੀ ਅਵਾਜ਼ ਪੂਰੇ ਦੇਸ਼ ਵਿੱਚ ਗੂੰਜਣ ਲੱਗੀ ਸੀ। ਇਸ ਮੂਵਮੈਂਟ ਵਿੱਚ ਜਿਹੜੇ ਬਜ਼ੁਰਗਾਂ ਨੇ ਹਿੱਸਾ ਪਾਇਆ ਉਹਨਾਂ ਵਿੱਚੋਂ ਬਹੁਤੇ ਤਾਂ ਇਸ ਦੁਨੀਆਂ ਤੋਂ ਚਲੇ ਗਏ ਹਨ ਅਤੇ ਜਿੰਦਾ ਰਹਿਣ ਵਾਲ਼ਿਆਂ ਵਿੱਚੋਂ ਕਾਫ਼ੀ ਲੋਕ ਨਿਰਾਸ਼ ਹੋ ਚੁੱਕੇ ਹਨ। ਪਰ ਫਿਰ ਵੀ ਕੁੱਝ ਕੁ ਵਿਅਕਤੀ ਅਜੇਹੇ ਵੀ ਹਨ ਜਿੰਨ੍ਹਾਂ ਦੇ ਸੁਪਨੇ ਮਰੇ ਨਹੀਂ ਅਤੇ ਜੋ ਅਜੇ ਵੀ ਦਿੱਲੀ ਵਿੱਚ ਆਪਣੀ ਸਰਕਾਰ ਦੇਖਣ ਦੇ ਸੁਪਨੇ ਸੰਜੋਈ ਬੈਠੇ ਹਨ। ਕੁੱਝ ਕੁ ਅਜਿਹੇ ਵੀ ਹਨ ਜਿੰਨ੍ਹਾਂ ਦੇ ਸੁਪਨੇ ਅਜੇ ਮਰੇ ਨਹੀਂ ਭਾਵੇਂ ਉਹਨਾਂ ਦੀਆਂ ਅੱਖਾਂ ਦੇਖਣ ਤੋਂ ਜਵਾਬ ਦੇ ਗਈਆਂ ਹਨ। ਅਜਿਹੇ ਵਿਅਕਤੀਆਂ ਵਿੱਚੋਂ ਹੀ ਇੱਕ ਵਿਅਕਤੀ ਹੈ ਸ੍ਰ: ਬਚਨ ਸਿੰਘ ਢਢੋਗ਼ਲ। ਕੁੱਝ ਸਮੇਂ ਤੋਂ ਅੱਖਾਂ ਦੀ ਰੋਸ਼ਨੀ ਖਰਾਬ ਹੋਣ ਕਰਕੇ ਉਹ ਲਹਿਰ ਵਿੱਚ ਹਿੱਸਾ ਲੈਣ ਤੋਂ ਅਸਮਰੱਥ ਹੈ ਪਰ ਫਿਰ ਵੀ ਆਪਣੀ ਸਰਕਾਰ ਬਣਨ ਦੀ ਆਸ ਲਗਾਈ ਬੈਠਾ ਹੈ।



ਕਈ ਵਾਰ ਕੋਸ਼ਿਸ਼ ਕੀਤੀ ਸੀ ਕਿ ਉਸ ਬੁੱਢੇ ਜਰਨੈਲ ਦਾ ਪਤਾ ਲਿਆ ਜਾਵੇ। ਮੂਵਮੈਂਟ ਵਿੱਚ ਤਨਦੇਹੀ ਨਾ਼ਲ ਹਿੱਸਾ ਪਾਉਣ ਵਾ਼ਲੇ ਮੁਲਾਜ਼ਮ ਸਾਥੀ ਦਰਸ਼ਨ ਸਿੰਘ ਝਲੂਰ ਨਾ਼ਲ ਮੈਂ ਗੱਲ ਕੀਤੀ। ਫਿਰ 12 ਮਾਰਚ ਨੂੰ ਅਸੀਂ ਦੋਵੇਂ ਮੋਟਰ ਸਾਈਕਲ 'ਤੇ ਸ੍ਰ: ਬਚਨ ਸਿੰਘ ਦੇ ਪਿੰਡ ਢਢੋਗ਼ਲ ਨੂੰ ਤੁਰ ਪਏ। ਧੂਰੀ ਪਹੁੰਚਣ 'ਤੇ ਦਰਸ਼ਨ ਸਿੰਘ ਝਲੂਰ ਨੇ ਬੱਚਿਆਂ ਲਈ ਇੱਕ ਕਿੱਲੋ ਅੰਗੂਰ ਲੈ ਲਏ। ਕਾਫੀ ਸਮੇਂ ਬਾਅਦ ਅਸੀਂ ਜਾ ਰਹੇ ਸਾਂ ਇਸ ਲਈ ਪੁੱਛਦੇ ਪੁਛਾਉਂਦੇ਼ਲਾ ਰਹੇ ਸੀ। ਹਾਲੇ ਅਸੀਂ ਬਾਹਰਲੀ ਸੜਕ ਤੋਂ ਮੁੜ ਕੇ ਕਿਸੇ ਤੋਂ ਪੁੱਛਣ ਬਾਰੇ ਸੋਚ ਹੀ ਰਹੇ ਸੀ ਕਿ ਸਾਹਮਣੇ ਤੋਂ ਸੋਟੀ ਦੇ ਸਹਾਰੇ ਰਸਤਾ ਟੋਹ ਟੋਹ ਕੇ ਤੁਰਿਆ ਆਉਂਦਾ ਇੱਕ ਬਜ਼ੁਰਗ ਦਿਖਿਆ। ਉਸ 'ਤੇ ਨਜ਼ਰ ਪੈਣ 'ਤੇ ਹੀ ਮੈਂ ਸਮਝ ਗਿਆ ਕਿ ਇਹ ਉਹੀ ਬਜ਼ੁਰਗ ਹੈ ਜਿਸ ਨੂੰ ਅਸੀਂ ਮਿਲਣ ਆਏ ਹਾਂ। ਜਦੋਂ ਕੋ਼ਲ ਜਾ ਕੇ ਅਸੀਂ 'ਜੈ ਭੀਮ' ਬੁਲਾਈ ਤਾਂ ਪਹਿਲਾਂ ਤਾਂ ਉਹ ਸੋਚੀਂ ਜਿਹਾ ਪੈ ਗਿਆ ਫਿਰ ਥੋੜ੍ਹੀ ਹੀ ਦੇਰ ਵਿੱਚ ਸਮਝ ਗਿਆ। ਉਸ ਨੇ ਆਵਾਜ਼ ਤੋਂ ਹੀ ਥੋੜ੍ਹਾ-ਬਹੁਤਾ ਅੰਦਾਜ਼ਾ ਲਗਾ ਲਿਆ ਸੀ।

ਨੇੜੇ ਹੀ ਉਸ ਦੇ ਵਿਚਕਾਰਲੇ ਬੇਟੇ ਦਾ ਘਰ ਸੀ। ਬਜ਼ੁਰਗ ਸਾਨੂੰ ਉਸੇ ਘਰ ਲੈ ਗਿਆ। ਘਰ ਦੇ ਅੰਦਰ ਵੜਨ ਸਾਰ ਹੀ ਜਾਪਿਆ ਜਿਵੇਂ ਕਿਸੇ ਉਜਾੜ ਜਿਹੇ ਘਰ ਵਿੱਚ ਆ ਗਏ ਹਾਂ। ਇੱਥੇ ਬੈਠ ਕੇ ਅਸੀਂ ਗੱਲਾਂ ਕੀਤੀਆਂ ਤਾਂ ਉਹਨਾਂ ਦੱਸਿਆ ਕਿ ਬਚਪਨ ਵਿੱਚ ਹੀ ਮਾਂ ਮਰ ਗਈ ਸੀ। ਰੁ਼ਲ-ਚੁ਼ਲ ਕੇ ਪ਼ਲੇ ਸਾਂ। ਵੱਡੀ ਭੈਣ ਦੇ ਵਿਆਹ ਪਿੱਛੋਂ ਰੋਟੀ ਪਕਾਉਣ ਦੀ ਜ਼ਿੰਮੇਂਵਾਰੀ ਮੇਰੇ ਸਿਰ ਆ ਪਈ। ਮੈਂ 1956-57 ਵਿੱਚ ਅੱਠਵੀਂ ਫਸਟ ਡਵੀਜ਼ਨ ਵਿੱਚ ਪਾਸ ਕੀਤੀ। ਇਸ ਸਮੇਂ ਮੈਂ ਪਟਵਾਰੀ ਲੱਗ ਸਕਦਾ ਸੀ। ਪਰ ਘਰ ਵਿੱਚ ਰੋਟੀ ਪੱਕਣੀ ਵੀ ਜ਼ਰੂਰੀ ਸੀ। ਮੈਂ ਨੌਕਰੀ 'ਤੇ ਚਲਿਆ ਜਾਂਦਾ ਤਾਂ ਇਹ ਕੰਮ ਕੌਣ ਕਰਦਾ? ਇਸ ਕਰਕੇ ਨੌਕਰੀ 'ਤੇ ਲੱਗਣ ਦੇ ਕਾਬਲ ਹੋਣ ਦੇ ਬਾਵਜੂਦ ਵੀ ਮੈਂ ਘਰ ਹੀ ਰਹਿ ਗਿਆ ਤੇ ਆਖਰ ਨੂੰ ਮਜ਼ਦੂਰੀ ਕਰਨੀ ਸ਼ੁਰੂ ਕਰ ਦਿੱਤੀ। ਫਿਰ ਜਦੋਂ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਬਾਮਸੇਫ ਤੋਂ ਬਾਅਦ ਡੀ.ਐਸ.-4 ਤਿਆਰ ਕੀਤੀ ਤਾਂ 1982 ਵਿੱਚ ਮੂਵਮੈਂਟ ਨਾ਼ਲ ਜੁੜ ਗਿਆ। ਫਿਰ ਸਾਹਿਬ ਕਾਂਸ਼ੀ ਰਾਮ ਜੀ ਨੇ ਉਹਨਾਂ ਦੀ ਸੇਵਾ ਨੂੰ ਦੇਖਦਿਆਂ ਉਹਨਾਂ ਨੂੰ ਜ਼ਿਲ੍ਹਾ ਸੰਗਰੂਰ ਦਾ ਪ੍ਰਧਾਨ ਥਾਪ ਦਿੱਤਾ। ਘਰ ਦਾ ਕੰਮ-ਕਾਰ ਤਾਂ ਬੱਚਿਆਂ ਨੇ ਸੰਭਾ਼ਲ ਲਿਆ ਸੀ ਪਰ ਫਿਰਨ-ਤੁਰਨ ਲਈ ਵਾਧੂ ਪੈਸਾ ਨਹੀਂ ਸੀ। ਸਾਥੀ ਮੁਲਾਜ਼ਮਾਂ ਨੇ ਕਿਰਾਏ-ਭਾੜੇ ਲਈ ਮੈਨੂੰ ਕਦੇ ਤੋਟ ਨਹੀਂ ਆਉਣ ਦਿੱਤੀ। ਲੰਬਾ ਸਮਾਂ ਦਿਨ-ਰਾਤ ਇੱਕ ਕਰਕੇ ਪਾਰਟੀ ਦੀ ਸੇਵਾ ਕੀਤੀ। ਮਿਸ਼ਨ ਦਾ ਕੰਮ ਉਦੋਂ ਹੀ ਛੁੱਟਿਆ ਜਦੋਂ ਅੱਖਾਂ ਜਵਾਬ ਦੇਣ ਲੱਗ ਪਈਆਂ।

ਗੱਲਾਂ-ਬਾਤਾਂ ਵਿੱਚ ਹੀ ਪਤਾ ਚੱਲਿਆ ਕਿ ਉਸ ਦੇ ਤਿੰਨ ਪੁੱਤਰਾਂ ਵਿੱਚੋਂ ਸਭ ਤੋਂ ਛੋਟੇ ਲਛਮਣ ਸਿੰਘ ਦੀ1 1 ਜਨਵਰੀ 2016 ਨੂੰ ਕੈਂਸਰ ਨਾ਼ਲ ਮੌਤ ਹੋ ਗਈ ਹੈ। ਵੱਡੇ ਪੁੱਤਰ ਪ੍ਰਕਾਸ਼ ਸਿੰਘ ਦੀ ਵੀ ਇਸੇ ਸਾਲ ਮਈ ਵਿੱਚ ਇੱਕ ਐਕਸੀਡੈਂਟ ਦੌਰਾਨ ਮੌਤ ਹੋ ਗਈ। ਜਿਸ ਘਰ ਵਿੱਚ ਅਸੀਂ ਬੈਠੇ ਸਾਂ ਉਹ ਵਿਚਕਾਰਲੇ ਪੁੱਤਰ ਗੁਰਮੇਲ ਸਿੰਘ ਦਾ ਸੀ ਜਿਸ ਦੀ ਪਤਨੀ ਉਸ ਦੀ ਗਰੀਬੀ ਕਰਕੇ ਉਸਨੂੰ ਛੱਡ ਕੇ ਚਲੀ ਗਈ ਸੀ। ਵੱਡੇ ਦੋਵੇਂ ਬੇਟੇ ਅਲੱਗ ਅਲੱਗ ਸਨ।

ਸ੍ਰ: ਢਢੋਗ਼ਲ ਆਪਣੇ ਛੋਟੇ ਬੇਟੇ ਲਛਮਣ ਸਿੰਘ ਨਾ਼ਲ ਸੀ। ਅੱਜ ਵੀ ਉਸ ਦੀ ਸਾਂਭ-ਸੰਭਾ਼ਲ ਉਸ ਦੀ ਛੋਟੀ ਨੂੰਹ ਮਨਜੀਤ ਕੌਰ ਹੀ ਕਰਦੀ ਹੈ। ਵਿਧਵਾ ਮਨਜੀਤ ਕੌਰ ਦੇ ਦੋ ਬੱਚੇ ਹਨ। ਇੱਕ ਲੜਕੀ ਜੋ 9ਵੀਂ ਵਿੱਚ ਪੜ੍ਹਦੀ ਹੈ ਅਤੇ ਇੱਕ ਲੜਕਾ ਜੋ 8ਵੀਂ ਵਿੱਚ ਪੜ੍ਹ ਰਿਹਾ ਹੈ। ਮਨਜੀਤ ਕੌਰ ਸਰਕਾਰੀ ਸਕੂਲ ਵਿੱਚ ਕੁੱਕ ਦਾ ਕੰਮ ਕਰਦੀ ਹੈ ਜਿੱਥੋਂ ਉਸ ਨੂੰ 1200 ਰੁਪਏ ਮਿ਼ਲਦੇ ਹਨ। ਇਸ ਦੇ ਨਾ਼ਲ ਹੀ ਉਹ ਕੱਪੜਾ-ਲੀੜਾ ਸਿਉਂ ਲੈਂਦੀ ਹੈ ਜਿਸ ਨਾ਼ਲ ਰੋਟੀ ਪੱਕ ਰਹੀ ਹੈ।

2012 ਵਿੱਚ ਉਸ ਦੀਆਂ ਅੱਖਾਂ ਦੀ ਰੋਸ਼ਨੀ ਘਟ ਗਈ। ਇਸ ਸਮੇਂ ਹੀ ਬੇਟੇ ਲਛਮਣ ਸਿੰਘ ਨੂੰ ਕੈਂਸਰ ਦੀ ਨਾਮੁਰਾਦ ਬਿਮਾਰੀ ਹੋ ਗਈ। ਕਾਫ਼ੀ ਪੈਸਾ ਉਸਦੇ ਇਲਾਜ 'ਤੇ ਖਰਚ ਹੋ ਗਿਆ। ਪਰ ਫਿਰ ਵੀ ਉਹ ਬਚ ਨਾ ਸਕਿਆ ਅਤੇ ਆਖਰ 11 ਜਨਵਰੀ ਨੂੰ ਉਸ ਦੀ ਮੌਤ ਹੋ ਗਈ। ਇਸ ਦੌਰਾਨ ਪੈਸੇ ਦੀ ਕਮੀ ਕਾਰਨ ਉਹ ਆਪਣਾ ਇਲਾਜ ਵੀ ਠੀਕ ਤਰੀਕੇ ਨਾ਼ਲ ਨਹੀਂ ਕਰਵਾ ਸਕਿਆ। ਥੋੜ੍ਹਾ-ਬਹੁਤਾ ਓਹੜ-ਪੋਹੜ ਕਰਿਆ ਪਰ ਸਫ਼ਲਤਾ ਨਹੀਂ ਮਿ਼ਲੀ।

ਆਖਰ ਉਹ ਭਾਣਾ ਮੰਨ ਕੇ ਚੁੱਪ ਕਰ ਕੇ ਘਰ ਬੈਠ ਗਿਆ। ਫਿਰ ਕੁੱਝ ਲੋਕਾਂ ਨੇ ਕਿਹਾ ਕਿ ਤੂੰ ਬਸਪਾ ਵਿੱਚ ਕੰਮ ਕੀਤਾ ਹੈ ਪਾਰਟੀ ਵਾ਼ਲੇ ਤੇਰੀ ਮਦਦ ਕਰਨਗੇ, ਉਹਨਾਂ ਨੂੰ ਜਾ ਕੇ ਦੱਸ। ਇਸ ਪਿੱਛੋਂ ਉਹ 2014 ਵਿੱਚ ਲਖਨਊ ਵਿਖੇ ਭੈਣ ਮਾਇਆਵਤੀ ਨੂੰ ਮਿਲਣ ਗਿਆ। ਜੋ ਵਿਅਕਤੀ ਇੱਥੇ ਡਿਊਟੀ 'ਤੇ ਸੀ ਉਸ ਨੂੰ ਭੈਣ ਜੀ ਨੂੰ ਮਿਲਣ ਦੀ ਇੱਛਾ ਦੱਸੀ। ਉਸਨੇ ਥੋੜ੍ਹੀ ਦੇਰ ਬਾਅਦ ਆ ਕੇ ਕਿਹਾ ਕਿ ਕਰੀਮਪੁਰੀ ਸਾਹਿਬ ਦੀ ਡਿਊਟੀ ਲਗਾ ਦਿੱਤੀ ਹੈ ਤੁਸੀਂ ਉਹਨਾਂ ਨੂੰ ਜਾ ਕੇ ਮਿਲ ਲਵੋ। ਤੁਹਾਡਾ ਪੂਰਾ ਇਲਾਜ ਕਰਵਾਇਆ ਜਾਵੇਗਾ। ਇਸ ਪਿੱਛੋਂ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੂੰ ਬੰਗਾ ਅਤੇ ਨਵਾਂ ਸ਼ਹਿਰ ਵਿਖੇ ਮਿਲੇ। ਉਹਨਾਂ ਦੀ ਬੇਟੀ 2016 ਵਿੱਚ ਖੁਰਾ਼ਲਗੜ੍ਹ ਵਿਖੇ ਸ੍ਰ: ਕਰੀਮਪੁਰੀ ਨੂੰ ਮਿਲੀ। ਉਹਨਾਂ ਨੇ ਵਿਸ਼ਵਾਸ ਦਿਵਾਇਆ ਕਿ ਮੈਂ ਖ਼ੁਦ ਘਰ ਆ ਕੇ ਮਿ਼ਲਾਂਗਾ, ਪਰ ਅਜੇ ਤੱਕ ਗੱਲ ਕਿਸੇ ਰਾਹ ਨਹੀਂ ਪਈ। ਇਸ ਤੋਂ ਬਾਅਦ ਰੱਬ ਦਾ ਭਾਣਾ ਮੰਨ ਕੇ ਚੁੱਪ ਕਰ ਗਏ।



**ਦਰਸ਼ਨ ਸਿੰਘ ਬਾਜਵਾ**
**91-98783-83053**

ਮੂਵਮੈਂਟ ਵਿੱਚ ਆਏ ਉਤਰਾਅ ਚੜ੍ਹਾਅ ਦੀਆਂ ਗੱਲਾਂ ਕਰਦਿਆਂ ਉਸ ਨੇ ਕਿਹਾ ਕਿ ਸਾਡੇ ਨੇਤਾਵਾਂ ਵਿੱਚ ਵੀ.ਆਈ.ਪੀ. ਕਲਚਰ ਨੇ ਮੂਵਮੈਂਟ ਨੂੰ ਜ਼ਬਰਦਸਤ ਢਾਅ ਲਾਈ ਹੈ। ਉਹਨਾਂ ਕਿਹਾ ਕਿ ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਦੀ ਵੱਡੀ ਗਿਣਤੀ ਹੈ। ਸਾਰੀਆਂ ਪਾਰਟੀਆਂ ਨੇ ਹੀ ਇਹਨਾਂ ਲੋਕਾਂ ਨੂੰ ਛੋਟੇ-ਮੋਟੇ ਵਾਅਦਿਆਂ ਨਾ਼ਲ ਵਡਿਆ ਕੇ ਰਾਜ ਕੀਤਾ ਹੈ। ਉਹਨਾਂ ਕਿਹਾ ਕਿ ਇਹਨਾਂ ਦੱਬੇ-ਕੁਚ਼ਲੇ ਲੋਕਾਂ ਦੀ ਗੱਲ ਕਰ ਕੇ ਹੀ ਅਸੀਂ ਜਿੱਤ ਪ੍ਰਾਪਤ ਕਰ ਸਕਦੇ ਹਾਂ।

ਜੇਕਰ ਅਸੀਂ ਚਾਹੁੰਦੇ ਹਾਂ ਕਿ ਅਸੀਂ ਰਾਜ ਕਰਨ ਵਾ਼ਲੀ ਧਿਰ ਬਣੀਏ ਤਾਂ ਸਾਨੂੰ ਆਪਣੇ ਲੋਕਾਂ ਨੂੰ ਹੀ ਮਜ਼ਬੂਤ ਕਰਨਾ ਪੈਣਾ ਹੈ ਅਤੇ ਦੂਸਰੇ ਵਰਗਾਂ ਦੀ ਝਾਕ ਬਿਲਕੁਲ ਹੀ ਛੱਡ ਦੇਣੀ ਚਾਹੀਦੀ ਹੈ। ਜਦੋਂ ਅਸੀਂ ਤੁਰਨ ਲੱਗੇ ਤਾਂ ਉਸ ਨੇ ਸਾਨੂੰ ਦੋਹਾਂ ਨੂੰ ਹਦਾਇਤ ਕੀਤੀ ਕਿ ਮਿਸ਼ਨ ਦਾ ਕੰਮ ਨਾ ਛੱਡਿਓ। ਮੈਨੂੰ ਥੋਡੇ 'ਤੇ ਆਸ ਹੈ। ਕਦੇ ਨਾ ਕਦੇ ਤਾਂ ਅਸੀਂ ਸਫ਼ਲ ਹੋਵਾਂਗੇ ਹੀ। ਉਸ ਦੀ ਗੱਲ ਸੁਣ ਕੇ ਅਸੀਂ ਦੋਵੇਂ ਵੀ ਭਾਵੁਕ ਹੋ ਗਏ।

ਕਿਸੇ ਸਮੇਂ ਪਾਰਟੀ ਲਈ ਤਨ ਮਨ ਕੁਰਬਾਨ ਕਰਨ ਵਾ਼ਲਾ ਇਹ ਬਜ਼ੁਰਗ ਅੱਜ ਮੰਦਹਾਲੀ ਵਿੱਚ ਆਪਣਾ ਜੀਵਨ ਬਤੀਤ ਕਰ ਰਿਹਾ ਹੈ।

ਇਸ ਪਰਿਵਾਰ ਨੂੰ ਆਪਣੇ ਜਾਗਰੂਕ ਭਰਾਵਾਂ ਦੀ ਸਹਾਇਤਾ ਦੀ ਜ਼ਰੂਰਤ ਹੈ। ਇਹਨਾਂ ਦਾ ਮਾਲਵਾ ਗ੍ਰਾਮੀਣ ਬੈਂਕ ਦੀ ਸ਼ਾਖਾ ਢਢੋਗ਼ਲ ਵਿਖੇ ਖਾਤਾ ਨੰ: 86004102602, IFSC No. STBPORRMLGB ਹੈ। ਸੰਪਰਕ ਕਰਨ ਲਈ ਉਹਨਾਂ ਦੀ ਨੂੰਹ ਮਨਜੀਤ ਕੌਰ ਦੇ ਮੋਬਾਈਲ ਨੰ: 88722-42499 'ਤੇ ਗੱਲ ਕੀਤੀ ਜਾ ਸਕਦੀ ਹੈ।

# ਮੂਲਵਾਸੀ ਭਰਾਵੋ ਆਪਣੇ ਹੱਕਾਂ ਦੀ ਰਾਖੀ ਲਈ ਤਿਆਰੀਆਂ ਕਰ ਲਓ

ਪੰਜ ਰਾਜਾਂ ਵਿੱਚ ਵਿਧਾਨ ਸਭਾਵਾਂ ਦੀਆਂ ਚੋਣਾਂ ਹੋ ਚੁੱਕੀਆਂ ਹਨ। 11 ਮਾਰਚ ਨੂੰ ਆਏ ਇਹਨਾਂ ਚੋਣ ਨਤੀਜਿਆਂ ਨੇ ਬਹੁਜਨ ਰਾਜਨੀਤੀ ਨੂੰ ਹਾਸ਼ੀਏ 'ਤੇ ਪਹੁੰਚਾ ਦਿੱਤਾ ਹੈ। ਪੰਜਾਬ ਵਿੱਚ ਭਾਵੇਂ ਪਹਿਲਾਂ ਹੀ ਬਹੁਤੇ ਚੰਗੇ ਨਤੀਜਿਆਂ ਦੀ ਆਸ ਨਹੀਂ ਸੀ ਪਰ ਫਿਰ ਵੀ ਪਹਿਲਾਂ ਨਾ਼ਲੋਂ ਕਾਫ਼ੀ ਸੁਧਾਰ ਦੀ ਗੁੰਜਾਇਸ਼ ਸੀ। ਕੁੱਝ ਕੁ ਸੀਟਾਂ 'ਤੇ ਸਿੱਧਾ ਮੁਕਾਬਲਾ ਸੀ। ਜਿਸ ਕਾਰਨ ਬਸਪਾ ਨੂੰ ਕਈ ਸੀਟਾਂ 'ਤੇ ਜਿੱਤ ਹਾਸਲ ਹੋਣ ਦੀ ਆਸ ਸੀ। ਉੱਤਰ ਪ੍ਰਦੇਸ਼ ਵਿੱਚ ਤਾਂ ਜਿਸ ਤਰ੍ਹਾਂ ਮੁਸਲਮਾਨਾਂ ਦਾ ਬਹੁਤ ਭਾਰੀ ਸਮੱਰਥਨ ਬਸਪਾ ਨੂੰ ਮਿਲ ਰਿਹਾ ਸੀ ਉਸ ਨਾ਼ਲ ਭੈਣ ਮਾਇਆਵਤੀ ਦੀ ਅਗਵਾਈ ਵਿੱਚ ਸਰਕਾਰ ਬਣਨ ਦੀ ਪੂਰੀ ਆਸ ਸੀ। ਬਸਪਾ ਦੀ ਜਿੱਤ ਦਾ ਇੰਨਾ ਜ਼ਿਆਦਾ ਭਰੋਸਾ ਸੀ ਕਿ ਅਫਸਰਸ਼ਾਹੀ ਨੇ ਚੋਣਾਂ ਦੇ ਨਤੀਜਿਆਂ ਦੇ ਐਲਾਨ ਤੋਂ ਪਹਿਲਾਂ ਹੀ ਬਸਪਾ ਦੀ ਸਰਕਾਰ ਬਣਨ ਦਾ ਅਨੁਮਾਨ ਲਗਾ ਕੇ ਬਹੁਜਨ ਸਮਾਜ ਦੇ ਮਹਾਂਪੁਰਸ਼ਾਂ ਦੇ ਨਾਂਅ 'ਤੇ ਬਣੇ ਪਾਰਕਾਂ ਦੀ ਸਾਫ ਸਫਾਈ ਕਰਵਾਉਣੀ ਸ਼ੁਰੂ ਕਰ ਦਿੱਤੀ ਸੀ। ਪਰ ਜਦੋਂ 11 ਮਾਰਚ ਨੂੰ ਨਤੀਜਾ ਆਇਆ ਤਾਂ ਇਹ ਆਸਾਂ ਦੇ ਬਿਲਕੁਲ ਉਲਟ ਸੀ। ਨਤੀਜਿਆਂ ਬਾਰੇ ਸੁਣ ਕੇ ਬਹੁਜਨ ਸਮਾਜ ਨਾ਼ਲ ਸੰਬੰਧਤ ਬਹੁਤੇ ਲੋਕਾਂ ਦੇ ਸਾਹ ਸੁੱਕ ਗਏ। ਜਿੰਨ੍ਹਾਂ ਨੇ ਦਿਨ-ਰਾਤ ਇੱਕ ਕਰਕੇ ਬਸਪਾ ਦਾ ਸਮੱਰਥਨ ਕੀਤਾ ਸੀ ਉਹ ਇੱਕ ਦਮ ਨਿਰਾਸ਼ ਹੋ ਗਏ। ਇਸ ਨਿਰਾਸ਼ਤਾ ਕਾਰਨ ਉਹਨਾਂ ਦਾ ਗੁੱਸੇ ਵਿੱਚ ਆਉਣਾ ਲਾਜ਼ਮੀ ਸੀ। ਉਹਨਾਂ ਨੇ ਲੀਡਰਸ਼ਿਪ 'ਤੇ ਦੋਸ਼ ਲਗਾਉਣੇ ਸ਼ੁਰੂ ਕਰ ਦਿੱਤੇ। ਬਸਪਾ ਵਰਕਰ ਤਾਂ ਆਪਣੀ ਪਾਰਟੀ ਦੀ ਲੀਡਰਸ਼ਿਪ 'ਤੇ ਦੋਸ਼ ਲਾਉਂਦੇÊਰ ਹੈਰਾਨੀ ਉਦੋਂ ਹੁੰਦੀ ਹੈ ਜਦੋਂ ਉਹਨਾਂ ਵਿਅਕਤੀਆਂ ਨੂੰ ਬਹੁਤ ਹੀ ਸਰਗਰਮ ਦੇਖਿਆ ਜਿਹੜੇ ਕਦੇ ਪਹਿਲਾਂ ਬਸਪਾ ਨਾ਼ਲ ਹੁੰਦੇ ਸਨ ਪਰ ਉਹ ਕਦੋਂ ਦੇ ਬਸਪਾ ਛੱਡ ਚੁੱਕੇ ਹਨ। ਇਹਨਾਂ ਵੱਲੋਂ ਬਸਪਾ ਲੀਡਰਸ਼ਿਪ ਨੂੰ ਨਿਕੰਮੀ, ਧੋਖੇਬਾਜ, ਠੱਗ, ਗ਼ਦਾਰ, ਮਨੂੰਵਾਦੀਆਂ ਨਾ਼ਲ ਮਿਲੀ ਹੋਈ ਅਤੇ ਹੋਰ ਪਤਾ ਨਹੀਂ ਕੀ ਕੀ ਵਿਸ਼ਲੇਸ਼ਣਾਂ ਨਾ਼ਲ ਨਿਵਾਜ਼ਿਆ ਗਿਆ। ਕੁੱਝ ਆਮ ਵਰਕਰ ਵੀ ਇਹਨਾਂ ਵਿਅਕਤੀਆਂ ਦੀ ਹਾਂ ਵਿੱਚ ਹਾਂ ਮਿਲਾ ਰਹੇ ਸਨ। ਸੋਸ਼ਲ ਮੀਡੀਆ 'ਤੇ ਇਸ ਤਰ੍ਹਾਂ ਕਾਫ਼ੀ ਹਿੱਲਜੁੱਲ ਦੇਖੀ ਗਈ। ਕੁੱਝ ਸਮਾਂ ਛੋਟੀਆਂ-ਮੋਟੀਆਂ ਟਿੱਪਣੀਆਂ ਨੂੰ ਛੱਡ ਕੇ ਮੈਂ ਇਸ ਤਰ੍ਹਾਂ ਦੀਆਂ ਕਾਰਵਾਈਆਂ ਨੂੰ ਮੂਕ ਦਰਸ਼ਕ ਬਣ ਕੇ ਵਾਚਦਾ ਰਿਹਾ। ਅੱਜ ਮੈਂ ਆਪਣੀ ਚੁੱਪੀ ਤੋੜ ਕੇ ਆਪਣੇ ਭਰਾਵਾਂ ਨੂੰ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਸਪਾ ਦਾ ਚੋਣ ਨਤੀਜਾ ਆਸਾਂ ਦੇ ਬਿਲਕੁਲ ਉਲਟ ਆਇਆ ਹੈ। ਇਸ ਦਾ ਸਭ ਨੂੰ ਗ਼ਮ ਹੈ। ਇਸ ਦਾ ਅਸਲ ਕਾਰਨ ਤਾਂ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵੱਲੋਂ ਈ.ਵੀ.ਐਮ. ਮਸ਼ੀਨਾਂ ਨਾ਼ਲ ਛੇੜ-ਛਾੜ ਕਰਵਾ ਕੇ ਵੱਡੇ ਪੱਧਰ 'ਤੇ ਧਾਂਦਲੀ ਕਰਨਾ ਹੈ। ਇਹ ਸੋਚ ਹੀ ਗਲਤ ਹੈ ਕਿ ਬਸਪਾ ਦੀ ਹਾਰ ਹੋਈ ਹੈ। ਉੱਤਰ ਪ੍ਰਦੇਸ਼ ਵਿੱਚ ਤਾਂ ਬਿਲਕੁਲ ਸਪੱਸ਼ਟ ਹੋ ਚੁੱਕਾ ਹੈ ਕਿ ਉੱਥੇ ਵੱਡੇ ਪੱਧਰ 'ਤੇ ਧਾਂਦਲੀ ਹੋਈ ਹੈ। ਜੇਕਰ ਇਕੱਲੀ ਬਸਪਾ ਦਾ ਇਹ ਮੰਨਣਾ ਹੁੰਦਾ ਫਿਰ ਤਾਂ ਕਿਹਾ ਜਾ ਸਕਦਾ ਸੀ ਕਿ ਬਸਪਾ ਆਪਣੀ ਹਾਰ ਤੋਂ ਬੁਖਲਾ ਗਈ ਹੈ। ਪਰ ਇੱਥੇ ਤਾਂ ਕਾਂਗਰਸ ਦੇ ਆਗੂ ਰਾਜ ਬੱਬਰ, ਰਾਸ਼ਟਰੀ ਜਨਤਾ ਦਲ ਦੇ ਆਗੂ ਲਾਲੂ ਯਾਦਵ, ਸਮਾਜਵਾਦੀ ਪਾਰਟੀ ਦੇ ਆਗੂ ਅਖਿਲੇਸ਼ ਯਾਦਵ ਵੀ ਬਸਪਾ ਆਗੂ ਭੈਣ ਮਾਇਆਵਤੀ ਦੀ ਸੁਰ ਵਿੱਚ ਸੁਰ ਮਿਲਾ ਕੇ ਘਪ਼ਲਾ ਹੋਣ ਦੀ ਸਚਾਈ ਬਿਆਨ ਕਰ ਰਹੇ ਹਨ। ਭਾਜਪਾ ਦੇ ਇੱਕ ਸੰਸਦ ਮੈਂਬਰ ਦਾ ਵੀ ਕਹਿਣਾ ਹੈ ਕਿ ਚੋਣ ਕਮਿਸ਼ਨ ਸਾਡੀ ਮਜ਼ਬੂਤ ਪਕੜ ਵਿੱਚ ਸੀ। ਇਸ ਲਈ ਬਸਪਾ ਦੀ ਹਾਰ ਦਾ ਵੱਡਾ ਕਾਰਨ ਸਰਕਾਰ ਵੱਲੋਂ ਕੀਤਾ ਈ.ਵੀ.ਐਮ. ਘਪ਼ਲਾ ਹੈ।

**ਅਸੀਂ ਇਸ ਮੌਕੇ 'ਤੇ ਆਪਣੇ ਦੁਸ਼ਮਣ ਨਾ਼ਲ ਲੜਨਾ ਸੀ ਕਿਉਂਕਿ ਉਸ ਨੇ ਈ.ਵੀ.ਐਮ. ਮਸ਼ੀਨਾਂ ਨਾ਼ਲ ਛੇੜਛਾੜ ਕਰਕੇ ਘਪ਼ਲੇਬਾਜ਼ੀ ਕੀਤੀ ਹੈ ਅਤੇ ਇਸ ਤਰ੍ਹਾਂ ਲੋਕਤੰਤਰ ਦੀ ਹੱਤਿਆ ਕੀਤੀ ਹੈ। ਪਰ ਅਸੀਂ ਆਪਣੇ ਦੁਸ਼ਮਣ ਨਾਲ ਲੜਨ ਦੀ ਬਜਾਏ ਆਪਸ ਵਿੱਚ ਹੀ ਲੜਨ ਲੱਗਦੇ ਹਾਂ। ਇਸ ਲਈ ਖੁੱਲ੍ਹੇਆਮ ਆਪਣੇ ਲੀਡਰਾਂ ਨੂੰ ਨਿੰਦ ਕੇ ਕਮਜ਼ੋਰ ਹੋ ਜਾਣ ਦੀ ਬਜਾਏ ਆਪਣੇ ਦੁਸ਼ਮਣ ਦੀ ਚਾਲਬਾਜ਼ੀ ਦਾ ਮੂੰਹ ਤੋੜ ਜਵਾਬ ਦੇਣ ਲਈ ਸਾਨੂੰ ਤਿਆਰ ਹੋ ਜਾਣਾ ਚਾਹੀਦਾ ਹੈ।**

ਕੁੱਝ ਦੋਸਤ ਇਹ ਕਹਿੰਦੇ ਹਨ ਕਿ ਚਲੋ ਉੱਤਰ ਪ੍ਰਦੇਸ਼ ਵਿੱਚ ਤਾਂ ਮੰਨ ਲਿਆ ਕਿ ਘਪ਼ਲਾ ਹੋਇਆ ਹੈ ਫਿਰ ਪੰਜਾਬ ਵਿੱਚ ਕੀ ਹੋਇਆ? ਮੇਰੇ ਮਿੱਤਰੋ ਜੇ ਉੱਤਰ ਪ੍ਰਦੇਸ਼ ਵਿੱਚ ਘਪ਼ਲਾ ਹੋ ਸਕਦਾ ਹੈ ਤਾਂ ਪੰਜਾਬ ਵਿੱਚ ਕਿਉਂ ਨਹੀਂ ਹੋ ਸਕਦਾ? ਹੁਣ ਸੁਆਲ ਪੈਦਾ ਹੁੰਦਾ ਹੈ ਕਿ ਜੇਕਰ ਸਰਕਾਰ ਨੇ ਪੰਜਾਬ ਵਿੱਚ ਚੋਣ ਘਪ਼ਲਾ ਕੀਤਾ ਸੀ ਤਾਂ ਫਿਰ ਕਾਂਗਰਸ ਕਿਸ ਤਰ੍ਹਾਂ ਜਿੱਤ ਗਈ? ਇਸ ਦਾ ਵੀ ਸਿੱਧਾ ਜਿਹਾ ਜੁਆਬ ਹੈ ਕਿ ਜੇਕਰ ਸਾਰੇ ਹੀ ਸੂਬਿਆਂ ਵਿੱਚ ਭਾਜਪਾ ਜਿੱਤ ਜਾਂਦੀ ਤਾਂ ਸਾਰੀਆਂ ਹੀ ਪਾਰਟੀਆਂ ਚੋਣ ਘਪ਼ਲੇ ਦੇ ਖ਼ਿਲਾਫ਼ ਇੱਕਜੁੱਟ ਹੋ ਜਾਂਦੀਆਂ। ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣ ਜਾਣ ਕਾਰਨ ਘੱਟੋ-ਘੱਟ ਕਾਂਗਰਸ ਈ.ਵੀ.ਐਮ. ਘਪਲੇ ਦੇ ਖ਼ਿਲਾਫ਼ ਨਹੀਂ ਬੋਲੇਗੀ। ਸਪੱਸ਼ਟ ਹੈ ਕਿ ਪੰਜਾਬ ਵਿੱਚ ਕਾਂਗਰਸ ਦੀ ਜਿੱਤ ਸਿਰਫ਼ ਦਿ-ਖਾਵੇ ਲਈ ਰੱਖੀ ਗਈ ਹੈ। ਇਸ ਗੱਲ ਦਾ ਸਭ ਨੂੰ ਪਤਾ ਸੀ ਕਿ ਕਾਂਗਰਸ ਨੂੰ ਖ਼ੁਦ ਨੂੰ ਵੀ ਜਿੱਤ ਸਕਣ ਦਾ ਭਰੋਸਾ ਨਹੀਂ ਸੀ। ਪੰਜਾਬ ਵਿੱਚ ਕਾਂਗਰਸ ਦੀ ਜਿੱਤ ਕੋਈ ਰੱਬੀ ਮਿਹਰ ਨਹੀਂ ਹੈ ਨਾ ਹੀ ਜਨਤਾ ਦੀ ਮਿਹਰਬਾਨੀ ਹੈ ਬਲਕਿ ਇਹ ਮੋਦੀ ਦੀ ਮਿਹਰ ਹੈ।

ਭਾਰਤੀ ਜਨਤਾ ਪਾਰਟੀ ਦੁਆਰਾ ਇਸ ਤਰ੍ਹਾਂ ਵੱਡੇ ਪੱਧਰ 'ਤੇ ਘਪ਼ਲੇਬਾਜ਼ੀ ਕਰਨਾ ਉਹਨਾਂ ਦੀ ਮਜ਼ਬੂਰੀ ਹੈ। ਭਾਜਪਾ ਬਾਬਾ ਸਾਹਿਬ ਦਾ ਸੰਵਿਧਾਨ ਬਦਲ ਕੇ ਮਨੂੰ ਸਿੰਮ੍ਰਤੀ ਦਾ ਸੰਵਿਧਾਨ ਲਾਗੂ ਕਰਨਾ ਚਾਹੁੰਦੀ ਹੈ। ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇ ਭਾਜਪਾ ਨੂੰ ਲੋਕ ਸਭਾ ਵਾਂਗ ਹੀ ਰਾਜ ਸਭਾ ਵਿੱਚ ਵੀ ਬਹੁਮਤ ਹਾਸਲ ਹੋਵੇ ਅਤੇ ਰਾਸ਼ਟਰਪਤੀ ਵੀ ਉਹਨਾਂ ਦਾ ਹੀ ਹੋਵੇ।

ਮੌਜੂਦਾ ਰਾਸ਼ਟਰਪਤੀ ਭਾਵੇਂ ਬ੍ਰਾਹਮਣ ਹੈ ਪਰ ਉਹ ਅੱਖਾਂ ਮੀਚ ਕੇ ਭਾਜਪਾ ਦੀ ਹਾਂ ਵਿੱਚ ਹਾਂ ਨਹੀਂ ਮਿਲਾ ਰਿਹਾ। ਜੇਕਰ ਭਾਜਪਾ ਉੱਤਰ ਪ੍ਰਦੇਸ਼ ਸਮੇਤ ਕਈ ਰਾਜਾਂ ਵਿੱਚ ਆਪਣੀਆਂ ਸਰਕਾਰਾਂ ਬਣਾ ਲੈਂਦੀ ਹੈ ਤਾਂ ਉਹਨਾਂ ਨੂੰ ਰਾਜ ਸਭਾ ਵਿੱਚ ਬਹੁਮਤ ਮਿਲ ਜਾਵੇਗਾ ਅਤੇ ਜੋ ਵੀ ਬਿਲ ਪਾਸ ਹੋਵੇਗਾ ਉਹਨਾਂ ਦਾ ਆਪਣਾ ਸੰਘੀ ਰਾਸ਼ਟਰਪਤੀ ਬਿਨਾਂ ਸੋਚੇ ਹੀ ਉਸ ਨੂੰ ਪਾਸ ਕਰ ਦਿਆ ਕਰੇਗਾ। ਜੇਕਰ ਭਾਜਪਾ ਘਪ਼ਲੇਬਾਜ਼ੀ ਵਿੱਚ ਸਫ਼ਲ ਰਹਿੰਦੀ ਹੈ ਤਾਂ ਸਭ ਕੁੱਝ ਉਹਨਾਂ ਦੀ ਆਸ ਮੁਤਾਬਕ ਹੀ ਵਾਪਰੇਗਾ। ਇਸ ਦੀ ਉਦਾਹਰਣ ਭਾਜਪਾ ਦੇ ਇੱਕ ਦਲਿਤ ਉਮੀਦਵਾਰ ਨੂੰ ਲੋਕਾਂ ਦੇ ਘਰਾਂ ਵਿੱਚ ਜਾਣ ਸਮੇਂ ਭੁੰਜੇ ਬਿਠਾਏ ਜਾਣ ਅਤੇ ਚਾਹ ਪੀਣ ਲਈ ਆਪਣਾ ਗਲਾਸ ਨਾ਼ਲ ਲੈ ਕੇ ਜਾਣ ਤੋਂ ਮਿਲਦੀ ਹੈ। ਆਪਣੀ ਅਣਕਿਆਸੀ ਜਿੱਤ ਤੋਂ ਭਾਜਪਾ ਵਰਕਰ ਇਤਨੇ ਉਤਸ਼ਾਹਤ ਹਨ ਕਿ ਤਾਜ਼ਾ ਵਾਪਰੀਆਂ ਘਟਨਾਵਾਂ ਵਿੱਚ ਇੱਕ ਦਲਿਤ ਨੂੰ ਤਾਂ ਬੀਜੇਪੀ ਕਾਰਕੁੰਨਾਂ ਨੇ ਗੋ਼ਲੀ ਮਾਰ ਕੇ ਇਸ ਲਈ ਮਾਰ ਦਿੱਤਾ ਕਿਉਂਕਿ ਉਸ ਨੇ ਭਾਜਪਾ ਦੀ ਬਜਾਏ ਬਸਪਾ ਦੀ ਸਪੋਰਟ ਕੀਤੀ ਸੀ। ਇਸ ਸਮੇਂ ਹੀ ਲੋਕ ਸਭਾ ਵਿੱਚ ਭਗਵਤ ਗੀਤਾ ਨੂੰ ਨੈਤਿਕ ਸਿੱਖਿਆ ਦੇ ਤੌਰ 'ਤੇ ਸਕੂਲਾਂ ਵਿੱਚ ਲਾਜ਼ਮੀ ਪੜ੍ਹਾਏ ਜਾਣ ਲਈ ਬਿਲ ਪੇਸ਼ ਕਰ ਦਿੱਤਾ ਗਿਆ ਹੈ।

ਬਸਪਾ ਨਾ਼ਲ ਸੰਬੰਧਤ ਜਿਹੜੇ ਸਾਥੀ ਲੀਡਰਸ਼ਿਪ ਨੂੰ ਬਦਲੇ ਜਾਣ ਦੀ ਮੰਗ ਉਠਾ ਰਹੇ ਹਨ ਉਹਨਾਂ ਨੂੰ ਅਧਿਕਾਰ ਹੈ ਕਿ ਉਹ ਆਪਣੀ ਲੀਡਰਸ਼ਿਪ ਵਿੱਚ ਤਬਦੀਲੀ ਕਰਨ ਲਈ ਆਵਾਜ਼ ਉਠਾਉਣ। ਵੈਸੇ ਵੀ ਕੁੱਝ ਸਮੇਂ ਬਾਅਦ ਲੀਡਰਸ਼ਿਪ ਵਿੱਚ ਤਬਦੀਲੀ ਹੋ ਜਾਣੀ ਜ਼ਰੂਰੀ ਹੁੰਦੀ ਹੈ ਤਾਂ ਕਿ ਪਾਰਟੀ 'ਤੇ ਕਿਸੇ ਇੱਕ ਵਿਅਕਤੀ ਦੀ ਹੀ ਪਕੜ ਨਾ ਰਹੇ ਅਤੇ ਦੂਸਰੇ ਨੇਤਾ ਅਣਡਿੱਠ ਕੀਤੇ ਜਾਣ ਕਰਕੇ ਦੂਸਰੀਆਂ ਪਾਰਟੀਆਂ ਵਿੱਚ ਨਾ ਜਾਂਦੇ ਰਹਿਣ। ਇਸ ਲਈ ਪਾਰਟੀ ਵਰਕਰ ਆਪਣੀ ਆਵਾਜ਼ ਬੁਲੰਦ ਕਰਨ। ਇਸ 'ਤੇ ਕੋਈ ਰੋਕ ਨਹੀਂ ਹੈ। ਪਰ ਇਸ ਸਮੇਂ ਜੋ ਸਭ ਤੋਂ ਵੱਡਾ ਮਸਲਾ ਹੈ ਉਹ ਆਪਣੀ ਲੀਡਰਸ਼ਿਪ ਨੂੰ ਨਿੰਦਣ ਦਾ ਨਹੀਂ ਕਿਉਂਕਿ ਇਸ ਤਰ੍ਹਾਂ ਕਰਨ ਨਾ਼ਲ ਅਸੀਂ ਆਪਣੀ ਹਾਰ ਦਾ ਕਾਰਨ ਦੁਸ਼ਮਣ ਦੀ ਧੋਖੇਬਾਜੀ ਨਹੀਂ ਬਲਕਿ ਆਪਣੀਆਂ ਕਮਜ਼ੋਰੀਆਂ ਹੀ ਦੱਸਦੇ ਰਹਾਂਗੇ। ਸਾਡੇ ਵੱਡੇ ਦੁਸ਼ਮਣ ਨੂੰ ਇਸ ਨਾ਼ਲ ਸਾਫ਼ ਤੌਰ 'ਤੇ ਬਰੀ ਹੋ ਜਾਣ ਦਾ ਮੌਕਾ ਮਿ਼ਲ ਜਾਵੇਗਾ।

ਅਸੀਂ ਇਸ ਮੌਕੇ 'ਤੇ ਆਪਣੇ ਦੁਸ਼ਮਣ ਨਾ਼ਲ ਲੜਨਾ ਸੀ ਕਿਉਂਕਿ ਉਸ ਨੇ ਈ.ਵੀ.ਐਮ. ਮਸ਼ੀਨਾਂ ਨਾ਼ਲ ਛੇੜਛਾੜ ਕਰਕੇ ਘਪ਼ਲੇਬਾਜ਼ੀ ਕੀਤੀ ਹੈ ਅਤੇ ਇਸ ਤਰ੍ਹਾਂ ਲੋਕਤੰਤਰ ਦੀ ਹੱਤਿਆ ਕੀਤੀ ਹੈ। ਪਰ ਅਸੀਂ ਆਪਣੇ ਦੁਸ਼ਮਣ ਨਾਲ ਲੜਨ ਦੀ ਬਜਾਏ ਆਪਸ ਵਿੱਚ ਹੀ ਲੜਨ ਲੱਗਦੇ ਹਾਂ। ਇਸ ਲਈ ਖੁੱਲ੍ਹੇਆਮ ਆਪਣੇ ਲੀਡਰਾਂ ਨੂੰ ਨਿੰਦ ਕੇ ਕਮਜ਼ੋਰ ਹੋ ਜਾਣ ਦੀ ਬਜਾਏ ਆਪਣੇ ਦੁਸ਼ਮਣ ਦੀ ਚਾਲਬਾਜ਼ੀ ਦਾ ਮੂੰਹ ਤੋੜ ਜਵਾਬ ਦੇਣ ਲਈ ਸਾਨੂੰ ਤਿਆਰ ਹੋ ਜਾਣਾ ਚਾਹੀਦਾ ਹੈ। ਇਸ ਦੇ ਨਾ਼ਲ ਹੀ ਜਿਹੜੇ ਲੀਡਰ ਕੰਮ ਚੋਰ ਹਨ ਜਾਂ ਨੀਅਤ ਦੇ ਮਾੜੇ ਹਨ, ਉਹਨਾਂ ਨੂੰ ਬਖਸ਼ਿਆ ਵੀ ਨਹੀਂ ਜਾਣਾ ਚਾਹੀਦਾ। ਪਰ ਇਸ ਤਰ੍ਹਾਂ ਦੀ ਕੋਈ ਵੀ ਕਾਰਵਾਈ ਕਰਨ ਲਈ ਪਾਰਟੀ ਦਾ ਮੰਚ ਹੀ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ।

ਸਾਡੀ ਸਮਝਦਾਰੀ ਇਸੇ ਵਿੱਚ ਹੈ ਕਿ ਦੁਸ਼ਮਣ ਸਾਥੋਂ ਖੌਫ ਖਾਵੇ। ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੇ ਬਹੁਤ ਸਮਾਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਅਸੀਂ 'ਬੈਲਟ' ਨਾ਼ਲ ਰਾਜ ਹਾਸਲ ਕਰਨਾ ਚਾਹੁੰਦੇ ਹਾਂ ਪਰ ਜੇਕਰ ਸਾਨੂੰ ਇਸ ਤਰ੍ਹਾਂ ਕਰਨ ਤੋਂ ਧੱਕੇ ਜਾਂ ਧੋਖੇ ਨਾ਼ਲ ਰੋਕਿਆ ਗਿਆ ਤਾਂ ਅਸੀਂ 'ਬੁਲਿਟ' ਦਾ ਇਸਤੇਮਾਲ ਵੀ ਕਰ ਸਕਦੇ ਹਾਂ। ਹੁਣ ਸਪੱਸ਼ਟ ਹੋ ਗਿਆ ਹੈ ਕਿ ਸਾਨੂੰ ਵੋਟ ਦੀ ਤਾਕਤ ਨਾ਼ਲ ਰਾਜ ਭਾਗ ਲੈਣ ਤੋਂ ਰੋਕ ਦਿੱਤਾ ਗਿਆ ਹੈ। ਸਾਡਾ ਅਗਲਾ ਕਦਮ ਕਿਹੋ ਜਿਹਾ ਹੋਣਾ ਚਾਹੀਦਾ ਹੈ ਇਹ ਸਾਡੀ ਸਮਝ 'ਤੇ ਨਿਰਭਰ ਕਰਦਾ ਹੈ। ਆਓ ਆਪਾਂ ਸਾਰੇ ਇਕੱਠੇ ਹੋ ਕੇ ਸਰਕਾਰੀ ਬੁਰਛਾਗਰਦੀ ਦ¶ ਖ਼ਿਲਾਫ਼ ਲੜਾਈ ਸ਼ੁਰੂ ਕਰੀਏ।

**– ਦਰਸ਼ਨ ਸਿੰਘ ਬਾਜਵਾ**

## ਜੋੜ ਮੇਲੇ 'ਤੇ ਵਿਸ਼ੇਸ਼

# ਗੁਰਦੁਆਰਾ ਕੈਂਬਾ ਸਾਹਿਬ ਪਾਤਸ਼ਾਹੀ ਛੇਵੀ ਪਿੰਡ ਧਾਲੀਆਂ ਜਿਲਾ ਲੁਧਿਆਣਾ (ਪੰਜਾਬ)



ਕੁਲਵੰਤ ਉਭੀ ਧਾਲੀਆਂ
(ਫਰਿਜ਼ਨੋ, ਕੈਲੀਫੋਰਨੀਆ)
ਫੋਨ: (559) 473-9264

ਪੰਜਾਬ ਦੀ ਧਰਤੀ 'ਤੇ ਰਾਏਕੋਟ (ਵਾਇਆ ਪੱਖੋਵਾਲ) ਤੋਂ ਲੁਧਿਆਣਾ ਜਾਦਿਆ ਇਤਿਹਾਸਕ ਪਿੰਡ ਧਾਲੀਆਂ ਆਉਦਾ ਹੈ। ਦੂਸਰੇ ਪਾਸੇ ਤੋਂ ਇਹ ਪਿੰਡ ਹਲਵਾਰਾ ਦੇ ਹਵਾਈ ਅੱਡੇ ਦੇ ਵੀ ਕਾਫੀ ਨਜ਼ਦੀਕ ਹੈ। ਪੁਰਾਤਨ ਇਤਿਹਾਸਕ ਖੋਜਾ ਦੀਆਂ ਲਿਖਤਾਂ ਅਨੁਸਾਰ ਇਸ ਪਿੰਡ ਨੂੰ 'ਧਾਰਾ-ਨਗਰ' ਦੇ ਨਾਮ ਨਾਲ ਵੀ ਜਾਣਿਆ ਜਾਦਾ ਸੀ। ਜਿਸ ਨਾਂ ਦੀ ਆਮਦ ਵੀ ਛੇਵੇ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਚਰਨ ਸਪਰਸ਼ ਹੋਣ ਤੋਂ ਮੰਨੀ ਜਾਂਦੀ ਹੈ। ਇਲਾਕੇ ਵਿੱਚ ਵੱਧ ਰਹੇ ਜੁਲਮਾਂ ਦਾ ਖਾਤਮਾ ਕਰਦੇ ਹੋਏ ਇਸ ਥਾਂ 'ਤੇ ਬੈਠ ਕੇ ਗੁਰੂ ਸਾਹਿਬ ਨੇ ਇਲਾਕੇ ਭਰ ਦੀਆਂ ਸੰਗਤਾਂ ਨੂੰ ਕਿਰਤ ਕਰਨ, ਗੁਰਮਤਿ ਵਾਲਾ ਜੀਵਨ ਬਤੀਤ ਕਰਨ ਅਤੇ ਆਪਸੀ ਭਾਈਚਾਰਕ ਸਾਂਝ ਲਈ ਪ੍ਰੇਰਿਆ ਸੀ। ਜੋ ਸੈਂਕੜੇ ਸਾਲ ਬੀਤਣ ਦੇ ਨਾਲ ਧਾਲੀਆਂ ਦੇ ਵਿੱਚ ਤਬਦੀਲ ਹੋ ਗਿਆ ਸੀ। ਇਸ ਪਿੰਡ ਦੀ ਆਬਾਦੀ ਵੀ ਕਾਫੀ ਲੰਮੇ ਅਰਸੇ ਤੋਂ 1200 ਦੇ ਲੱਗਭਗ ਚਲੀ ਆ ਰਹੀ ਹੈ। ਜਿਸ ਦਾ ਕਾਰਨ ਕਿ ਇੱਥੋਂ ਦੇ ਬਹੁਤ ਸਾਰੇ ਪਰਿਵਾਰ ਵਿਦੇਸ਼ਾ ਵਿੱਚ ਸੈੱਟਲ ਹਨ। ਜਿੰਨੀ ਕੁ ਆਬਾਦੀ ਵਧਦੀ ਹੈ ਉਨ੍ਹੇ ਕੁ ਮੈਂਬਰ ਵੀ ਵਿਦੇਸਾਂ ਵਿੱਚ ਆ ਜਾਂਦੇ ਹਨ। ਸੋ ਇਸ ਪਿੰਡ ਦੀ ਨਿਰੰਤਰਤਾ ਬਣੀ ਰਹੀ ਹੈ।

ਇਸ ਪਿੰਡ ਦੇ ਬਾਹਰ-ਬਾਹਰ ਇਤਿਹਾਸਕ ਗੁਰਦੁਆਰਾ ਕੈਂਬਾ ਸਾਹਿਬ ਸਥਿਤ ਹੈ। ਇਸ ਪਾਵਨ ਪਵਿੱਤਰ ਅਸਥਾਨ ਨੂੰ 'ਦਲ ਭੰਜਨ ਗੁਰ ਸੂਰਮਾਂ ਵਡਯੋਧਾ ਬਹੁਪਰਉਪਕਾਰੀ' ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਜੀ ਦੇ ਪਾਵਨ ਪਵਿੱਤਰ ਚਰਨ ਕਮਲਾਂ ਦੀ ਛੋਹ ਪ੍ਰਾਪਤ ਹੈ। ਸੱਚੇ ਪਾਤਸ਼ਾਹ ਗੁਰੂ ਜੀ ਅਤੇ ਉਨ੍ਹਾਂ ਦੇ ਨਾਲ 3000 ਘੋੜ ਸਵਾਰ ਸੂਰਮੇ ਇਸ ਅਸਥਾਨ 'ਤੇ ਆਏ। ਉਸ ਸਮੇਂ ਆਪ ਜੀ ਇੱਥੇ 25 ਦਿਨ ਬਿਰਾਜੇ ਸਨ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਗੁਰ ਉਪਦੇਸ਼ ਦੇ ਕੇ ਨਿਹਾਲ ਕੀਤਾ। ਗੁਰੂ ਜੀ ਆਪ ਜਿਸ ਥਾਂ ਸੁਸ਼ੋਭਿਤ ਹੋਇਆ ਕਰਦੇ ਸਨ, ਉਥੇ ਹੁਣ ਆਲੀਸ਼ਾਨ ਮੰਜੀ ਸਾਹਿਬ ਦੀ ਇਮਾਰਤ ਹੈ। ਇਸ ਤੋਂ ਇਲਾਵਾ ਜਿੰਨ੍ਹਾਂ ਦਰੱਖਤਾਂ ਨਾਲ ਗੁਰੂ ਜੀ ਅਤੇ ਬਾਕੀ ਸੂਰਮਿਆ ਨੇ ਘੋੜੇ ਬੰਨੇ ਸਨ, ਉਨ੍ਹਾਂ ਦਰੱਖਤਾਂ ਦਾ ਨਾ ਹੀ ਕੈਂਬਾ ਹੈ। ਜਿੰਨ੍ਹਾਂ ਦੇ ਨਾਂ 'ਤੇ ਇਸ ਗੁਰੂਘਰ ਦੀ ਸਥਾਪਨਤਾ ਹੋਈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਰਾ ਅਨੁਸਾਰ ਇਨ੍ਹਾਂ



ਦਰੱਖਤਾਂ ਦੇ ਨਾ ਕੋਈ ਬੀਜ ਉੱਗਦੇ ਹਨ ਅਤੇ ਨਾ ਹੀ ਕਲਮ ਲਾ ਕੇ ਬੀਜਿਆ ਜਾ ਸਕਦਾ ਹੈ। ਇਹ ਅੱਜ ਵੀ ਗੁਰਦੁਆਰਾ ਸਾਹਿਬ ਅਤੇ ਸਰੋਵਰ ਦੇ ਦੁਆਲੇ ਆਪਣੀ ਇਤਿਹਾਸ਼ਕਤਾਂ ਦਾ ਪ੍ਰਮਾਣ ਆਪ ਦੇ ਰਹੇ ਹਨ। ਇਹ ਸਿਰਫ ਇਸੇ ਏਰੀਏ ਵਿੱਚ ਜੀ ਹਨ।

ਸੱਚੇ ਪਾਤਸ਼ਾਹ ਗੁਰੂ ਜੀ ਨੇ ਇੱਥੋਂ ਦੇ ਨਜ਼ਦੀਕ ਪਿੰਡ ਭੈਣੀ ਦਰੇੜਾ ਜਾ ਕੇ ਦੀਨ ਦੁੱਖੀਆਂ ਦੀ ਸਹਾਇਤਾ ਕੀਤੀ। ਇਸ ਤੋਂ ਪਹਿਲਾ ਪਿੰਡ ਆਂਡਲੂ ਦੇ ਮੁਸਲਮਾਨ ਉਨ੍ਹਾਂ ਨੂੰ ਅਰਾਮ ਨਾਲ ਵੱਸਣ ਨਹੀਂ ਦੇ ਰਹੇ ਸਨ। ਇਹ ਮੁਸਲਮਾਨ ਸਰਵਰ ਪੀਰ ਨੂੰ ਮੰਨਣ ਵਾਲੇ ਸਨ। ਜੋ ਕਿ ਭੈਣੀ ਦਰੇੜਾ ਜਾਂ ਹੋਰ ਨਜ਼ਦੀਕੀ ਪਿੰਡਾਂ ਦੇ ਲੋਕਾ ਨੂੰ ਕਾਫਰ ਕਹਿ ਕੇ ਚੰਗਾ ਮੰਦਾ ਬੋਲਦੇ ਅਤੇ ਤੰਗ ਕਰਦੇ ਸਨ। ਗਰੀਬਾਂ ਦੇ ਮਸ਼ੀਹਾ, ਨਿਤਾਣਿਆ ਦੇ ਤਾਣ ਗੁਰੂ ਪਾਤਸ਼ਾਹ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਸਾਰੀ ਸ੍ਰਿਸ਼ਟੀ ਦਾ ਮਾਲਕ ਇਕ ਹੀ ਪ੍ਰਮਾਤਮਾ ਹੈ, ਇਹ ਵੀ ਤੁਹਾਡੇ ਭਰਾ ਹਨ। ਆਪਣੇ ਹੀ ਭਰਾਵਾ ਨੂੰ ਤੰਗ ਕਰਕੇ ਅੱਲਾ ਦੀ ਖੁਸ਼ੀ ਪ੍ਰਾਪਤ ਨਹੀਂ ਹੁੰਦੀ। ਮੁਸਲਮਾਨਾ ਨੇ ਅੱਗੇ ਤੋਂ ਕਸ਼ਮ ਖਾਧੀ ਕਿ ਅੱਗੇ ਤੋਂ ਅਸੀ ਦੋਨੋ ਨਗਰ ਹੀ ਨਹੀਂ ਬਲਕਿ ਇਲਾਕੇ ਵਿੱਚ ਭਰਾਵਾਂ ਵਾਂਗ ਰਲਕੇ ਰਹਾਂਗੇ। ਇਤਿਹਾਸ਼ਕ ਜਾਣਕਾਰੀ ਅਨੁਸਾਰ ਪਿੰਡ ਆਂਡਲੂ ਵਿਖੇ ਮੁਸਲਮਾਨਾ ਦਾ ਇਕ ਬੁਚੜਖਾਨਾ ਵੀ ਹੋਇਆ ਕਰਦਾ ਸੀ। ਗੁਰੂ ਜੀ ਨੇ ਇਸ ਨੂੰ ਵੀ ਬੰਦ ਕਰਵਾਇਆ ਅਤੇ ਪਾਪ ਤੋਂ ਬਚਣ ਦਾ ਸੰਦੇਸ਼ ਦਿੱਤਾ।

ਇਸ ਅਸਥਾਨ ਦੇ ਨਜ਼ਦੀਕ ਇਕ ਛੱਪੜੀ ਹੋਇਆ ਕਰਦੀ ਸੀ। ਅੱਜ ਇਸ ਥਾਂ 'ਤੇ ਇਕ ਪਵਿੱਤਰ ਸਰੋਵਰ ਹੈ, ਜਿਸ ਦੀ ਸਥਾਪਨਾ ਸੰਤ ਬਾਬਾ ਫਤਹਿ ਸਿੰਘ ਅਤੇ ਸੰਤ ਬਾਬਾ ਚੰਨਣ ਸਿੰਘ ਜੀ ਨੇ ਆਪਣੇ ਸਮੇਂ ਦੌਰਾਨ ਕਰਵਾਈ ਸੀ। ਪਰ ਇਸ ਨੂੰ ਹੁਣ ਉਚਾ ਕਰਕੇ ਬਣਾ ਦਿੱਤਾ ਗਿਆ ਹੈ। ਇਸ ਸੰਬੰਧੀ ਮੰਨਿਆ ਜਾਂਦਾ ਹੈ ਕਿ ਗੁਰੂ ਪਾਤਸ਼ਾਹ ਜੀ ਦੇ ਮੁਖਾਰ ਬਿੰਦ ਵਿੱਚੋਂ ਬਚਨ ਹੋਇਆ ਸੀ ਕਿ ਜੋ ਵੀ ਮਾਈ-ਭਾਈ ਗੁਰੂ ਪਾਤਸ਼ਾਹ ਦੇ ਨਾਮ ਦੀ ਦਾਤ ਲੈ ਕੇ ਸਰਧਾ-ਭਾਵਨਾ ਇਸ ਸਰੋਵਰ ਵਿੱਚ ਇਸ਼ਨਾਨ ਕਰੇਗਾ, ਗੁਰ ਮੰਤਰ ਵਾਹਿਗੁਰੂ ਜੱਪੇਗਾ, ਗੁਰਬਾਣੀ ਪੜੇਗਾ ਅਤੇ ਵਿਚਾਰੇਗਾ ਤਾਂ ਉਸ ਦੇ ਸਾਰੇ ਦੁੱਖ-ਦਰਦ ਪਰਮਾਤਮਾ ਆਪ ਨਿਵਾਰਨ ਕਰੇਗਾ। ਧੀਆਂ-ਪੁੱਤਾ ਦੀਆ ਦਾਤਾ ਅਤੇ ਮਨ ਇੱਛਾਵਾ ਪੂਰੀਆਂ ਹੋਣਗੀਆਂ। ਸੋਕੜੇ ਬੱਚੇ ਹਰੇ ਹੋਣਗੇ। ਇਸ ਸਭ ਕੁੱਝ ਦੀ ਗਵਾਹੀ ਆਪ ਇਹ ਅਸਥਾਨ ਭਰਦਾ ਹੈ। ਜਿਸ ਦਿਨ ਗੁਰੂ ਜੀ ਨੇ ਇਸ ਥਾਂ ਨੂੰ ਭਾਗ ਲਾਏ ਸਨ, ਉਸੇ ਨੂੰ ਮਨਾਉਦੇ ਹੋਏ ਇੱਥੇ ਹਰ ਸਾਲ 14 ਚੇਤ ਨੂੰ ਸਲਾਨਾ ਜੋੜ ਮੇਲਾ ਲਗਦਾ ਹੈ ਜੋ ਕਿ ਵਿਸ਼ਾਲ ਨਗਰ ਕੀਰਤਨ ਤੋਂ ਇਲਾਵਾ ਤਿੰਨ ਦਿਨ ਤਕ ਭਾਰੀ ਇਕੱਠ ਦੌਰਾਨ ਗੁਰਮਤਿ ਦੀਵਾਨ ਸਜ਼ਦੇ ਹਨ। ਜਿੱਥੇ ਉੱਘੇ ਰਾਗੀ ਢਾਡੀ, ਕੀਰਤਨੀਏ ਅਤੇ ਪ੍ਰਚਾਰਕ ਪਹੁੰਚਦੇ ਹਨ। ਇਸ ਤੋਂ ਇਲਾਵਾ ਰਾਜਨੀਤਿਕ ਆਗੂ ਵੀ ਆਪਣੀਆਂ ਹਾਜ਼ਰੀਆ ਭਰਦੇ ਹਨ।

ਮੇਲੇ ਦੇ ਆਖਰੀ ਦਿਨ ਭਾਰੀ ਕੁਸ਼ਤੀਆਂ ਦੇ ਮੁਕਾਬਲੇ ਅਤੇ ਹੋਰ ਖੇਡਾ ਕਰਵਾਈਆਂ ਜਾਦੀਆਂ ਹਨ ਅਤੇ ਦਿਲਕਸ਼ ਇਨਾਮ ਦਿੱਤੇ ਜਾਂਦੇ ਹਨ। ਇਸ ਸਾਲ ਇਹ ਮੇਲਾ 26, 27 ਅਤੇ 28 ਮਾਰਚ ਨੂੰ ਲੱਗ ਰਿਹਾ ਹੈ। ਮੇਲੇ ਦੇ ਆਖਰੀ ਦਿਨ ਹਮੇਸ਼ਾ ਵਾਂਗ ਖੇਡਾਂ ਅਤੇ ਕੁਸ਼ਤੀਆਂ ਵੀ ਹੋਣਗੀਆਂ। ਇਸ ਤੋਂ ਇਲਾਵਾ ਹਰ ਮਹੀਨੇ ਮੱਸਿਆ ਦਾ ਦਿਹਾੜਾ ਮਨਾਇਆ ਜਾਂਦਾ ਹੈ ਅਤੇ ਅੰਮ੍ਰਿਤ ਸੰਚਾਰ ਕੀਤਾ ਜਾਂਦਾ ਹੈ। ਸੰਗਤਾਂ ਦੂਰ-ਦੁਰਾਡੇ ਦੇਸ਼ ਪ੍ਰਦੇਸ਼ ਤੋਂ ਹਾਜ਼ਰੀਆਂ ਭਰਨ ਲਈ ਆਉਦੀਆਂ ਹਨ।

ਇਸ ਪਿੰਡ ਧਾਲੀਆਂ ਦੀ ਸਭ ਤੋਂ ਮਾਣ ਵਾਲੀ ਗੱਲ ਇਹ ਹੈ ਕਿ ਸਮੂੰਹ ਭਾਈਚਾਰੇ ਅਤੇ ਬਰਾਦਰੀਆਂ ਦਾ ਇਹ ਇਕ ਹੀ ਸਾਂਝਾ ਅਸਥਾਨ ਹੈ। ਜੋ ਰਲ-ਮਿਲਕੇ ਚਲਣ ਅਤੇ ਭਾਈਚਾਰਕ ਏਕਤਾ ਦੀ ਮਿਸਾਲ ਹੈ।

# ਗੁਰਮਤਿ ਬਨਾਮ ਸੀਨਾ ਬਸੀਨਾ



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com

ਗੁਰ ਇਤਿਹਾਸ ਵਿੱਚ ਬਹੁਤ ਸਾਰੀਆਂ ਕਥਾ-ਕਹਾਣੀਆਂ ਅਜਿਹੀਆਂ ਮਿਲਦੀਆਂ ਹਨ, ਜਿਨ੍ਹਾਂ ਦੀ ਪੜਚੋਲ ਕਰੀਏ ਤਾਂ ਉਹ ਕਿਸੇ ਪਰਖ ਕਸਵੱਟੀ ਤੇ ਪੂਰੀਆਂ ਨਹੀਂ ਢੁੱਕਦੀਆਂ। ਲਿਖਤੀ ਸੋਮਿਆਂ ਤੋਂ ਬਿਨਾ ਬਹੁਤ ਕੁਝ ਅਜੇਹਾ ਵੀ ਸੁਣਨ ਨੂੰ ਮਿਲਦਾ ਹੈ ਜਿਸ ਦਾ ਸੋਮਾ ਸੀਨਾ-ਬਸੀਨਾ ਦੱਸਿਆ ਜਾਂਦਾ ਹੈ। ਅਣਗਿਣਤ ਕਥਾਂ-ਕਹਾਣੀਆਂ ਅਜੇਹੀਆਂ ਹਨ ਜੋ ਕੁਦਰਤ ਦੇ ਨਿਯਮਾਂ ਮੁਤਾਬਕ ਰੱਦ ਹੋ ਜਾਂਦੀਆਂ ਹਨ। ਪਰ ਦੂਜੇ ਪਾਸੇ ਇਕ ਧਿਰ ਅਜੇਹੀ ਵੀ ਹੈ ਜਿਸ ਮੁਤਾਬਕ ਧਰਮ ਚਲਦਾ ਹੀ ਸੀਨਾ-ਬਸੀਨਾ ਮਰਯਾਦਾ ਦੇ ਆਸਰੇ ਹੈ। ਉਨ੍ਹਾਂ ਮੁਤਾਬਕ ਧਰਮ ਵਿੱਚ ਤਰਕ-ਦਲੀਲ ਦੀ ਗੱਲ ਕਰਨੀ ਗੁਨਾਹ ਸਮਝਿਆ ਜਾਂਦਾ ਹੈ। ਹੈਰਾਨੀ ਹੁੰਦੀ ਹੈ ਜਦੋਂ ਅਸੀਂ ਗੁਰ ਇਤਿਹਾਸ ਪੜ੍ਹਦੇ ਹਾਂ। ਸਾਡੇ ਧਰਮ ਦਾ ਤਾਂ ਆਰੰਭ ਹੀ ਦਲੀਲ ਤੋਂ ਹੋਇਆ ਸੀ। ਕੀ ਸਿੱਖਿਆ ਮਿਲਦੀ ਹੈ ਜਨੇਊ ਵਾਲੀ ਸਾਖੀ ਤੋਂ? ਗੁਰੂ ਨਾਨਕ ਜੀ ਨੇ ਸਵਾਲ ਕਰਨਾ ਸਿਖਾਇਆ ਸੀ, ਗੁਰੂ ਗੋਬਿੰਦ ਸਿੰਘ ਜੀ ਨੇ ਇਮਤਿਹਾਨ ਲਿਆ ਸੀ। ਸਿੱਖ ਪਾਸ ਹੋਏ ਸਨ। ਪੜ੍ਹੋ ਦਾਦੂ ਦੀ ਕਬਰ ਵਾਲੀ ਸਾਖੀ। ਭੋਰਿਆਂ ਵਿੱਚ ਬੈਠ ਕੇ ਜਪ-ਤਪ ਕਰਨਾ, ਇਹ ਗੁਰਬਾਣੀ ਦਾ ਸਿਧਾਂਤ ਨਹੀਂ ਹੈ। ਗੁਰਮਤਿ ਤਾਂ ਅਜਿਹੇ ਕਰਮ ਕਾਂਡ ਦਾ ਖੰਡਨ ਕਰਦੀ ਹੈ। ਗੁਰੂ ਨਾਨਕ ਸਾਹਿਬ ਨੇ ਤਾਂ ਪਹਾੜਾਂ ਦੀਆਂ ਕੰਦਰਾਂ ਵਿੱਚ ਛੁਪ ਬੈਠਿਆਂ ਨੂੰ, ਸਮਾਜ ਵਿੱਚ ਵਿਚਰਨ ਦਾ ਉਪਦੇਸ਼ ਦਿੱਤਾ ਸੀ। ਗੁਰਬਾਣੀ ਦਾ ਸਿਧਾਂਤ ਤਾਂ "ਅੰਜਨ ਮਾਹਿ ਨਿਰੰਜਨਿ ਰਹੀਐ" ਦਾ ਹੈ। ਇਥੇ ਤਾਂ ਕਿਰਤ ਪ੍ਰਧਾਨ ਹੈ।

ਪਿਛਲੇ ਲੰਮੇ ਸਮੇਂ ਤੋਂ ਸਾਨੂੰ ਜੋ ਸੁਣਾਇਆ ਗਿਆ ਹੈ, ਉਸ ਦਾ ਵਸੀਲਾ ਹੈ ਕਵੀ ਸੰਤੋਖ ਸਿੰਘ ਅਤੇ ਗਿਆਨੀ ਗਿਆਨ ਸਿੰਘ। ਪੀੜੀ ਦਰ ਪੀੜੀ, ਉਹੀ ਕਥਾ ਕਹਾਣੀਆਂ ਸੁਣ-ਸੁਣ ਕੇ, ਅਸੀਂ ਉਨ੍ਹਾਂ ਨੂੰ ਸੱਚ ਮੰਨ ਬੈਠੇ ਹਾਂ। ਸਾਡੀ ਤ੍ਰਾਸਦੀ ਹੈ ਕਿ ਗੁਰੂ ਸਾਹਿਬਾਨ ਨਾਲ ਜੋੜੀਆਂ ਗਈਆਂ ਸਾਖੀਆਂ ਨੂੰ, ਗੁਰਬਾਣੀ ਅਤੇ ਇਤਿਹਾਸ ਦੇ ਨਜ਼ਰੀਏ ਤੋਂ ਪਰਖਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਹੁਣ ਜਦੋਂ ਵਿੱਦਿਆ ਦਾ ਪਸਾਰ ਹੋਇਆ ਹੈ ਅਤੇ ਵਸੀਲੇ ਵਿਸ਼ਾਲ ਹੋਏ ਹਨ ਤਾਂ ਇਤਿਹਾਸ ਦੀਆਂ ਕਈ ਪਰਤਾਂ ਖੁਲ ਰਹੀਆਂ ਹਨ। ਪੁਰਾਤਨ ਜਾਣਕਾਰੀ, ਉਹ ਭਾਂਵੇਂ ਲਿਖਤੀ ਹੋਵੇ ਜਾਂ ਸੀਨਾ-ਬਸੀਨਾ, ਜਦੋਂ ਉਸ ਤੇ ਸਵਾਲ ਉਠਦਾ ਹੈ ਤਾਂ ਕਈਆਂ ਸੱਜਣਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜਣੀ ਸੁਭਾਵਕ ਹੈ। ਚਾਹੀਦਾ ਤਾਂ ਇਹ ਹੈ ਕਿ ਜਦੋਂ ਵੀ ਕੋਈ ਸੱਜਣ, ਅਜੇਹੀ ਗੱਲ ਕਰਦਾ ਹੈ ਜੋ ਅਸੀਂ ਪਹਿਲਾਂ ਨਹੀਂ ਸੁਣੀ ਹੁੰਦੀ, ਉਸ ਨਾਲ ਸੁਖਾਵੇਂ ਮਾਹੌਲ ਵਿੱਚ ਸੰਵਾਦ ਕੀਤਾ ਜਾਵੇ। ਉਸ ਦੇ ਵਸੀਲਿਆਂ ਦੀ ਨਿਰਪੱਖਤਾ ਨਾਲ ਪੜਤਾਲ ਕੀਤੀ ਜਾਵੇ ਅਤੇ ਜੇ ਉਹ ਸਹੀ ਹੋਣ ਤਾਂ ਸੀਨਾ-ਬਸੀਨਾ ਚਲੀ ਆ ਰਹੀ ਮਰਯਾਦਾ ਨੂੰ ਸਮੇਂ ਦਾ ਹਾਣੀ ਬਣਾ ਲਿਆ ਜਾਵੇ। ਪਰ ਸਾਡੇ ਵਿੱਚ ਤਾਂ ਇਸ ਤੋਂ ਬਿਲਕੁਲ ਉਲਟ, ਛਬੀਲਾਂ ਲਾਉਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।

ਪਿਛਲੇ ਕਈ ਦਿਨਾਂ ਤੋਂ, ਸੰਤ ਤੋਂ ਭਾਈ ਬਣੇ, ਭਾਈ ਰਣਜੀਤ ਸਿੰਘ ਦੀ ਇਕ ਵੀ ਡੀ ਓ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਜਿਸ ਵਿੱਚ ਉਹ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦੀ ਇਕ ਘਟਨਾ, ਭੋਰੇ ਵਾਲੀ ਸਾਖੀ ਦਾ ਖੰਡਨ ਕਰਦੇ ਹਨ। ਪ੍ਰਚੱਲਤ ਸਾਖੀ ਮੁਤਾਬਕ ਗੁਰਗੱਦੀ ਦੀ ਜਿੰਮੇਵਾਰੀ ਨੂੰ ਸੰਭਾਲਣ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਨੇ ਬਕਾਲੇ 26 ਸਾਲ 9 ਮਹੀਨੇ 13 ਦਿਨ, ਭੋਰੇ ਵਿਚ ਬੈਠ ਕੇ ਤਪ ਕੀਤਾ ਸੀ। ਬਾਬਾ ਤੇਗ ਬਹਾਦਰ ਜੀ ਦਾ ਵੀ, ਜੇ ਭਾਈ ਲਹਿਣੇ ਦੀ ਤਰ੍ਹਾਂ ਗੁਰੂ ਘਰ ਨਾਲ ਕੋਈ ਸਬੰਧ ਨਾ ਹੁੰਦਾ ਤਾਂ ਕਿਸੇ ਨੂੰ ਵੀ ਇਸ ਸਾਖੀ ਤੇ ਕੋਈ ਇਤਰਾਜ਼ ਨਹੀਂ ਸੀ ਹੋਣਾ। ਭੋਰੇ ਵਾਲੀ ਸਾਖੀ ਘੜਨ ਵਾਲਾ, ਕੀ ਇਹ ਨਹੀ ਕਹਿ ਰਿਹਾ ਕਿ ਗੁਰੂ ਤੇਗ ਬਹਾਦਰ ਜੀ ਗੁਰਬਾਣੀ ਦੇ ਸਿਧਾਂਤ, ਨਾਮ ਕੀ ਹੈ ਅਤੇ ਕਿਵੇਂ ਜਪਣਾ ਹੈ, ਉਸ ਤੋਂ ਅਣਜਾਣ ਸਨ? ਇਹ ਕਿਵੇਂ ਮੰਨਿਆ ਜਾ ਸਕਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੂੰ ਬਾਣੀ ਦੇ ਇਨ੍ਹਾਂ ਸ਼ਬਦਾਂ ਦੀ ਜਾਣਕਾਰੀ ਨਹੀਂ ਹੋਵੇਗੀ?

ਮਨੁ ਰਾਮ ਨਾਮਾਬੇਧਿਅਲੇ ॥ ਜੈਸੇ ਕਨਿਕ ਕਲਾ ਚਿਤੁਮਾਂਡੀਅਲੇ ॥(ਪੰਨਾ 972)

ਨਾਮਾਕਹੈਤਿਲੋਚਨਾ ਮੁਖ ਤੇ ਰਾਮੁਸੰਮਾਲਿ ॥
ਹਾਥ ਪਾਉ ਕਰਿਕਾਮੁਸਭੁ ਚੀਤੁ ਨਿਰੰਜਨ ਨਾਲਿ॥
(ਪੰਨਾ 1375)

ਨਹੀ ! ਅਜਿਹਾ ਤਾਂ ਸੋਚਿਆ ਵੀ ਨਹੀਂ ਜਾ ਸਕਦਾ। ਗੁਰੂ ਤੇਗ ਬਹਾਦਰ ਜੀ ਤਾਂ ਗੁਰੂ ਹਰਗੋਬਿੰਦ ਜੀ ਦੇ ਸਪੁੱਤਰ ਸਨ। ਉਹ ਤਾਂ ਗੁਰੂ ਨਾਨਕ ਦੇ ਸਿਧਾਂਤ ਦੇ ਪ੍ਰਚਾਰਕ ਸਨ। ਇਸ ਲਈ ਇਸ ਸਾਖੀ ਨੂੰ ਰੱਦ ਕਰਨਾ ਹੀ ਬਣਦਾ ਹੈ।

ਗੁਰੂ ਤੇਗ ਬਹਾਦਰ ਜੀ ਦਾ ਜਨਮ 5 ਵੈਸਾਖ, ਵੈਸਾਖ ਵਦੀ ਪੰਜਵੀਂ ਸੰਮਤ 1678 ਬਿਕ੍ਰਮੀ ਮੁਤਾਬਕ 1 ਅਪ੍ਰੈਲ 1621 ਈ: ਜੂਲੀਅਨ ਦਿਨ ਐਤਵਾਰ ਨੂੰ ਹੋਇਆ ਸੀ। ਗੁਰਗੱਦੀ ਦੀ ਜਿੰਮੇਵਾਰੀ ਆਪ ਜੀ ਨੂੰ 3 ਵੈਸਾਖ, ਚੇਤ ਸੁਦੀ 14 ਸੰਮਤ 1721 ਬਿਕ੍ਰਮੀ (30 ਮਾਰਚ 1664 ਈ: ਜੂਲੀਅਨ) ਨੂੰ ਸੌਂਪੀ ਗਈ ਸੀ। ਪ੍ਰਚੱਲਤ ਸਾਖੀ ਮੁਤਾਬਕ ਭਾਈ ਮੱਖਣ ਸ਼ਾਹ ਲੁਬਾਣਾ ਨੇ ਭੋਰੇ ਵਿਚ ਬੈਠ ਕੇ ਤਪ ਕਰ ਰਹੇ ਗੁਰੂ ਜੀ ਨੂੰ ਪ੍ਰਗਟ ਕੀਤਾ ਸੀ। ਉਨ੍ਹਾਂ ਦਿਨਾਂ ਵਿੱਚ ਹੀ ਰੱਖੜੀਆਂ ਦਾ ਤਿਉਹਾਰ ਸੀ ਜੋ ਸਾਵਣ ਦੀ ਪੂੰਨਿਆ ਨੂੰ ਆਉਂਦਾ ਹੈ। ਉਸ ਸਾਲ ਰੱਖੜੀ ਦਾ ਇਹ ਦਿਨ ਸਾਵਣ ਸੁਦੀ 15 ਸੰਮਤ 1721 ਬਿਕ੍ਰਮੀ ਮੁਤਾਬਕ 27 ਜੁਲਾਈ 1664 ਈ: ਜੂਲੀਅਨ ਦਿਨ ਬੁਧਵਾਰ ਬਣਦਾ ਹੈ। ਇਸ ਸਾਖੀ ਨੂੰ ਸਹੀ ਮੰਨੀਏ ਤਾਂ ਗੁਰੂ ਜੀ ਦੇ ਭੋਰੇ ਵਿਚ ਦਾਖਲ ਹੋਣ ਦੀ ਤਾਰੀਖ 15 ਭਾਦੋਂ ਸੰਮਤ 1694 ਬਿਕ੍ਰਮੀ (15 ਅਗਸਤ 1637 ਈ:) ਬਣਦੀ ਹੈ। ਦੂਜੇ ਪਾਸੇ ਗੁਰੂ ਹਰਿ ਗੋਬਿੰਦ ਸਾਹਿਬ ਜੀ 6 ਚੇਤ, ਚੇਤ ਸੁਦੀ 5 ਸੰਮਤ 1701 ਬਿਕ੍ਰਮੀ ਮੁਤਾਬਕ 3 ਮਾਰਚ 1644 ਈ: (ਜੂਲੀਅਨ) ਨੂੰ ਜੋਤੀ ਜੋਤ ਸਮਾਏ ਸਨ। ਇਸ ਤੋਂ ਸਪੱਸ਼ਟ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਗੁਰੂ ਹਰਿ ਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਤੋਂ ਲੱਗ ਭੱਗ 6 ਸਾਲ ਪਹਿਲਾਂ ਹੀ ਭੋਰੇ ਅੰਦਰ ਤਪ ਕਰਨਾ ਆਰੰਭ ਕਰ ਦਿੱਤਾ ਸੀ। ਕੀ ਅਜੇਹਾ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਮਨਜ਼ੂਰ ਹੋਵੇਗਾ? ਭੱਟ ਵਹੀ ਮੁਤਾਬਕ (ਸਾਖੀ 20) ਮੱਖਣ ਸ਼ਾਹ ਲੁਬਾਣਾ ਦਿਵਾਲੀ ਨੂੰ ਬਕਾਲੇ ਆਇਆ ਸੀ। "ਮੱਖਨ ਸ਼ਾਹ ਬੇਟਾ ਦਾਸੇ ਸ਼ਾਹ ਕਾ ਪੋਤਾ ਅਰਥੇ ਕਾ ਪੜਪੋਤਾ ਬਿੰਨੇ ਕਾ ਬੰਸ ਬਿਹੜ੍ਹ ਸ਼ਾਹ ਕੀ। ...ਸਾਲ ਸਤਾਰਾਂ ਸੈ ਇਕੀਸ ਦਿਵਾਲੀ ਤੇ ਸ਼ਨੀਵਾਰ ਕੇ ਦਿਹੁੰ ਬਕਾਲੇ ਨਗਰ ਆਇਆ..."। (ਪੰਨਾ 67) ਉਸ ਸਾਲ ਦਿਵਾਲੀ 9 ਕੱਤਕ ਸੰਮਤ 1721 ਬਿਕ੍ਰਮੀ (9 ਅਕਤੂਬਰ 1664 ਈ: ਜੂਲੀਅਨ) ਨੂੰ ਆਈ ਸੀ।

ਪਿਆਰਾ ਸਿੰਘ ਪਦਮ ਦੀ ਇਕ ਲਿਖਤ, "ਤੇਗ ਬਹਾਦਰ ਸਿਮਰੀਐ" ਜੋ ਪਹਿਲੀ ਵਾਰ 1975 ਈ: ਵਿਚ ਛਪੀ ਸੀ। ਉਸ ਕਿਤਾਬ ਦੇ ਤਤਕਰੇ ਵਿਚ ਦਰਜ ਅਧਿਆਇ ਨੰਬਰ 4 ਦਾ ਸਿਰਲੇਖ ਹੈ, "ਗੁਰੂ ਤੇਗ ਬਹਾਦਰ ਜੀ ਦੀ ਕਹਾਣੀ ਭੱਟਾਂ ਦੀ ਜ਼ਬਾਨੀ"। ਇਸ ਅਧਿਆਇ ਵਿੱਚ ਵਿਦਵਾਨ ਲੇਖਕ ਨੇ ਇਤਹਾਸ ਦੇ ਪੁਰਾਤਨ ਵਸੀਲੇ, ਭੱਟ ਵਹੀਆਂ ਦੀ ਪੜਤਾਲ ਕਰਕੇ, ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨਾਲ ਸਬੰਧਿਤ ਤਾਰੀਖ਼ਾਂ ਦਰਜ ਕੀਤੀਆਂ ਹਨ।

"ਗੁਰੂ ਤੇਗ ਬਹਾਦਰ ਜੀ, ਬੇਟਾ ਗੁਰੂ ਹਰਿ ਗੋਬਿੰਦ ਮਹਲ ਛਟੇ ਕਾ, ਸੰਮਤ ਸਤ੍ਰਾਂ ਸੈ ਤੇਰਾਂ ਅਸਾਢ ਪ੍ਰਵਿਸ਼ਟੇ ਗਿਆਰਸ ਕੋ, ਕੀਰਤਪੁਰ ਪਰਗਣਾ ਕਹਿਲੂਰ ਸੇ ਤੀਰਥ ਜਾਤ੍ਰਾ ਜਾਨੇ ਕੀ ਤਿਆਰੀ ਕੀ..."। (ਭੱਟ ਵਹੀ ਪੂਰਬੀ ਦੱਖਣੀ, ਪੰਨਾ 55) ਇਸ ਸਾਖੀ ਵਿੱਚ ਦਰਜ ਤਾਰੀਖ ਸੰਮਤ "ਸਤ੍ਰਾਂ ਸੈ ਤੇਰਾਂ ਅਸਾਢ ਪ੍ਰਵਿਸ਼ਟੇ ਗਿਆਰਸ ਕੋ" ਮੁਤਾਬਕ 8 ਜੂਨ 1656 ਈ: ਨੂੰ ਗੁਰੂ ਜੀ ਕੀਰਤਪੁਰ ਸਨ ਨਾ ਕਿ ਬਕਾਲੇ ਭੋਰੇ ਵਿੱਚ।

"ਗੁਰੂ ਤੇਗ ਬਹਾਦਰ ਜੀ, ਬੇਟਾ ਗੁਰੂ ਹਰਿ ਗੋਬਿੰਦ ਜੀ ਮਹਲ ਛਟੇ ਕਾ ਬਨਾਰਸ ਆਏ। ਸੰਮਤ ਸਤ੍ਰਾਂ ਸੈ ਅਠਾਰਾਂ ਅਸ਼ਾਢ ਸੁਦੀ ਪੰਚਮੀ ਕੋ, ਗੈਲੋਂ ਨਾਨਕੀ ਜੀ ਆਈ ਮਾਤਾ ਗੁਰੂ ਤੇਗ ਬਹਾਦਰ ਜੀ ਕੀ..."। (ਭੱਟ ਵਹੀ ਪੂਰਬੀ ਦੱਖਣੀ, ਪੰਨਾ 56) ਇਸ ਸਾਖੀ ਵਿੱਚ ਦਰਜ ਤਾਰੀਖ "ਸੰਮਤ ਸਤ੍ਰਾਂ ਸੈ ਅਠਾਰਾਂ ਅਸ਼ਾਢ ਸੁਦੀ ਪੰਚਮੀ" ਮੁਤਾਬਕ 21 ਜੂਨ 1661 ਈ: ਨੂੰ ਗੁਰੂ ਜੀ ਬਨਾਰਸ ਸਨ ਨਾ ਕਿ ਬਕਾਲੇ।

ਪਿਆਰਾ ਸਿੰਘ ਪਦਮ ਦੀ ਹੀ ਇਕ ਹੋਰ ਕਿਰਤ ਹੈ, "ਗੁਰੂ ਕੀਆਂ ਸਾਖੀਆਂ"। ਇਸ ਦੀ ਭੂਮਿਕਾ ਵਿੱਚ ਪਦਮ ਲਿਖਦਾ ਹੈ, "ਅਸੀਂ ਗੁਰੂਆਂ ਬਾਰੇ ਸਮੱਗਰੀ ਲੱਭਣ ਵਿੱਚ ਰੁਚੀ ਰੱਖਦੇ ਹਾਂ।

ਜੋ ਕੁਝ ਭੱਟ ਵਹੀਆਂ ਵਿੱਚ ਲਿਖਿਆ ਮਿਲਦਾ ਹੈ, ਲੱਗ ਭੱਗ ਉਸੇ ਤਰ੍ਹਾਂ ਦੀ ਜਾਣਕਾਰੀ ਕਿਤੇ-ਕਿਤੇ ਪੰਡਾ ਵਹੀਆਂ ਵਿੱਚ ਅੰਕਿਤ ਲੱਭਦੀ ਹੈ।

ਇਸ ਤੋਂ ਉਸ ਘਟਨਾ ਦੀ ਪੁਸ਼ਟੀ ਹੁੰਦੀ ਹੈ। ਤੇ ਕਈ ਵਾਰ ਕੁਝ ਹੋਰ ਗੱਲਾਂ ਦਾ ਵੀ ਪਤਾ ਲੱਗਦਾ ਹੈ। ਭਾਵੇਂ ਅਜੇ ਤੱਕ ਵਿਗਿਆਨਕ ਢੰਗ ਨਾਲ ਇਨ੍ਹਾਂ ਸਾਰੀਆਂ ਵਹੀਆਂ ਦੀ ਘੋਖ-ਪੜਤਾਲ ਨਹੀਂ ਹੋਈ ਪਰ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਭੰਡਾਰਾ ਬਹੁਤ ਅਮੋਲਕ ਹੈ। ਤੇ ਇਨ੍ਹਾਂ ਦਾ ਇਕ ਦੂਜੇ ਨਾਲ ਮਿਲਾਨ ਕਰ ਕੇ ਛੁਪੀ ਅਸਲੀਅਤ ਲੱਭੀ ਜਾ ਸਕਦੀ ਹੈ। ਮਿਸਾਲ ਲਈ ਬਾਬਾ ਤੇਗ ਬਹਾਦਰ ਦੇ ਹਾੜ 1713 ਬਿ: ਵਿੱਚ ਤੀਰਥ ਯਾਤਰਾ 'ਤੇ ਜਾਣ ਬਾਰੇ ਭੱਟ ਵਹੀ ਵਿੱਚ ਬੜੀ ਕੀਮਤੀ ਟੂਕ ਮਿਲਦੀ ਹੈ ਕਿ ਉਹ ਕਦੋਂ ਗਏ ਤੇ ਉਨ੍ਹਾਂ ਦੇ ਨਾਲ ਕੌਣ-ਕੌਣ ਸੀ। ਹਾਲਾਂ ਕਿ ਸਾਡੀਆਂ ਪ੍ਰਚੱਲਤ ਇਤਿਹਾਸਿਕ ਪੁਸਤਕਾਂ ਇਸ ਬਾਰੇ ਬਿਲਕੁਲ ਚੁੱਪ ਹਨ। ਤੇ ਉਹ ਇਹੋ ਕਹੀ ਜਾਂਦੀਆਂ ਹਨ ਕਿ ਉਹ 20 ਸਾਲ ਬਕਾਲੇ ਤਪ ਕਰਦੇ ਰਹੇ ਲੇਕਿਨ ਵਹੀਆਂ ਦੇ ਨੋਟ ਦੱਸਦੇ ਹਨ ਕਿ ਉਹ ਲੰਮੀ ਯਾਤਰਾ 'ਤੇ ਗਏ ਸਨ"। (ਪੰਨਾ 14)

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਵੈਬ ਸਾਈਟ 'ਤੇ ਦਰਜ ਗੁਰੂ ਤੇਗ ਬਹਾਦਰ ਜੀ ਦੇ ਸੰਖੇਪ ਇਤਿਹਾਸ ਵਿੱਚ ਵੀ ਇਸ ਸਾਖੀ ਦਾ ਖੰਡਨ ਕੀਤਾ ਹੋਇਆ ਹੈ, "It is totally wrong conception (as some historian point out) that Guru Sahib got constructed a solitary cell in his house where he often used to meditate God". (sgpc.net)

ਗੁਰ ਇਤਿਹਾਸ ਮੁਤਾਬਕ ਗੁਰੂ ਹਰਿ ਗੋਬਿੰਦ ਸਾਹਿਬ ਜੀ ਵੱਲੋਂ ਗੁਰਗੱਦੀ ਦੀ ਜਿੰਮੇਵਾਰੀ, ਗੁਰੂ ਹਰਿ ਰਾਏ ਜੀ ਨੂੰ 1 ਚੇਤ, ਚੇਤ ਵਦੀ 15 ਸੰਮਤ 1700 ਬਿਕ੍ਰਮੀ (27 ਫਰਵਰੀ 1644 ਈ: ਜੂਲੀਅਨ) ਦੇਣ ਅਤੇ ਗੁਰੂ ਤੇਗ ਬਹਾਦਰ ਜੀ ਨੂੰ ਗੁਰਗੱਦੀ ਦੀ ਜਿੰਮੇਵਾਰੀ ਮਿਲਣ, ਭਾਵ 3 ਵੈਸਾਖ ਸੰਮਤ 1721 ਬਿਕ੍ਰਮੀ (30 ਮਾਰਚ 1664 ਈ ਜੂਲੀਅਨ) ਤੱਕ ਦੇ ਲੱਗ-ਭੱਗ ਦੋ ਦਹਾਕਿਆਂ ਦੇ ਸਮੇਂ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦੀਆਂ ਘਟਨਾਵਾਂ ਦਾ ਕੋਈ ਖਾਸ ਜਿਕਰ ਨਹੀ ਮਿਲਦਾ। ਗੁਰਗੱਦੀ ਤੇ ਬਿਰਾਜਣ ਤੋਂ ਪਿਛੋਂ, ਲੇਖਕਾਂ ਨੇ ਪੜਤਾਲ ਕਰਕੇ ਸਹੀ ਘਟਨਾਵਾਂ ਦਾ ਪਤਾ ਲਾਉਣ ਦੀ ਬਿਜਾਏ, 26 ਸਾਲ 9 ਮਹੀਨੇ 13 ਦਿਨ ਦੀ ਕਹਾਣੀ ਘੜ ਕੇ ਇਤਿਹਾਸ ਨੂੰ ਮੁਕੰਮਲ ਕਰ ਦਿੱਤਾ।

ਅੱਗੋਂ ਚਲ ਸੋ ਚਲ! ਹੁਣ ਜਦੋਂ ਭੱਟ ਵਹੀਆਂ ਸਾਹਮਣੇ ਆਈਆਂ ਹਨ ਤਾਂ ਭੋਰੇ ਵਾਲੀ ਸਾਖੀ ਰੱਦ ਵੀ ਹੋ ਗਈ ਹੈ। ਅਜੇ ਵੀ ਜਿਹੜੇ ਸੱਜਣ ਗੁਰੂ ਸਾਹਿਬ ਨੂੰ, ਸੀਨਾ-ਬਸੀਨਾ ਸਾਖੀ ਦੇ ਆਸਰੇ 26 ਸਾਲ 9 ਮਹੀਨੇ 13 ਦਿਨ ਭੋਰੇ ਵਿੱਚ ਬੰਦ ਰੱਖਣਾ ਚਾਹੁੰਦੇ ਹਨ, ਕੀ ਉਹ ਇਹ ਸਾਬਿਤ ਕਰਨਾ ਚਾਹੁੰਦੇ ਹਨ ਕਿ ਗੁਰੂ ਤੇਗ ਬਹਾਦਰ ਜੀ ਨੂੰ ਗੁਰਬਾਣੀ ਦੇ ਸਿਧਾਂਤ ਤੋਂ ਅਣਜਾਣ ਸਨ? ਉਹ ਭਲਿਓ! ਅਕਲ ਨੂੰ ਹੱਥ ਮਾਰੋ।

# ਸਹਿਜ ਨਹੀ ਹੁੰਦਾ ਬੱਚੀਆਂ ਲਈ ਵਿਆਹ ਸਮੇਂ ਲਾਵਾਂ, ਫੇਰੇ ਲੈਣਾ

ਇਸਤਰੀ ਜਾਤੀ ਅਬਾਦੀ ਪੱਖੋਂ ਸਾਰੀ ਦੁਨੀਆਂ ਦੀ ਅਬਾਦੀ ਦਾ ਅੱਧਾ ਹਿੱਸਾ ਹੈ। ਮੇਰੀ ਜਾਚੇ ਇਸਤਰੀ ਦਾ ਮਹੱਤਵ ਪੁਰਸ਼ ਤੋਂ ਜ਼ਿਆਦਾ ਹੈ। ਇਸਤਰੀ ਜਨਨੀ ਹੈ, ਮਾਂ ਹੈ ,ਭੈਣ ਹੈ , ਪੁਤਰੀ ਹੈ, ਪਤਨੀ ਹੈ । ਰਿਸ਼ਤਿਆਂ ਨੂੰ ਇਸਤਰੀ ਪੈਦਾ ਹੀ ਨਹੀਂ ਕਰਦੀ ਬਲਕਿ ਨਿਭਾਉਂਦੀ ਵੀ ਹੈ। ਇਸਤਰੀ ਸੁਭਾਅ ਤੋਂ ਨਰਮ, ਕੋਮਲ ਚਿੱਤ, ਤਰਸ ਕਰਨ ਵਾਲੀ, ਰਹਿਮ ਦਿਲ, ਸੰਗਾਊ, ਸ਼ਰਮੀਲੀ, ਸ਼ਰਮ ਹਯਾ ਰੱਖਣ ਵਾਲੀ ਹੁੰਦੀ ਹੈ। ਇਸ ਦੇ ਉਲਟ ਮਰਦ ਸਦਾ ਹੀ ਬੇ-ਰਹਿਮ, ਬੇ-ਕਿਰਕ, ਬੇਸ਼ਰਮ ਮਰਿਆਦਾ ਰਹਿਤ ਹੁੰਦਾ ਹੈ। ਆਪਣੀ ਧੁੰਨ ਦਾ ਪੱਕਾ ਦੂਸਰਿਆਂ ਤੋਂ ਬੇਪਰਵਾਹ ਇਨਸਾਨ ਹੁੰਦਾ ਹੈ।ਇਸਤਰੀ ਦੇ ਸਿਰ ਤੇ ਬੱਚਿਆਂ ਨੂੰ ਪੈਦਾ ਕਰਨਾ, ਪਾਲਣ ਪੋਸਣ ਕਰਨਾ ਉਸ ਦੀਆਂ ਮੁਖ ਜ਼ਿੰਮੇਵਾਰੀਆਂ ਹੁੰਦੀਆਂ ਹਨ। ਜ਼ਿਆਦਾ ਤਰ ਸਮਾਜਿਕ ਦੁਖ ਸੁਖ ਦੇ ਸਿਲਸਿਲੇ ਵਿਚ ਵੀ ਇਸਤਰੀ ਦੇ ਸ਼ਾਮਲ ਹੋਏ ਬਿਨਾਂ ਸਰਦਾ ਨਹੀਂ। ਉਸ ਨੂੰ ਮੋਹਰੀ ਹੋ ਕੇ ਸਾਰੀ ਦੀ ਸਾਰੀ ਪਰੰਪਰਾ ਨਿਭਾਉਣੀ ਪੈਂਦੀ ਹੈ। ਜੋ ਲੜਕੀਆਂ ਸਰਕਾਰੀ ਨੌਕਰੀ ਵਿਚ ਹੁੰਦੀਆਂ ਹਨ ਉਨ੍ਹਾਂ ਦੀ ਦੂਹਰੀ ਜ਼ਿੰਮੇਵਾਰੀ ਬਣ ਜਾਂਦੀ ਹੈ। ਦਫਤਰ ਵਿਚ ਪਤੀਦੇਵ ਦੇ ਬਰਾਬਰ ਸਾਰੀ ਦਿਹਾੜੀ ਦਫਤਰ ਵਿਚ ਕੰਮ ਕਰ ਕੇ ਉਥੋਂ ਆ ਕੇ ਵੀ ਘਰ ਦਾ ਸਾਰਾ ਕੰਮ ਨਿਪਟਾਉਣਾ ਉਸ ਵਿਚਾਰੀ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ। ਘਰ ਦਾ ਸਾਰੇ ਦਾ ਸਾਰੇ ਕੰਮ ਰਸੋਈ ਤੋਂ ਲੈ ਕੇ ਘਰ ਦੀਆਂ ਸਫਾਈਆਂ ਕਰਨ ਤੇ ਕੱਪੜੇ ਧੋਣ ਆਦਿ ਦਾ ਉਸ ਨੂੰ ਹੀ ਕਰਨਾ ਪੈਂਦਾ ਹੈ ਤੇ ਮਰਦ ਮੂਹਾਣਾ ਦਫਤਰ ਜਾ ਕੇ ਆਪਣੀ ਜ਼ਿੰਮੇਂ ਵਾਰੀ ਨਬੇੜ ਕੇ ਆ ਕੇ ਵਿਹਲਾ ਹੋ ਜਾਂਦਾ ਹੈ।

ਮੁੱਢ ਕਦੀਮ ਵਿਚ ਜੰਬੂ ਦੀਪ ਦੇ ਸਾਡੇ ਪੂਰਵਜਾਂ ਦਾ ਕੋਈ ਧਰਮ ਨਹੀਂ ਸੀ। ਅਜਿਹਾ ਇਤਿਹਾਸ ਦੇ ਪੰਨਿਆਂ ਤੋਂ ਸਾਫ ਦਿਸਦਾ ਹੈ। ਆਰੀਆ ਲੋਕਾਂ ਦੇ ਜੰਬੂ ਦੀਪ ਵਿਚ ਪ੍ਰਵੇਸ਼ ਕਰਨ ਸਮੇਂ ਉਹ ਲੋਕ ਆਪਣੇ ਨਾਲ ਆਪਣੀਆਂ ਇਸਤਰੀਆਂ ਨਹੀਂ ਲਿਆਏ ਸਨ। ਇਥੋਂ ਦੀਆਂ ਇਸਤਰੀਆਂ ਨਾਲ ਹੀ ਉਨ੍ਹਾਂ ਨੇ ਜ਼ਬਰਦਸਤੀ ਸ਼ਾਦੀਆਂ ਕੀਤੀਆਂ ਤੇ ਔਲਾਦਾਂ ਪੈਦਾ ਕੀਤੀਆਂ। ਉਹ ਹੀ ਸਮਾਂ ਸੀ ਜਦ ਜੰਬੂਦੀਪ ਤੋਂ ਆਰੀਆ ਵਰਤ ਬਣਿਆਂ ਤੇ ਆਰੀਆ ਵੈਦਿਕ ਧਰਮ ਪੈਦਾ ਹੋਇਆ। ਓਦੋਂ ਹੀ ਵੇਦਾਂ ਸਮੇਤ ਆਰੀਆ ਗਰੰਥਾਂ ਦੀ ਰਚਨਾ ਸ਼ੁਰੂ ਹੋਈ ਦੱਸੀ ਜਾਂਦੀ ਹੈ। ਅਤੇ ਬਦਕਿਸਮਤੀ ਨਾਲ ਉਹ ਹੀ ਸਮਾਂ ਸੀ ਜਦੋਂ ਭਾਰਤ ਦੀ ਇਸਤਰੀ ਜਾਤੀ ਦੀ ਦੁਰਦਸ਼ਾ ਸ਼ੁਰੂ ਹੁੰਦੀ ਹੈ ਤੇ ਅੱਜ ਤੱਕ ਬ-ਦਸਤੂਰ ਚੱਲੀ ਆ ਰਹੀ ਹੈ। ਇਸਤਰੀ/ ਬੇਟੀ ਨੂੰ ਘਰ ਵਿਚ ਉਹ ਮਹੱਤਵ ਕਦੇ ਵੀ ਨਹੀਂ ਮਿਲਦਾ ਜਿਸ ਦੀ ਉਹ ਹਕਦਾਰ ਹੁੰਦੀ ਹੈ। ਧੀ ਨੂੰ ਸਾਡੇ ਭਾਰਤੀ ਸਮਾਜ ਦੇ ਲੋਕ ਜੰਮਦਿਆਂ ਹੀ ਪਰਾਇਆ ਧੰਨ ਸਮਝਣ ਲੱਗ ਜਾਂਦੇ ਹਨ ਤੇ ਉਸ ਦਾ ਪਾਲਣ ਪੋਸਣ ਵੀ ਉਸੇ ਹੀ ਢੰਗ ਨਾਲ ਕੀਤਾ ਜਾਂਦਾ ਹੈ। ਸਗੋਂ ਉਸ ਨੂੰ ਇਕ ਤਰ੍ਹਾਂ ਨਾਲ ਮਾਪਿਆਂ ਉਤੇ ਬੋਝ ਜਿਹਾ ਹੀ ਸਮਝਿਆ ਜਾਂਦਾ ਹੈ। ਕਈ ਮਾਪੇ ਤਾਂ ਉਸ ਦੇ ਬਾਲਪਣ ਤੋਂ ਹੀ ਉਸ ਨੂੰ ਇਹ ਜਤਾਉਣ ਤੋਂ ਗੁਰੇਜ਼ ਨਹੀਂ ਕਰਦੇ ਕਿ ਤੂੰ ਪਰਾਇਆ ਧੰਨ ਹੈਂ ਤੇ ਸਾਡੇ ਉਤੇ ਇਕ ਤਰ੍ਹਾਂ ਦਾ ਬੋਝ ਹੈਂ ਜਿਸ ਨੂੰ ਸਾਨੂੰ ਮੱਲੋ ਜੋਰੀ ਚੁੱਕਣਾ, ਢੋਣਾ ਪੈ ਰਿਹਾ ਹੈ। ਇਸ ਤਰ੍ਹਾਂ ਬਾਲਪਣ ਵਿਚ ਹੀ ਪਤਾ ਨਹੀਂ ਉਸ ਬੱਚੀ ਦਾ ਦਿਲ ਕਿੰਨੀਂ ਵਾਰੀ ਅਣਚਾਹਿਆ ਹੀ ਵਲੂੰਧਰਿਆਂ ਜਾਂਦਾ ਹੈ। ਇਸ ਤਰ੍ਹਾਂ ਬੱਚੀ ਦਾ ਕੁਦਰਤੀ ਵਿਕਾਸ ਰੁਕਦਾ ਹੈ ਤੇ ਉਸ ਦੀ ਮਨਚਾਹੀ ਸਰੀਰਕ, ਦਿਮਾਗੀ ਤੇ ਮਾਨਸਿਕ ਤਰੱਕੀ ਰੁਕਦੀ ਹੈ । ਹੋਰ ਤਾਂ ਹੋਰ ਉਸ ਨੂੰ ਮੁੰਡਿਆਂ ਦੇ ਬਰਾਬਰ ਵਿਦਿਆ ਦਿਵਾਉਣ ਵਿਚ ਵੀ ਦਿਲਚਸਪੀ ਨਹੀਂ ਲਈ ਜਾਂਦੀ। ਬਜੇਕਰ ਆਪਣੀ ਹਿੰਮਤ ਮਿਹਨਤ ਨਾਲ ਕੋਈ ਲੜਕੀ, ਬੱਚੀ ਚਾਰ ਅੱਖਰ ਪੜ੍ਹ ਗਈ ਤਾਂ ਸਹੀ, ਨਹੀਂ ਤਾਂ ਕੋਈ ਖਾਸ ਗੱਲ ਨਹੀ ਸਮਝੀ ਜਾਂਦੀ। ਸੋਚ ਲਿਆ ਜਾਂਦਾ ਹੈ ਕਿ ਇਸ ਨੇ ਕਿਹੜੇ ਦਫਤਰ ਬੈਠ ਕੇ ਰਜਿਸਟਰ ਫੋਲਣੇ ਹਨ। ਭਰੂਣ ਹੱਤਿਆ ਨਾਂ ਦਾ ਜੁਰਮ ਇਸੇ ਸੋਚ ਦੇ ਅਧੀਨ ਹੋ ਰਿਹਾ ਹੈ ਤੇ ਕਈ ਸੂਬਿਆਂ ਵਿਚ ਜ਼ੋਰ ਸ਼ੋਰ ਨਾਲ ਪੰਜਾਬ ਤੇ ਹਰਿਆਣਾ ਸਮੇਤ ਹੋ ਰਿਹਾ ਹੈ ਫਿਰ ਸਮਾਂ ਆਉਂਦਾ ਹੈ ਜਦ ਉਹ ਜਵਾਨ ਹੁੰਦੀ ਹੈ। ਮਾਪਿਆਂ ਨੂੰ ਫਿਕਰ ਹੁੰਦਾ ਹੈ ਉਸ ਨੂੰ ਯੋਗ ਵਰ ਘਰ ਲੱਭ ਕੇ ਦੇਣ ਦਾ।ਇਕ ਨਵੀਂ ਚਿੰਤਾ ਇਕ ਨਵਾਂ ਮਾਨਸਿਕ ਬੋਝ ਉਸ ਬੱਚੀ ਨੂੰ ਆਣ ਘੇਰਦਾ ਹੈ ਨਵੇਂ ਪਰਿਵਾਰ, ਨਵੇਂ ਜੀਆਂ, ਨਵੇਂ ਬੰਦਿਆਂ ਵਿਚ ਨਵੇਂ ਘਰ ਜਾਣ ਦਾ ਜਿੱਥੇ ਸਭ ਕੁਝ ਹੀ ਨਵਾਂ ਹੋਣਾ ਹੈ।

ਅਖੀਰ ਉਹ ਘੜੀ ਵੀ ਆ ਹੀ ਜਾਂਦੀ ਹੈ ਜਦ ਲੜਕੀ ਨੂੰ ਦੂਸਰੇ ਜਨਮ ਲਈ ਤਿਆਰ ਹੋਣਾ ਹੁੰਦਾ ਹੈ। ਜੇਕਰ ਮਾਂ ਸਿਆਣੀ ਹੋਵੇ ਤਾਂ ਧੀ ਨੂੰ ਇਸ ਪੂਰੇ ਦੇ ਪੂਰੇ ਪਰਕਰਣ ਨੂੰ ਸਹਿਜ, ਸਰਲ, ਸੁਖਦ ਅਸਾਨ ਬਣਾ ਦਿੰਦੀ ਹੈ। ਨਹੀਂ ਤਾਂ 18-20 ਸਾਲ ਦੀ ਲੜਕੀ ਲਈ ਇਹ ਸਮਾਂ ਅਤਿਅੰਤ ਮਾਨਸਿਕ ਔਕੜਾਂ ਦਾ ਸਮਾਂ ਹੁੰਦਾ ਹੈ। ਲੜਕੀ ਲਈ ਬੜਾ ਹੀ ਮੁਸ਼ਕਿਲ ਹੁੰਦਾ ਹੈ ਆਪਣਾ ਘਰ ਪਰਿਵਾਰ, ਗਲੀ ਮਹੱਲਾ ਮਾਂ ਬਾਪ, ਗੱਲ ਕੀ ਸਾਰਾ ਹੀ ਸਮਾਜ ਤਿਆਗਣਾ ਜਿਹਾ ਪੈਂਦਾ ਹੈ ਜਿਵੇਂ ਇਹ ਉਸ ਨੂੰ ਕੋਈ ਸਜ਼ਾ ਦਿੱਤੀ ਜਾ ਰਹੀ ਹੋਵੇ। ਜੇਕਰ ਮਾਂ ਸਿਆਣੀ ਹੋਵੇ ਤਾਂ ਉਹ ਬੱਚੀ ਨੂੰ ਸਹਿਜੇ ਹੀ ਸਮਝਾ ਦਿੰਦੀ ਹੈ ਕਿ ਲੜਕੀਆਂ ਨੂੰ ਇਕ ਦਿਨ ਆਪਣੇ ਸਹੁਰੇ ਘਰ ਜਾਣਾ ਹੀ ਹੁੰਦਾ ਹੈ ਅਤੇ ਉਹ ਜਦੋਂ ਚਾਹੇ ਆ ਕੇ ਓਨ੍ਹਾਂ ਨੂੰ ਮਿਲ ਵੀ ਸਕਦੀ ਹੈ ਚਾਹੇ ਤਾਂ ਉਨ੍ਹਾਂ ਕੋਲ ਕੁਝ ਦਿਨ ਰਹਿ ਵੀ ਸਕਦੀ ਹੈ। ਇਸ ਮੌਕੇ ਇਕ ਸੁਘੜ ਸਿਆਣੀ ਦਾਦੀ ਮਾਂ ਆਪਣੀ ਮੁਟਿਆਰ ਹੋ ਰਹੀ ਪੋਤਰੀ ਨੂੰ ਹੇਠ ਲਿਖੇ ਦੀ ਤਰ੍ਹਾਂ ਮੱਤਾਂ, ਨਸੀਹਤਾਂ ਕਰਦੇ ਸੁਣੀ ਗਈ ਸੀ: "ਦੇਖ਼ ਧੀਏ ਅੱਜ ਮੈਂ ਕੁਝ ਦਿਲਚਸਪ , ਬਹੁਤ ਹੀ ਦਿਲਚਸਪ ਗੱਲ ਤੈਨੂੰ ਦੱਸਣ ਲੱਗੀ ਹਾਂ, ਧਿਆਨ ਨਾਲ ਸੁਣੀਂ ਕੰਨ ਲਾ ਕੇ। ਔਹ ਬਾਹਰ ਆਪਣੇ ਬਾਹਰਲੇ ਬੂਹੇ ਉਤੇ ਇਕ ਨੇਮ ਪਲੇਟ ਲੱਗੀ ਹੋਈ ਹੈ ਨਾ ਤੇਰੇ ਡੈਡੀ ਦੇ ਨਾਂ ਤੇ । ਇਹ ਨੇਮ ਪਲੇਟ ਪਹਿਲਾਂ ਤੇਰੇ ਦਾਦਾ ਜੀ ਨੇ ਆਪਣੇ ਨਾਂ ਤੇ ਬਣਵਾਈ ਸੀ। ਜੇਕਰ ਤੂੰ ਧਿਆਨ ਨਾਲ ਦੇਖੇਂ ਤਾਂ ਇਸ ਉਤੇ ਕੀਤੇ ਹੋਏ ਰੰਗ ਪੇਂਟ ਥੱਲੇ ਤੇਰੇ ਦਾਦਾ ਜੀ ਦਾ ਨਾਮ ਉੱਕਰਿਆ ਹੋਇਆ ਦਿਸ ਪੈਂਦਾ ਹੈ ਜੋ ਬਾਅਦ ਵਿਚ ਮਿਟਾ ਦਿੱਤਾ ਗਿਆ ਸੀ ।ਜਦ ਤੇਰੇ ਡੈਡੀ ਤਿੰਨਾਂ ਕੁ ਸਾਲਾਂ ਦਾ ਹੋਇਆ ਤਾਂ ਤੇਰੇ ਦਾਦਾ ਜੀ ਨੇ ਬੜੇ ਸ਼ੌਕ ਉਤਸ਼ਾਹ ਨਾਲ ਨੇਮ ਪਲੇਟ ਦੁਬਾਰਾ ਪੇਂਟ ਕਰਵਾ ਕੇ ਉਸ ਉਪਰ ਆਪਣੇ ਨਾਮ ਨਾਲ ਤੇਰੇ ਡੈਡ ਦਾ ਨਾਮ ਵੀ ਜੋੜ ਲਿਆ। ਇਹ ਉਸ ਦਾ ਚਾਅ ਸੀ। ਜਦ ਤੇਰਾ ਵੀਰ ਜੰਮਿਆਂ ਤਾਂ ਤੇਰੇ ਦਾਦਾ ਜੀ ਨੇ ਤੇਰੇ ਡੈਡ ਨੂੰ ਸੁਝਾ ਦਿੱਤਾ ਸੀ ਕਿ ਨਾਮ ਵਾਲੀ ਫੱਟੀ ਤੋਂ ਉਨ੍ਹਾਂ ਦਾ ਨਾਮ ਉਤਰਵਾ ਕੇ ਤੇਰੇ ਵੀਰ ਚਰਨਜੀਤ ਦਾ ਨਾਮ ਲਿਖ਼ ਲੈਂਦੇ। ਤੇਰਾ ਡੈਡ ਆਪਣੇ ਨਾਮ ਨਾਲੋਂ ਆਪਣੇ ਭਾਪਾ ਜੀ ਦਾ ਨਾਮ ਜੁਦਾ ਕਰਨਾ ਨਹੀਂ ਚਾਹੁੰਦਾ ਸੀ ।ਇਸ ਲਈ ਉਸ ਨੇ ਇਕ ਹੋਰ ਨੇਮ ਪਲੇਟ ਆਪਣੇ ਤੇ ਚਰਨਜੀਤ ਦੇ ਨਾਮ ਦੀ ਬਣਵਾ ਕੇ ਆਪਣੇ ਦਰਵਾਜ਼ੇ ਦੇ ਜ਼ਰਾ ਅੰਦਰ ਨੂੰ ਸੱਜੇ ਪਾਸੇ ਲਾ ਦਿੱਤੀ। ਤੂੰ ਦੇਖਿਆ ਹੋਣਾ ਹੈ ਕਿ ਤੇਰੇ ਨਾਨਕੀਂ ਵੀ ਇਸੇ ਤਰ੍ਹਾਂ ਦੀਆਂ ਨੇਮ ਪਲੇਟਾਂ ਉਨ੍ਹਾਂ ਦੇ ਘਰ ਮੂਹਰੇ ਤੇਰੇ ਮਾਮਾ ਜੀ ਤੇ ਨਾਨਾ ਜੀ ਦੇ ਨਾਮ ਦੀਆਂ ਲੱਗੀਆਂ ਹੋਈਆਂ ਹਨ। ਹੁਣ ਤੂੰ ਦੇਖ ਸਕਦੀ ਹੈਂ ਕਿ ਤੇਰੇ ਦਾਦਾ ਜੀ ਦੇ ਨਾਮ ਨਾਲ ਪਲੇਟ ਉਤੇ ਮੇਰਾ ਨਾਮ ਨਹੀਂ ਹੈ। ਤੇਰੇ ਪਾਪਾ ਦੇ ਨਾਮ ਦੇ ਨਾਲ ਵੀ ਤੇਰੀ ਮੰਮੀ ਦਾ ਨਾਮ ਨਹੀ ਹੈ ਬਲਕਿ ਤੇਰੇ ਵੀਰ ਦਾ ਨਾਮ ਹੈ। ਤੇਰੇ ਦਾਦਾ ਜੀ ਨੇ ਵੀ ਆਪਣੇ ਪੁੱਤਰ ਦਾ ਨਾਮ ਆਪਣੇ ਨਾਮ ਨਾਲ ਲਿਖਵਾਇਆ। ਇਸੇ ਹੀ ਤਰ੍ਹਾਂ ਤੇਰੇ ਨਾਨਕੀਂ ਵੀ ਤੇਰੀ ਨਾਨੀ ਜੀ ਤੇ ਮਾਮੀਂ ਜੀ ਦੇ ਨਾਮ ਨਹੀਂ ਹਨ।ਤੂੰ ਦੇਖੇਂਗੀ ਸਭ ਦੀਆਂ ਬੂਹੇ ਬਾਹਰ ਲੱਗੀਆਂ ਪਲੇਟਾਂ ਉਪਰ ਸਿਰਫ ਬੰਦਿਆਂ ਦੇ ਨਾਮ ਹੀ ਹੁੰਦੇ ਹਨ।ਇਹ ਕਿਉਂ ਹੈ। ਤੇਰੇ ਡੈਡ ਦੇ ਨਾਮ ਦੇ ਨਾਲ ਤੇਰਾ ਨਾਮ ਕਿਉਂ ਨਹੀਂ ਪਾਇਆ ਹਾਲਾਂ ਕਿ ਤੂੰ ਚਰਨਜੀਤ ਤੋਂ ਵੱਡੀ ਹੈਂ"।


ਬਖ਼ਸ਼ੀ ਰਾਮ ਲੁਧਿਆਣਾ
91 94 632 68101

"ਆ ਮੈਂ ਤੈਨੂੰ ਦੱਸਦੀਆਂ ਇਹ ਵੀ ਗੱਲ। ਪੁੱਤਰੀ ਤੂੰ ਇਕ ਗਲ ਦੇਖ਼।ਤੇਰੇ ਦਾਦਾ ਜੀ ਦਾ ਵਿਆਹ ਮੇਰੇ ਨਾਲ ਹੋਇਆ ਸੀ ਤੇ ਮੈਂ ਇਥੇ ਆਈ। ਤੇਰੇ ਡੈਡੀ ਦਾ ਵਿਆਹ ਹੋਇਆ ਤਾਂ ਤੇਰੀ ਮੰਮੀਂ ਆਈ ਇਥੇ ਵਿਆਹ ਮਗਰੋਂ। ਇਸੇ ਹੀ ਤੇਰੇ ਨਾਨਾ ਜੀ ਦਾ ਤੇਰੇ ਨਾਨੀ ਜੀ ਨਾਲ ਵਿਆਹ ਹੋਇਆ ਸੀ ਤਾਂ ਤੇਰੇ ਨਾਨੀ ਜੀ ਆਏ ਸਨ। ਜਦ ਤੇਰੇ ਮਾਮਾ ਜੀ ਦਾ ਵਿਆਹ ਹੋਇਆ ਸੀ ਤਾਂ ਤੇਰੇ ਮਾਮੀ ਜੀ ਆਏ ਸਨ। ਜਾਣੀ ਜਦ ਵੀ ਕਿਸੇ ਦੋ ਜਣਿਆਂ ਦਾ ਵਿਆਹ ਹੁੰਦਾ ਹੈ ਤਾਂ ਉਨ੍ਹਾਂ ਨੂੰ ਮੁੰਡੇ ਦੇ ਘਰ ਵਿਚ ਜਾ ਕੇ ਰਹਿਣਾ ਹੁੰਦਾ ਹੈ। ਕੋਈ ਵੀ ਲੜਕੀ ਵਿਆਹ ਮਗਰੋਂ ਆਪਣੇ ਪੇਕੇ ਘਰ ਵਿਚ ਨਹੀਂ ਰਹਿੰਦੀ। ਇਹ ਹੀ ਸਮਾਜ ਤੇ ਕੁਦਰਤ ਦਾ ਕਾਨੂੰਨ ਤੇ ਸੰਸਾਰੀ ਰੀਤ ਹੈ ਬੱਚੀ। ਇਸ ਕਰਕੇ ਜਦ ਵੀ ਕਿਸੇ ਘਰ ਵਿਚ ਲੜਕੀ ਪੈਦਾ ਹੁੰਦੀ ਹੈ ਤਾਂ ਸਮਝ ਲਿਆ ਜਾਂਦਾ ਹੈ ਕਿ ਇਸ ਨੇ ਬਿਗਾਨੇ ਘਰ ਜਾਣਾ ਹੈ। ਇਸ ਲਈ ਸਿਆਣੇ ਪਰਿਵਾਰ ਸ਼ੁਰੂ ਤੋਂ ਹੀ ਉਸ ਦੀ ਪਰਵਰਿਸ਼ ਉਸ ਹਿਸਾਬ ਕਰਨ ਲੱਗਦੇ ਹਨ ਕਿ ਇਹ ਬੱਚੀ ਨੂੰ ਪਰਾਏ ਘਰ ਵਿਚ ਸਮਾਈ ਕਰਨ ਵਿਚ ਤਕਲੀਫ ਨਾ ਹੋਵੇ। ਉਸ ਨੂੰ ਵੀ ਪੁਤਰਾਂ ਵਾਂਗ ਚੰਗਾ ਪੜ੍ਹਾਉਂਦੇ ਲਿਖਾਉਂਦੇ ਹਨ। ਹੁਣ ਤੂੰ ਵੀ ਬਾਲਪਣ ਵਿਚੋਂ ਨਿਕਲ ਰਹੀ ਹੈਂ ਤੇ ਮੁਟਿਆਰ ਹੋ ਰਹੀ ਹੈਂ। ਇਕ ਦਿਨ ਆਉਣਾ ਹੈ ਜਦੋਂ ਅਸੀਂ ਤੇਰਾ ਵਿਆਹ ਕਰਾਂਗੇ ਤੇ ਤੈਨੂੰ ਵੀ ਆਪਣੇ ਪਤੀ ਨਾਲ ਨਵੇਂ ਘਰ ਵਿਚ ਆਪਣੇ ਸਹੁਰੀਂ ਜਾਣਾ ਪਵੇਗਾ। ਇਸ ਲਈ ਤੇਰੇ ਮੰਮੀਂ ਡੈਡੀ ਤੇ ਤੇਰੇ ਦਾਦਾ ਜੀ ਤੇ ਮੈਂ ਤੈਨੂੰ ਪੜ੍ਹਾਈ ਵਿਚ ਜੀ ਲਾਉਣ ਨੂੰ ਹਮੇਸ਼ਾ ਪ੍ਰੇਰਦੇ ਰਹਿੰਦੇ ਹਾਂ ਤੇ ਟੋਕ ਟੁਕਾਈ ਕਰਦੇ ਰਹਿੰਦੇ ਹਾਂ ਤਾਂ ਜੋ ਤੂੰ ਚੰਗੀ ਪੜ੍ਹਾਈ ਕਰ ਕੇ ਆਪਣੇ ਸਹੁਰੀਂ ਘਰ ਜਾਣ ਤੋਂ ਪਹਿਲਾਂ ਕੁਝ ਬਣ ਸਕੇਂ ਇਸ ਤਰ੍ਹਾਂ ਦਾਦੀ ਮਾਂ ਨੇ ਸਹਿਜੇ ਹੀ ਜਵਾਨ ਹੋ ਰਹੀ ਪੋਤਰੀ ਨੂੰ ਸਮਝਾ ਦਿੱਤਾ ਕਿ ਪੁੱਤਰੀਆਂ ਜਾਂ ਮਾਵਾਂ ਦੇ ਨਾਮ ਦੇ ਬੋਰਡ ਘਰਾਂ ਦੀਆਂ ਕੰਧਾਂ ਜਾਂ ਬਾਹਰ ਦਰਵਾਜ਼ਿਆਂ ਉਪਰ ਲਿਖ਼ ਕੇ ਕਿਉਂ ਨਹੀਂ ਲਿਖਵਾਈਦੇ"।



ਇਸ ਸਾਰੀ ਸਿਖਿਆ ਰੂਪੀ ਕਹਾਣੀ ਦਾ ਬੱਚੀ ਉਤੇ ਜਾਦੂਈ ਅਸਰ ਹੋਇਆ। ਉਸ ਵਿਚ ਬੜੀ ਤੇਜ਼ੀ ਨਾਲ ਸਿਆਣਪ ਦੀਆਂ ਤਬਦੀਲੀਆਂ ਆਉਣ ਲੱਗੀਆਂ। ਪੜ੍ਹਨ ਵਿਚ ਉਸ ਦਾ ਦਿਲ ਲੱਗਣ ਲੱਗਾ। ਉਹ ਗੰਭੀਰ ਹੋ ਗਈ ।ਛੇਤੀ ਛੇਤੀ ਸਿਆਣੀ ਹੋਣ ਲੱਗੀ।

ਅਖ਼ੀਰ ਨੂੰ ਉਹ ਮੌਕਾ ਵੀ ਆ ਜਾਂਦਾ ਹੈ ਜੋ ਹਰੇਕ ਨੌਜਵਾਨ ਮੁੰਡੇ ਕੁੜੀ ਦੀ ਜ਼ਿੰਦਗੀ ਦਾ ਜ਼ਰੂਰੀ ਭਾਗ ਹੁੰਦਾ ਹੈ। ਬੱਚੀ ਦੇ ਵਿਆਹ ਦਾ ਦਿਨ ਆ ਢੁੱਕਦਾ ਹੈ। ਲੜਕੀ ਸਵੇਰ ਤੋਂ ਹੀ ਇਸ ਉਧੇੜ ਬੁਣ ਵਿਚ ਹੁੰਦੀ ਹੈ ਕਿ ਜਿੱਥੇ ਉਸ ਨੇ ਜਾਣਾ ਹੈ ਉਹ ਪਰਿਵਾਰ ਕਿਸ ਤਰ੍ਹਾਂ ਦਾ ਹੋਵੇਗਾ।ਸਹਿਜ ਨਹੀਂ ਹੁੰਦਾ ਕਿਸੇ ਵੀ ਲੜਕੀ ਲਈ ਆਪਣੇ ਸਹੁਰੇ ਪਰਿਵਾਰ ਤੇ ਨਵੇਂ ਸਿਰਜੇ ਸਮਾਜ ਵਿਚ ਸਮਾਅ ਜਾਣਾ।ਪੇਕੇ ਘਰ ਵਿਚ ਪੈਦਾਇਸ਼ ਤੋਂ ਲੈ ਕੇ ਵਿਆਹ ਤੱਕ ਸਹਿਜ ਵਿਚ ਹੀ ਇਹ ਸਿਰਜਿਆ ਹੋਇਆ ਸਮਾਜ ਇਕ ਦਮ ਛੱਡਣਾ ਕੋਈ ਸੌਖਾ ਕੰਮ ਨਹੀਂ ਹੈ ਕਿਸੇ ਲਈ ਵੀ। ਕਹਿੰਦੇ ਹਨ ਕਿ ਸੱਸ ਬੜੀ ਹੀ ਕੁਪੱਤੀ ਹੁੰਦੀ ਹੈ ਮੇਰੀ ਸੱਸ ਕਿਸ ਤਰ੍ਹਾਂ ਦੀ ਹੋਵੇਗੀ। ਮੇਰਾ ਭਾਗਵਾਨ ਜਿਸ ਦੇ ਮੈਂ ਲੜ ਲੱਗ ਰਹੀ ਹਾਂ ਕਿਸ ਤਰ੍ਹਾਂ ਦਾ ਹੋਵੇਗਾ। ਕੀ ਉਹ ਮੇਰਾ ਲੋੜਵੰਦ ਵੀ ਹੋਵੇਗਾ। ਕਹਿੰਦੇ ਹਨ ਕਿ ਪਤੀ ਛੋਟੀ ਛੋਟੀ ਗੱਲ ਤੇ ਪਤਨੀਆਂ ਨੂੰ ਕੁੱਟਦੇ, ਮਾਰਦੇ ਹੁੰਦੇ ਹਨ। ਕੀ ਮੇਰਾ ਪਤੀ ਵੀ ਅਜਿਹਾ ਹੀ ਹੋਵੇਗਾ। ਇਸ ਤੋਂ ਵੀ ਕਿਤੇ ਵੱਡੀ ਹੁੰਦੀ ਹੈ ਉਸ ਲੜਕੀ ਦੀ ਦੁਵਿਧਾ। ਫਿਰ ਆਉਂਦਾ ਹੈ ਲਾਵਾਂ ਦਾ ਸਮਾਂ।ਅਸੀਂ ਇਥੇ ਸਿੱਖ ਰੀਤੀ ਨਾਲ ਹੋਣ ਵਾਲੇ ਵਿਆਹਾਂ ਦੀ ਮੁੱਖ ਰੂਪ ਵਿਚ ਗੱਲ ਕਰਾਂਗੇ।ਲਾਵਾਂ ਸਮੇਂ ਮੁੰਡੇ ਕੁੜੀ ਨੂੰ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬਿਠਾ ਦਿਤਾ ਜਾਂਦਾ ਹੈ। ਲੜਕੇ ਦੀ ਕਲੰਗੀ, ਸਿਹਰਾ ਆਦਿ ਲੱਗਿਆ ਹੋਵੇ ਤਾਂ ਲੁਹਾ ਕੇ ਲਾਵਾਂ ਦੀ ਤਿਆਰੀ ਕਰਵਾ ਕੇ ਦੱਸਿਆ ਜਾਂਦਾ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਗੁਰੂ ਗਰੰਥ ਸਾਹਿਬ ਜੀ ਦੇ ਇਧਰ ਗਿਰਦ ਪਰਿਕਰਮਾ ਲੈਣੀ ਹੈ ਤੇ ਹਰ ਲਾਂਵ ਦੀ ਸਮਾਪਤੀ ਤੇ ਗੁਰੂ ਜੀ ਦੀ ਤਾਬਿਆ ਮੱਥਾ ਟੇਕਣਾ ਹੈ ਬੈਠ ਕੇ ਅਗਲੀ ਲਾਂਵ ਸੁਣ ਕੇ ਫਿਰ ਪਰਿਕਰਮਾ ਲੈਣੀ ਹੈ ਤੇ ਫਿਰ ਮੱਥਾ ਟੇਕਣਾ ਹੈ। ਲੜਕੀ ਦੇ ਬਾਪ ਨੂੰ ਲੜਕੀ ਦਾ ਪੱਲੂ ਲੜਕੇ ਦੇ ਹੱਥ ਵਿਚ ਫੜਾ ਕੇ ਲਾਵਾਂ ਲਈ ਤਿਆਰ ਕਰ ਲਿਆ ਜਾਂਦਾ ਹੈ। ਗੁਰਦਵਾਰੇ ਦਾ ਭਾਈ ਇਹ ਪੱਕੀ ਹਿਦਾਇਤ ਕਰ ਦਿੰਦਾ ਹੈ ਕਿ ਪਰਿਕਰਮਾ ਸਮੇਂ ਕੋਈ ਵੀ ਰਿਸ਼ਤੇਦਾਰ, ਸਾਕ ਸਬੰਧੀ ਆਦਿ ਲੜਕੀ ਨੂੰ ਹੱਥ ਨਾ ਲਾਵੇ। ਮਰਿਆਦਾ ਅਨੁਸਾਰ ਬੱਚੀ ਆਪ ਹੀ ਪਰਿਕਰਮਾ ਲਵੇ।ਇਹ ਤਾਂ ਪ੍ਰੀਖਿਆ ਹੋਈ। ਬੱਚੀ ਓਦੋਂ ਇਸ ਹਾਲਤ ਵਿਚ ਨਹੀਂ ਹੁੰਦੀ ਕਿ ਆਜ਼ਾਦਾਨਾ ਤੌਰ ਤੇ ਤੁਰ ਫਿਰ ਕੇ ਲੰਮੀਂ ਪਰਿਕਰਮਾ ਲੈ ਸਕੇ। ਇਥੇ ਜ਼ਿਕਰ ਕਰਨਾ ਬਣਦਾ ਹੈ ਕਿ ਹਿੰਦੂ ਰੀਤੀ ਵਿਚ ਜਦ ਲਾੜਾ ਲਾੜੀ ਲਾਵਾਂ ਫੇਰੇ ਲੈਣ ਲਗਦੇ ਹਨ ਤਾਂ ਬੱਚੀ ਦੇ ਤਾਇਆਂ ਚਾਚਿਆਂ ਮਾਮਿਆਂ ਮਾਸੀਆਂ ਦੇ ਲੜਕੇ ਪੁੱਤ ਭਰਾ ਫੇਰੇ ਲੈਣ ਸਮੇਂ ਲੜਕੀ ਦੀ ਸਹਾਇਤਾ ਕਰਦੇ ਹਨ। ਉਹ ਬੇਦੀ ਦੇ ਇਧਰ ਗਿਰਦ ਖੜ੍ਹੇ ਹੋ ਜਾਂਦੇ ਹਨ ਅਤੇ ਆਪਣੇ ਹੱਥ ਨਾਲ ਬੱਚੀ ਨੂੰ ਅੱਗੇ ਦੀ ਅੱਗੇ ਹੋਣ ਵਿਚ ਸਹਾਇਤਾ ਕਰਦੇ ਹਨ। ਇਸ ਲਈ ਸਾਰਾ ਕੁਝ ਸੁਖਦ ਹੋ ਨਿੱਬੜਦਾ ਹੈ।

ਪਰ ਸਿੱਖ ਧਰਮ ਵਿਚ ਅਜਿਹਾ ਨਹੀਂ ਕਰਨ ਦਿੱਤਾ ਜਾਂਦਾ। ਇਸ ਸਬੰਧ ਵਿਚ ਇਕ ਵਿਆਹ ਸਮੇਂ ਇਕ ਸਿੱਖ ਬਜ਼ੁਰਗ ਤੇ ਗੁਰਦਵਾਰੇ ਦੇ ਗਰੰਥੀ ਭਾਈ ਜਿਸ ਨੇ ਲਾਵਾਂ ਪੜ੍ਹਨ ਦੀ ਰਸਮ ਨਿਭਾਉਣੀ ਸੀ ਦੀ ਆਪਸ ਵਿਚ ਹੋਈ ਗੱਲ ਬਾਤ ਦਾ ਸਾਰ ਦਰਜ ਕੀਤਾ ਜਾਂਦਾ ਹੈ ਜੋ ਹੇਠ ਲਿਖੇ ਦੀ ਤਰ੍ਹਾਂ ਹੈ। ਬਜ਼ੁਰਗ ਸਿੱਖ ਦੀ ਜ਼ਬਾਨੀ:

"ਜਥੇਦਾਰ ਜੀ ਸਾਨੂੰ ਤੁਹਾਡੀ ਰਹਿਤ ਮਰਿਆਦਾ ਦੀ ਗੱਲ ਦਾ ਪੂਰਾ ਮਾਣ ਸਨਮਾਨ ਹੈ। ਅਸੀਂ ਮਰਿਆਦਾ ਦੀ ਕੋਈ ਵੀ ਕੁਤਾਹੀ ਕਰਨੀ ਨਹੀਂ ਚਾਹੁੰਦੇ। ਪਰ ਅਸੀਂ ਵੀ ਇਹ ਰਹਿਤ ਮਰਿਆਦਾ ਪੂਰੀ ਦੀ ਪੂਰੀ ਪੜ੍ਹੀ ਹੋਈ ਹੈ। ਇਹ ਐਨੀ ਕਰੜੀ ਕਠੋਰ ਵੀ ਤਾਂ ਨਹੀਂ ਹੈ ਕਿ ਇਹ ਮਨੁੱਖ ਮਾਤਰ ਦੇ ਭਲੇ ਦੇ ਬਜਾਏ ਉਸ ਲਈ ਸਜ਼ਾ ਦਿੱਤੀ ਜਾਂਦੀ ਲੱਗਦੀ ਹੋਵੇ।ਇਹ ਜ਼ਾਲਿਮਾਨਾ ਨਹੀਂ ਹੈ ਜਿਵੇਂ ਕਿ ਆਪ ਦੱਸ ਰਹੇ ਹੋ ਬਲਕਿ ਇਹ ਕਲਿਆਣਕਾਰੀ ਹੈ। ਵਿਆਹ ਦਾ ਦਿਨ ਬੰਨ੍ਹੇ ਜਾਣ ਤੋਂ ਬਾਦ ਦੀ ਹੀ ਜੇਕਰ ਵਿਆਂਦੜ੍ਹ ਬੱਚੀ ਦੀ ਮਨੋਂ ਸਥਿਤੀ ਤੁਸੀਂ ਸਮਝ ਸਕਣ ਦਾ ਯਤਨ ਕਰੋ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਉਹ ਅਤਿਅੰਤ ਭਿਆਨਕ ਸਮਾਂ ਹੁੰਦਾ ਹੈ ਜਦ ਕਿਸੇ ਬੱਚੀ ਨੂੰ ਅੰਤਾਂ ਦੀ ਮਾਨਸਿਕ ਪੀੜਾ ਵਿਚੋਂ ਲੰਘਣਾ ਪੈਂਦਾ ਹੈ। ਤੁਸੀਂ ਅਨੇਕਾਂ ਵਿਆਹ ਸ਼ਾਦੀਆਂ ਦੀਆਂ ਲਾਵਾਂ ਕਰਵਾਈਆਂ ਹੋਣਗੀਆਂ। ਕਦੇ ਕੋਈ ਅਜਿਹੀ ਬੱਚੀ ਨਹੀਂ ਹੀ ਦੇਖੀ ਹੋਣੀ ਜਿਹੜੀ ਖ਼ੁਸ਼ੀ ਖ਼ੁਸ਼ੀ ਲਾਵਾਂ ਲੈਂਦੀ ਹੋਵੇ। ਇਸ ਦਾ ਕਾਰਣ ਇਹ ਨਹੀਂ ਹੁੰਦਾ ਕਿ ਉਹ ਵਿਆਹ ਕਰਵਾਉਣ ਤੋਂ ਇਨਕਾਰੀ ਹੈ। ਨਹੀਂ। ਉਹ ਮਾਨਸਿਕ ਪੀੜਾ ਹੁੰਦੀ ਹੈ ਜਿਸ ਨਾਲ ਉਸ ਨੂੰ ਇਕੱਲਿਆ ਹੀ ਦੋ ਚਾਰ ਹੋਣਾ ਪੈਂਦਾ ਹੈ।ਉਸ ਨੂੰ ਪਤਾ ਹੁੰਦਾ ਹੈ ਕਿ ਵਿਆਹ ਤੋਂ ਬਾਅਦ ਉਸ ਨੂੰ ਨਵੇਂ ਨਵੇਂ ਮੂਲੋਂ ਹੀ ਓਪਰੇ ਲੋਕਾਂ ਨਾਲ ਤੋਰ ਦਿਤਾ ਜਾਵੇਗਾ। ਮਾਂ, ਬਾਪ, ਭੈਣ ਭਾਈ ਤੇ ਹੋਰ ਸਾਕ ਸਕੀਰੀਆਂ ਬਾਬਲ ਦਾ ਪਿੰਡ, ਘਰ ਬਾਰ, ਸੁਖਦ ਵਿਹੜਾ ਸਦਾ ਸਦਾ ਲਈ ਉਸ ਤੋਂ ਛੁਟ ਜਾਣਾ ਹੈ। ਨਵੇਂ ਘਰ ਵਿਚ ਨਵੇਂ ਲੋਕਾਂ ਨਾਲ ਵਾਹ ਪੈਣਾ ਹੈ। ਪਤਾ ਨਹੀਂ ਉਹ ਕਿਸ ਤਰ੍ਹਾਂ ਦੇ ਹੋਣਗੇ। ਪਤੀ ਦੇਵ ਜਿਨ੍ਹਾਂ ਦੇ ਲੜ ਲਾਈ ਗਈ ਹਾਂ ਕਿਸ ਤਰ੍ਹਾਂ ਦੇ ਹੋਣੇ ਹਨ।ਸੱਸ ਮਾਂ , ਸਹੁਰਾ ਜੋ ਧਰਮ ਪਿਤਾ ਦਾ ਰੂਪ ਲਵੇਗਾ ਕਿਸ ਤਰ੍ਹਾਂ ਦਾ ਹੋਵੇਗਾ। ਪਤੀ ਦੇਵ ਦੀਆਂ ਭੈਣਾ ਭਰਾ ਤੇ ਆਲੇ ਦਵਾਲੇ ਦਾ ਬਾਕੀ ਸਮਾਜ ਕਿਸ ਤਰ੍ਹਾਂ ਦਾ ਮਿਲੇਗਾ। ਉਤੋਂ ਘਰ ਦੀ ਬਹੂ ਹੋਣ ਕਾਰਣ ਘਰ ਦਾ ਕੰਮ ਚਲਾਉਣ ਵਾਲੀ ਮਾਲਕਣ ਦੇ ਫਰਜ਼ ਵੀ ਨਿਭਾਉਣੇ ਹਨ। ਉਹ ਵਿਚਾਰੀ ਇਨ੍ਹਾਂ ਤੇ ਇਨ੍ਹਾਂ ਵਰਗੀਆਂ ਹੋਰ ਢੇਰ ਸਾਰੀਆਂ ਉਲਝਣਾਂ ਵਿਚ ਉਲਝੀ ਪਈ ਹੁੰਦੀ ਹੈ। ਲਾਵਾਂ ਸਮੇਂ ਦਾ ਪਹਿਰਾਵਾ ਜਿਹੜਾ ਬੱਚੀ ਦੇ ਉਸ ਸਮੇਂ ਪਹਿਨਿਆਂ ਹੋਇਆ ਹੁੰਦਾ ਹੈ, ਉਸ ਵਿਚ ਇਕੱਲਾ ਲਹਿੰਗਾ ਹੀ 10, 12 ਕਿਲੋ ਤੋਂ ਘੱਟ ਭਾਰਾ ਨਹੀਂ ਹੁੰਦਾ।ਇਹ ਸਾਰਾ ਕੁਝ ਨਾਲ ਲੈ ਕੇ ਬੱਚੀ ਲਈ ਅਜ਼ਾਦਾਨਾ ਤੌਰ ਤੇ ਪਰਿਕਰਮਾ ਲੈਣੀ ਕੋਈ ਸੌਖਾ ਕੰਮ ਨਹੀਂ ਹੈ ।ਰਹਿਤ ਮਰਿਆਦਾ ਕਿਤੇ ਵੀ ਇਸ ਤਰ੍ਹਾਂ ਦੀ ਪਾਬੰਦੀ ਨਹੀਂ ਲਾਉਂਦੀ ਹੋਵੇਗੀ ਜਿਸ ਵਿਚ ਬੱਚੀ ਦੇ ਰਿਸ਼ਤੇਦਾਰ ਭਰਾ ਵੀਰ ਉਸ ਨੂੰ ਅੱਗੇ ਕਰਨ ਵਿਚ ਸਹਾਇਤਾ ਨਾ ਕਰ ਸਕਦੇ ਹੋਣ"।

ਅਜਿਹੇ ਹਾਲਾਤ ਵਿਚ ਜੇਕਰ ਬੱਚੀ ਮਾਨਸਿਕ ਸੰਤੁਲਨ ਹੀ ਖੋਹ ਬੈਠੇ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਿਕਰਮਾ ਵਿਚ ਹੀ ਕਪੜਿਆਂ ਆਦਿ ਵਿਚ ਉਲਝ ਕੇ ਡਿਗ ਪਵੇ ਤਾਂ ਫਿਰ ਤਾਂ ਆਪ ਜੀ ਦੀ ਮਰਿਆਦਾ ਭੰਗ ਨਹੀਂ ਹੋਵੇਗੀ? ਕੀ ਇਨਸਾਨੀ ਮੌਤ ਸਮੇਂ ਦਾਹ ਸੰਸਕਾਰ ਤੋਂ ਬਾਅਦ ਬਚੀ ਖੁਚੀ ਸਾਮੱਗਰੀ ਨੂੰ ਸਮੇਤ ਅਸਤੀਆਂ ਤੇ ਹੱਡੀਆਂ ਦੇ ਕਦੇ ਕਿਸੇ ਨੇ ਸੰਸਕਾਰ ਵਾਲੀ ਥਾਂ ਤੋਂ ਜ਼ਰਾ ਹਟ ਕੇ ਟੋਆ ਪੁੱਟ ਕੇ ਦਬਾਇਆ ਹੈ ਜਿਵੇਂ ਕਿ ਰਹਿਤ ਮਰਿਆਦਾ ਦਮ ਭਰਦੀ ਹੈ। ਨਹੀਂ , ਕਦੇ ਨਹੀਂ। ਸਭ ਲੋਕ ਕੀਰਤ ਪੁਰ ਸਾਹਿਬ ਜਾਂ ਕਟਾਣਾ ਸਾਹਿਬ ਜੀ ਨੂੰ ਜਾਂ ਫਿਰ ਹਰਿਦੁਆਰ ਨੂੰ ਹੀ ਦੌੜਦੇ ਹਨ।ਇਸੇ ਤਰ੍ਹਾਂ ਹੀ ਰਹਿਤ ਮਰਿਆਦਾ ਵਿਚ ਦੱਸਿਆ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਲਿਆਉਂਦੇ ਸਮੇਂ ਜੇਕਰ ਸਮਾਂ ਤੇ ਸਥਾਨ ਆਗਿਆ ਨਾ ਦਿੰਦੇ ਹੋਣ ਤਾਂ ਜੋੜੇ ਪਹਿਨਣ ਤੋਂ ਭਰਮ ਨਹੀਂ ਕਰਨਾ ਚਾਹੀਦਾ। ਪਰ ਆਪ ਜੀ ਵਰਗੇ ਖਾਲਸੇ ਭਾਈ ਉਥੇ ਵੀ ਕੜਕਦੀ ਧੁੱਪ ਵਿਚ ਥੱਲੇ ਤਪਦੀ ਧਰਤੀ ਉਤੇ ਵੀ ਨੰਗੇ ਪੈਰੀਂ ਚੱਲ ਕੇ ਗੁਰੂ ਸਾਹਿਬ ਜੀ ਦੀ ਸਵਾਰੀ ਬਿਨਾਂ ਜੋੜਿਆਂ ਤੋਂ ਹੀ ਨੰਗੇ ਪੈਰੀਂ ਜਾਂ ਫਿਰ ਰਬੜ ਦੀਆਂ ਚੱਪਲਾਂ ਪਾ ਕੇ ਲਿਆਉਣ ਨੂੰ ਬਜ਼ਿਦ ਹੁੰਦੇ ਦੇਖੇ ਗਏ ਹਨ। ਕ੍ਰਿਪਾ ਕਰਕੇ ਅਜਿਹੀ ਸੌੜੀ ਵਿਆਖਿਆ ਰਹਿਤ ਮਰਿਆਦਾ ਦੀ ਨਾ ਕੀਤੀ ਜਾਇਆ ਕਰੇ"। ਤਾਂ ਜਾ ਕੇ ਭਾਈ ਜੀ ਉਸ ਕੇਸ ਵਿਚ ਲਾੜੇ ਲਾੜੀ ਨੂੰ ਬਿਠਾ ਕੇ ਲਾਵਾਂ ਪੜ੍ਹ ਲੈਣ ਨੂੰ ਰਾਜ਼ੀ ਹੋਏ ਸਨ।ਇਹ ਸੀ ਵਿਆਹ ਸਮੇਂ ਦੀ ਦੱਸੀ ਗਈ ਵਿਆਂਦੜ ਬਚੀ ਦੀ ਮਨੋ ਸਥਿਤੀ ਇਕ ਬਜ਼ੁਰਗ ਦੀ ਜ਼ਬਾਨੀ।

ਇਨਾਂ ਹੀ ਨਹੀਂ ਬੱਚੀ ਦੇ ਦਿਮਾਗ਼ ਵਿਚ ਹੋਰ ਅਨੇਕਾਂ ਸਮੱਸਿਆਵਾਂ ਬਾਰੇ ਸੋਚ ਚਲ ਰਹੀ ਹੁੰਦੀ ਹੈ ਜੋ ਉਸ ਦੀ ਜਾਚੇ ਵਿਆਹ ਤੋਂ ਮਗਰੋਂ ਪੈਦਾ ਹੋ ਸਕਦੀਆਂ ਹੋਣ। ਮਿਸਾਲ ਦੇ ਤੌਰ ਤੇ ਸਰਕਾਰੀ ਨੌਕਰੀ ਕਰਦੀ ਹੋਈ ਲੜਕੀ ਦੀ ਨਵੀਂ ਸਮੱਸਿਆ ਪੈਦਾ ਹੋ ਜਾਂਦੀ ਹੈ ਸਹੁਰੇ ਘਰ ਦੇ ਨਜ਼ਦੀਕ ਆਪਣੀ ਬਦਲੀ ਕਰਵਾਉਣ ਦੀ। ਹਰੇਕ ਬੱਚਾ ਏਨਾ ਸਾਧਨ ਸੰਪੰਨ ਨਹੀਂ ਹੁੰਦਾ ਕਿ ਝੱਟ ਆਪਣੀ ਬਦਲੀ ਦਾ ਪ੍ਰਬੰਧ ਕਰ ਸਕੇ। ਕਿਸੇ ਦੇ ਮਗਰ ਤਾਕਤ ਹੁੰਦੀ ਹੈ ਤੇ ਕਿਸੇ ਦੇ ਮਗਰ ਨਹੀਂ ਵੀ। ਕਈਆਂ ਨੂੰ ਢੇਰ ਸਾਰੇ ਪੈਸੇ ਖਰਚ ਕੇ ਵੀ ਬਦਲੀ ਨਸੀਬ ਨਹੀਂ ਹੁੰਦੀ। ਉਹ ਬੱਚੀਆਂ ਜੋ ਮਾਂ ਬਾਪ ਦੀ ਇਕਲੌਤੀ ਸੰਤਾਨ ਹੁੰਦੀਆਂ ਹਨ ਦੀਆਂ ਸਮੱਸਿਆਵਾਂ ਸਭ ਤੋਂ ਵੱਧ ਬਲਕਿ ਬਹੁ ਮੁਖੀ ਹੁੰਦੀਆਂ ਹਨ।ਕਮਾਊ ਮਾਪਿਆਂ ਦੀਆਂ ਸਮੱਸਿਆਵਾਂ ਜ਼ਰਾ ਘੱਟ ਤੇ ਬਜ਼ੁਰਗ ਹੋ ਚੁੱਕਿਆਂ ਦੀਆਂ ਜ਼ਰਾ ਵੱਧ। ਇਹ ਵੀ ਬੋਝ ਵਿਚਾਰੀ ਆਪਣੇ ਦਿਮਾਗ਼ ਉਪਰ ਲਈ ਫਿਰਦੀ ਰਹਿੰਦੀ ਹੈ।

ਸਹੁਰੇ ਘਰ ਵਿਚ ਪਤੀ ਦੇਵ ਕਿਸ ਤਰ੍ਹਾਂ ਦੇ ਹੋਣਗੇ। ਪਹਿਲੀ ਹੀ ਮੁਲਾਕਾਤ ਲਈ ਤਿਆਰ ਕਰਨ ਲਈ ਉਸ ਵਿਚਾਰੀ ਨੂੰ ਸੌ ਸੌ ਸੋਚਾਂ ਦਿਮਾਗ ਵਿਚ ਘੁੰਮਦੀਆਂ ਹਨ। ਸਿਆਣੀਆਂ ਮਾਵਾਂ ਤੇ ਸਿਆਣੀਆਂ ਵੱਡੀਆਂ ਭਰਜਾਈਆਂ ਬੱਚੀ ਨੂੰ ਵਿਸ਼ੇਸ਼ ਤੌਰ ਤੇ ਇਸ ਸਮੇਂ ਲਈ ਉਚੇਚੀ ਸਿਖਿਆ ਦੇ ਕੇ ਤੋਰਦੀਆਂ ਹਨ। ਇਸ ਤਰ੍ਹਾਂ ਉਹ ਬੱਚੀਆਂ ਪਹਿਲੀ ਮੁਲਾਕਾਤ ਸਮੇਂ ਹੀ ਆਪਣੇ ਪਤੀ ਦੇਵ ਨੂੰ ਆਪਣਾ ਜ਼ਿੰਦਗੀ ਪ੍ਰਤੀ ਨਜ਼ਰੀਏ ਬਾਰੇ ਪੱਖ ਰੱਖ ਕੇ ਆਪਣੀਆਂ ਸੁਘੜ ਸਿਆਣਪਾਂ ਤੋਂ ਜਾਣੂ ਕਰਵਾ ਕੇ ਆਉਣ ਵਾਲੀ ਜ਼ਿੰਦਗੀ ਪ੍ਰਤੀ ਆਪਣਾ ਰਾਹ ਮੋਕਲਾ ਕਰ ਲੈਂਦੀਆਂ ਹਨ। ਪਰ ਇਸ ਸਭ ਕੁਝ ਦੀ ਭੂਮਿਕਾ ਉਸ ਕੰਨਿਆਂ ਵਿਚਾਰੀ ਨੂੰ ਲਾਵਾਂ ਸਮੇਂ ਜਾਂ ਉਸ ਤੋਂ ਪਹਿਲਾਂ ਹੀ ਤਿਆਰ ਕਰ ਲੈਣੀ ਪੈਂਦੀ ਹੈ । ਇਹ ਉਸ ਦੀ ਵਿਆਹ ਤੋਂ ਪਹਿਲਾਂ ਚਿੰਤਾ ਦਾ ਇਕ ਵਿਸ਼ਾ ਹੁੰਦਾ ਹੈ।ਇਸ ਸਾਰੀ ਭੂਮਿਕਾ ਲਈ ਤਿਆਰ ਕਰਨ ਲਈ ਕੇਵਲ ਤੇ ਕੇਵਲ ਇਸਤਰੀਆਂ ਦਾ ਵੱਧ ਤੋਂ ਵੱਧ ਯੋਗਦਾਨ ਹੁੰਦਾ ਹੈ।ਵਿਆਹ ਤੋਂ, ਲਾਵਾਂ ਤੋਂ ਪਹਿਲਾਂ ਮਾਂ, ਭੈਣ, ਭਰਜਾਈਆਂ ਤੇ ਵਿਆਹ ਤੋਂ ਬਾਅਦ ਸੱਸ ਮਾਂ, ਨਣਾਨਾ ਤੇ ਦਰਾਣੀਆਂ ਜਿਠਾਣੀਆਂ ਮਾਨਵਤਾ ਵਾਦੀ ਵਧੀਆ ਭੂਮਿਕਾ ਨਿਭਾ ਕੇ ਲਾੜੀ-ਨਵੀਂ ਬਣੀਂ ਪਤਨੀ ਦੀ ਭੂਮਿਕਾ ਸੌਖੀ ਬਣਾ ਸਕਦੀਆਂ ਹਨ। ਇਸ ਸਾਰੀ ਦੀ ਸਾਰੀ ਕਵਾਇਦ ਵਿਚ ਮਰਦ ਦੀ ਭੂਮਿਕਾ ਕੇਵਲ ਤੇ ਕੇਵਲ ਵਿਆਹ ਪਿੱਛੋਂ ਪਤੀ ਦੇ ਰੂਪ ਵਿਚ ਲਾੜੇ ਵਜੋਂ ਹਿਸੇ ਆਉਂਦੀ ਹੈ ।

ਇਹ ਸਾਰੇ ਦੇ ਸਾਰੇ ਸੂਤਰਧਾਰ ਜੇਕਰ ਆਪਣੇ ਆਪਣੇ ਥਾਂ ਸਿਆਣਪ ਸੁਹਿਰਦਤਾ ਤੋਂ ਕੰਮ ਲੈਣ ਤਾਂ ਬੱਚੀ ਲਈ ਨਵੇਂ ਜੀਵਨ ਵਿਚ ਪਰਵੇਸ਼ ਸਹਿਜ ਤੇ ਸਰਲ ਹੋ ਸਕਦਾ ਹੈ ਤਾਂ ਜੋ ਉਹ ਭਵਿਖ ਵਿਚ ਇਕ ਸਫਲ ਮਹਿਲਾ ਸਾਬਤ ਹੋ ਸਕੇ ਜਿਸ ਉਤੇ ਪੂਰੇ ਦੇ ਪੂਰੇ ਸਮਾਜ ਦਾ ਭਵਿਖ ਨਿਰਭਰ ਹੋਣਾ ਹੈ।

ਮੌਕੇ ਨੂੰ ਸਫਲਤਾ ਪੂਰਬਕ ਸਿਰੇ ਚਾੜ੍ਹਨ ਲਈ ਸਥਾਨਕ ਗੁਰਦੁਆਰਾ ਪ੍ਰਬੰਧਕੀ ਸੰਸਥਾ ਜਾਂ ਮਾਪਿਆਂ ਨੂੰ ਚਾਹੀਦਾ ਹੈ ਕਿ ਸਿੱਖ ਰਹਿਤ ਮਰਿਆਦਾ ਨੂੰ ਗ਼ੈਰਜ਼ਰੂਰੀ ਤੌਰ ਤੇ ਵਿਚ ਨਾ ਘਸੋੜ ਕੇ ਲਾਵਾਂ ਪੜ੍ਹਨ ਦਾ ਕਾਰਜ ਕਿਸੇ ਉਚ ਸਿਖਿਆ ਪ੍ਰਾਪਤ ਗੁਰੂ ਗ੍ਰੰਥ ਸਾਹਿਬ ਜੀ ਦੇ ਰਸੀਏ ਪੱਕੇ ਵਿਦਵਾਨ ਨੂੰ ਸੌਂਪਿਆ ਜਾਵੇ ਜੋ ਪਹਿਲਾਂ ਹੀ ਬਚੀ ਬੱਚੇ ਨੂੰ ਤਿਆਰ ਕਰ ਸਕੇ ਕਿ ਲਾਵਾਂ ਸਮੇਂ ਬਹੁਤ ਹਾਰ ਸ਼ਿੰਗਾਰ ਵਾਲੇ ਭੜਕੀਲੇ ਭਾਰੇ ਕਪੜੇ ਨਾ ਪਹਿਨਣ ਬਲਕਿ ਮੌਕੇ ਅਨੁਸਾਰ ਸੁਹਣੇ ਸਜਦੇ ਸਧਾਰਨ ਪੁਸ਼ਾਕੇ ਪਹਿਨ ਕੇ ਲਾਵਾਂ ਲਈ ਤਿਆਰ ਕਰ ਕੇ ਗੁਰੂ ਗਰੰਥ ਸਹਿਬ ਜੀ ਦੇ ਸਨਮੁਖ ਬਾਕੀ ਸੰਗਤ ਦ ਮੌਜੂਦਗੀ ਵਿਚ ਆਸਣ ਲਵਾ ਕੇ ਬਿਠਾਏ ਜਾਣ ਤੇ ਉਥੇ ਹੀ ਬੈਠਿਆਂ ਦੀਆਂ ਹੀ ਲਾਵਾਂ ਪੜ੍ਹ ਦਿੱਤੀਆਂ ਜਾਣ।

ਉਪਰੰਤ 15,20 ਮਿੰਟ ਵਾਸਤੇ ਇਕ ਛੋਟਾ ਜਿਹਾ ਵਖਿਆਨ/ਸਿਖਿਆ ਲਾੜੇ ਲਾੜੀ ਦੀ ਆਉਣ ਵਾਲੀ ਜ਼ਿੰਦਗੀ ਨੂੰ ਸਨਮੁਖ ਰਖਦੇ ਹੋਏ ਲਾਵਾਂ ਪੜ੍ਹਨ ਵਾਲੇ ਵਿਦਵਾਨ ਸੱਜਣ ਜਾਂ ਗਰੰਥੀ ਭਾਈ ਗੁਰੂ ਗਰੰਥ ਸਾਹਿਬ ਜੀ ਦੀ ਵਿਚਾਰਧਾਰਾ ਤੇ ਅਧਾਰਿਤ ਸੁਣਾਉਣ । ਉਪਰੰਤ ਅਰਦਾਸਾ ਹੋਣ ਤੋਂ ਬਾਅਦ ਰਸਮ ਦੀ ਸਮਾਪਤੀ ਹੋਵੇ। ਇਸ ਤਰ੍ਹਾਂ ਬੱਚੀ ਦੇ ਸਿਰ ਤੋਂ ਗ਼ੈਰ ਜ਼ਰੂਰੀ ਬੋਝ ਉਤਾਰ ਕੇ ਮੌਕੇ ਨੂੰ ਸੁੰਦਰ ਖ਼ੁਸ਼-ਗਵਾਰ ਬਣਾਇਆ ਜਾ ਸਕਦਾ ਹੈ।

# ਸਾਹਿਤ ਸਭਾ ਹੁਸ਼ਿਆਰਪੁਰ ਵਲੋਂ ਪ੍ਰਵਾਸੀ ਸ਼ਾਇਰਾ ਨੀਲਮ ਸੈਣੀ ਦੀ ਪੁਸਤਕ ਤੇ ਗੋਸ਼ਟੀ

















**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ (ਰਜਿ.) ਹੁਸ਼ਿਆਰਪੁਰ ਵਲੋਂ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਖੇ ਪ੍ਰਵਾਸੀ ਸ਼ਾਇਰਾ ਨੀਲਮ ਸੈਣੀ ਦੀ ਖੋਜ ਪੁਸਤਕ ਉਸਾਡੀਆਂ ਰਸਮਾਂ ਸਾਡੇ ਗੀਤ" ਤੇ ਗੋਸ਼ਟੀ ਕਰਵਾਈ ਗਈ ਜਿਸ ਦੀ ਪ੍ਰਧਾਨਗੀ ਪ੍ਰਿੰਸੀ. ਪਰਮਜੀਤ ਸਿੰਘ, ਡਾ. ਕਰਮਜੀਤ ਸਿੰਘ, ਪ੍ਰੋ. ਸੰਧੂ ਵਰਿਆਣਵੀ, ਹਰਭਜਨ ਸਿੰਘ ਕਾਬਲੀ, ਕਹਾਣੀਕਾਰ ਅਜਮੇਰ ਸਿੱਧੂ ਅਤੇ ਮਦਨਵੀਰਾ ਨੇ ਕੀਤੀ। ਡਾ. ਸਰਦੂਲ ਸਿੰਘ ਨੇ ਸਵਾਗਤੀ ਸ਼ਬਦ ਪੇਸ਼ ਕਰਦਿਆਂ ਸਭਾ ਦੇ ਸਰੋਕਾਰਾਂ ਤੇ ਝਾਤ ਪੁਆਈ। ਪ੍ਰੋ. ਤੇ ਆਲੋਚਕ ਜੇ. ਬੀ. ਸੇਖੋਂ ਨੇ ਪਹਿਲਾ ਪਰਚਾ ਪੇਸ਼ ਕਰਦਿਆਂ ਕਿਹਾ ਕਿ ਲੋਕਧਾਰਾ ਨਿਰੰਤਰ ਚਲਦੀ ਰਹਿੰਦੀ ਹੈ।ਇਸ ਵਿਚ ਨਵਾਂ ਬਿਲਕੁਲ ਮਾੜਾ ਨਹੀਂ ਹੁੰਦਾ ਅਤੇ ਪੁਰਾਣਾ ਸਾਰਾ ਚੰਗਾ ਨਹੀਂ ਹੁੰਦਾ। ਭਾਵੇਂ ਇਸ ਖੋਜ ਕਾਰਜ ਦੀਆਂ ਕੁਝ ਸੀਮਾਵਾਂ ਹਨ ਪਰ ਇਹ ਕਿਤਾਬ ਦਾ ਨੁਕਸ ਨਹੀਂ। ਅਜਮੇਰ ਸਿੱਧੂ ਨੇ ਲੇਖਿਕਾ ਦੇ ਖੋਜ ਕਾਰਜ ਦੀ ਸਰਾਹਨਾ ਕਰਦਿਆਂ ਵਿਦੇਸ਼ੀ ਧਰਤੀ ਤੇ ਉਸਦੇ ਸਾਹਿਤਕ ਅਤੇ ਸਮਾਜਿਕ ਸਫਰ ਬਾਰੇ ਗੱਲਾਂ ਕੀਤੀਆਂ। ਨਵਤੇਜ ਗੜ੍ਹਦੀਵਾਲਾ ਨੇ ਲੋਕ ਗੀਤਾਂ ਵਿਚ ਔਰਤ ਦੀ ਹੋਣੀ ਦੀਆਂ ਜੜ੍ਹਾਂ ਰਿਗਵੇਦ ਵਿਚੋਂ ਤਲਾਸ਼ਣ ਦੀ ਗੱਲ ਕਰਦਿਆਂ ਬਹੁਤ ਸਾਰੇ ਸਵਾਲ ਉਠਾਏ। ਡਾ. ਰਵਿੰਦਰ ਕੌਰ ਨੇ ਇਸ ਪੁਸਤਕ ਨੂੰ ਦੁਆਬੇ ਦੇ ਲੋਕ ਗੀਤਾਂ ਦੀ ਪ੍ਰਤੀਨਿੱਧ ਪੁਸਤਕ ਕਿਹਾ।ਪ੍ਰੋ. ਵਰਿਆਣਵੀ ਨੇ ਲੋਕ ਗੀਤਾਂ ਵਿਚ ਔਰਤ ਦੇ ਮਨ ਦੀ ਵੇਦਨਾ ਬਾਰੇ ਗੱਲਾਂ ਕਰਦਿਆਂ ਰਮਾਇਣ ਅਤੇ ਮਹਾਂਭਾਰਤ ਵਿਚੋਂ ਅਨੇਕਾਂ ਉਦਾਹਰਣਾਂ ਦਿੱਤੀਆਂ। ਮਦਨਵੀਰਾ ਨੇ ਲੇਖਿਕਾ ਦੇ ਵਿਦੇਸ਼ ਵਿਚ ਰਹਿੰਦਿਆਂ ਅਚੇਤ ਅਤੇ ਸੁਚੇਤ ਰੂਪ ਵਿਚ ਮਿੱਟੀ ਦੇ ਮੋਹ ਕਰਕੇ ਇਸ ਪੁਸਤਕ ਦੇ ਹੋਂਦ ਵਿਚ ਆਉਣ ਦੀ ਗੱਲ ਆਖੀ।ਸਵਾਲਾਂ ਦੇ ਜਵਾਬ ਦਿੰਦਿਆਂ ਨੀਲਮ ਸੈਣੀ ਨੇ ਪੁਸਤਕ ਵਿਚੋਂ ਕੁਝ ਲੋਕ ਗੀਤ ਗਾ ਕੇ ਸੁਣਾਏ। ਬਹਿਸ ਨੂੰ ਸਮੇਟਦਿਆਂ ਡਾ. ਕਰਮਜੀਤ ਸਿੰਘ ਨੇ ਲੋਕਧਾਰਾ ਨੂੰ ਨਵੀਂ ਸ੍ਰਿਸ਼ਟੀ ਤੋਂ ਦੇਖਣ ਅਤੇ ਪ੍ਰਖਣ ਦੀ ਗੱਲ ਆਖੀ।ਸੇਖੋਂ ਦੀ ਗੱਲ ਨਾਲ ਸਹਿਮਤ ਹੁੰਦਿਆਂ ਉਨ੍ਹਾਂ ਆਖਿਆਂ ਕਿ ਪੰਜਾਬ ਜਾਂ ਪੰਜਾਬੀ ਲੋਕਧਾਰਾ ਇਕੱਲੀ ਇੱਕ ਧਿਰ ਨਾਲ ਨਹੀਂ ਸਗੋਂ ਸਮੁਚੇ ਪੰਜਾਬੀ ਭਾਈਚਾਰੇ ਨਾਲ ਮਿਲ ਕੇ ਬਣਦੀ ਹੈ।ਸਟੇਜ ਦੀ ਕਾਰਵਾਈ ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਲੋਕਧਾਰਾ ਟਿੱਪਣੀਆਂ ਨਾਲ ਨਿਭਾਈ।

ਇਸ ਮੌਕੇ ਮਦਨ ਵੀਰਾ ਦੀ ਕਾਵਿ ਪੁਸਤਕ 'ਭਾਖਿਆ' ਦਾ ਤੀਜਾ ਅਡੀਸ਼ਨ, ਮੋਹਣ ਲਾਲ ਕਰੀਮਪੁਰੀ ਦੀਆਂ ਦੋ ਪੁਸਤਕਾਂ 'ਅੰਬੇਡਕਰ ਇਨਕਲਾਬ' ਅਤੇ 'ਬੁੱਧ ਭੀਮ ਕਿਰਨਾਂ', ਰਾਠੇਸ਼ਵਰ ਸਿੰਘ ਸੂਰਾਪੁਰੀਆ ਦਾ ਕਾਵਿ ਸੰਗ੍ਰਹਿ 'ਦਿਲ ਦੀ ਅਵਾਜ਼', ਅਤੇ ਹਰਜਿੰਦਰ ਹਰਗੜ੍ਹੀਆ ਦਾ ਹਫਤਾਵਰੀ ਪਰਚਾ 'ਇਨਕਲਾਬੀ ਬੁਲੇਟਿਨ' ਲੋਕ ਅਰਪਣ ਕੀਤੇ ਗਏ। ਅੰਤ ਵਿਚ ਪ੍ਰਿੰਸੀ. ਪਰਮਜੀਤ ਸਿੰਘ ਨੇ ਹਾਜ਼ਰਿਨ ਦਾ ਧੰਨਵਾਦ ਕਰਦਿਆਂ ਆਖਿਆ ਕਿ ਇਹੋ ਜਿਹੇ ਸਮਾਗਮ ਵਿਦਿਆਰਥੀਆਂ ਵਿਚ ਸਾਹਿਤ ਨਾਲ ਪਿਆਰ ਅਤੇ ਸੂਹਜ ਪੈਦਾ ਕਰਦੇ ਹਨ।ਇਸ ਸਮਾਗਮ ਵਿਚ ਗੁਰਮੀਤ ਖਾਨਪੁਰੀ, ਮਿਸ਼ਨਰੀ ਗਾਇਕ ਕੁਲਦੀਪ ਚੁੰਬਰ, ਤ੍ਰਿਪਤਾ ਕੇ ਸਿੰਘ, ਪ੍ਰਿੰ. ਸਤਵੰਤ ਕਲੋਟੀ, ਪ੍ਰੋ. ਅਵਿਨਾਸ਼ ਕੌਰ, ਤੀਰਥ ਚੰਦ ਸਰੋਆ, ਕੁਲਤਾਰ ਸਿੰਘ ਕੁਲਤਾਰ, ਕੁਲਦੀਪ ਕੌਰ ਕਾਬਲੀ, ਪ੍ਰੋ. ਸਤਨਾਮ ਸਿੰਘ, ਅਮਨਗੀਤ ਸਿੰਘ, ਰੁਪਿੰਦਰ ਸਿੰਘ ਅਰੋੜਾ, ਜਨਕਪ੍ਰੀਤ ਬੇਗੋਵਾਲ, ਸਾਂਵਲ ਧਾਮੀ, ਸਤੀਸ਼ ਰਾਣਾ, ਅਜੀਬ ਦਿਵੇਦੀ, ਲਖਵਿੰਦਰ ਰਾਮ, ਪੰਮੀ ਦਿਵੇਦੀ, ਰਾਮ ਲਾਲ ਭਗਤ, ਸੁਰਿੰਦਰ ਸਿੰਘ ਕੰਗਵੀ, ਰਸ਼ਪਾਲ ਸਿੰਘ, ਬਲਵੀਰ ਸਿੰਘ ਤੂਰਾ, ਹਰਵਿੰਦਰ ਸਿੰਘ, ਸਰਬਜੀਤ ਕੌਰ,ਲਵਦੀਪ ਸਿੰਘ, ਅਕਾਸ਼ ਗੁਪਤਾ, ਰੋਮੀ, ਮਿਨਾਕਸ਼ੀ, ਪੂਜਾ, ਮਨਜਿੰਦਰ ਕੌਰ, ਸੁਨੀਤਾ ਰਾਣੀ, ਸਵਿੰਦਰ ਸਿੰਘ, ਸ਼ਮਿੰਦਰ ਭਗਤ, ਦਰਸ਼ਨ ਸਿੰਘ, ਪਰਮਿੰਦਰ ਸਿੰਘ ਅਤੇ ਕਾਲਜ ਵਿਦਿਆਰਥੀ ਸ਼ਾਮਿਲ ਸਨ।

**ਰਿਪੋਰਟ: ਡਾ. ਜਸਵੰਤ ਰਾਏ,**
**ਮੋਬਾ. 9815825999**

# ਨਵੇਂ ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ ਲਈ ਅਣਛਪੀਆਂ ਕਹਾਣੀਆਂ ਦੀ ਮੰਗ

## ਪੰਜਾਬੀ ਕਹਾਣੀ ਦਰਬਾਰ 16 ਜੁਲਾਈ ਨੂੰ ਸਟਾਕਟਨ ਵਿਖੇ ਕਰਨ ਦਾ ਫੈਸਲਾ

**ਸਟਾਕਟਨ–** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੀ ਪੰਜ ਮਾਰਚ ਨੂੰ ਲੈਥਰੋਪ ਦੇ ਸੇਵਾ ਸਦਨ ਹਾਲ ਵਿੱਚ ਇੱਕ ਸਾਹਿਤਕ ਮੀਟਿੰਗ ਕੀਤੀ ਗਈ। ਇਸ ਵਿੱਚ ਸ਼ਾਮਲ ਸਾਹਿਤ ਪ੍ਰੇਮੀਆਂ ਵਲੋਂ ਆਪਣੀਆਂ ਮੌਲਿਕ ਮੁੱਲਵਾਨ ਸਾਹਿਤਕ ਰਚਨਾਵਾਂ ਸਾਝੀਆਂ ਕਰਨ ਤੋਂ ਇਲਾਵਾ ਸਾਹਿਤ ਸਭਾ ਦੀ ਚੋਣ,ਸੁਰਿੰਦਰ ਸੋਹਲ ਦਾ ਨਵਾਂ ਗਜ਼ਲ ਸੰਗ੍ਰਿਹ 'ਕਿਤਾਬ ਆਸਮਾਨ ਦੀ' ਦਾ ਲੋਕ– ਅਰਪਣ ਅਤੇਕਈ ਹੋਰ ਅਹਿਮ ਫੈਸਲੇ ਲਏ ਗਏ। ਇਸ ਸਾਹਿਤ ਸਭਾ ਦੀ ਪਿਛਲੇ ਵਰ੍ਹਿਆਂ ਦੀ ਸ਼ਾਨਦਾਰ ਕਾਰਗੁਜ਼ਾਰੀ ਨੂੰ ਵੇਖਦਿਆਂ ਪਹਿਲੀ ਕਮੇਟੀ ਨੂੰ ਫਿਰ ਦੋ ਸਾਲ ਲਈ ਚੁਣ ਲਿਆ ਗਿਆ। ਸਭ ਤੋਂ ਪਹਿਲਾਂ ਹਰਜਿੰਦਰ ਪੰਧੇਰ ਨੂੰ ਸਰਬਸੰਮਤੀ ਨਾਲ ਪ੍ਰਧਾਨ ਦੇ ਆਹੁਦੇ ਲਈ ਚੁਣ ਲਿਆ ਗਿਆ। ਫਿਰ ਉਨ੍ਹਾਂ ਨੇ ਸਭ ਹਾਜ਼ਰੀਨ ਦੀ ਸਹਿਮਤੀ ਨਾਲ ਹਰਨੇਕ ਸਿੰਘ ਨੂੰ(ਉਪ ਪ੍ਰਧਾਨ), ਤ੍ਰਿਪਤ ਸਿੰਘ ਭੱਟੀ (ਮੀਤ ਪ੍ਰਧਾਨ), ਮਨਦੀਪ ਗੋਰਾ(ਜਨਰਲ ਸਕੱਤਰ), ਚਰਨਜੀਤ ਸਾਹੀ (ਸਕੱਤਰ), ਹਰਪ੍ਰੀਤ ਕੌਰ ਧੂਤ (ਸਹਾਇਕ ਸਕੱਤਰ) ਅਤੇ ਗੁਰਪ੍ਰੀਤ ਕੌਰ ਨੂੰ (ਪ੍ਰਬੰਧਕ) ਦੇ ਤੌਰ 'ਤੇ ਆਪਣੀ ਟੀਮ ਵਿਚ ਸ਼ਾਮਲ ਕਰ ਲਿਆ। ਕਾਰਜਕਾਰੀ ਕਮੇਟੀ ਦੇ ਸਥਾਈ ਮੈਂਬਰਾਂ ਵਜੋਂ: ਪ੍ਰੋਫੈਸਰ ਹਰਭਜਨ ਸਿੰਘ, ਤਾਰਾ ਸਿੰਘ ਸਾਗਰ, ਡਾ. ਰਵੀ ਸ਼ੇਰਗਿੱਲ, ਡਾ. ਹਰਭਜਨ ਸ਼ੇਰਗਿੱਲ, ਪਰਮਜੀਤ ਸਿੰਘ ਰਾਣੂੰ,ਮਨਜੀਤ ਕੌਰ ਸੰਧੂ, ਅਮਰਪਾਲ ਸਿੰਘ ਕੰਬੋਜਨੂੰ ਇਸ ਟੀਮ ਵਿਚ ਸ਼ਾਮਲ ਕੀਤਾ ਗਿਆ।

ਇਸ ਉਪਰੰਤ 'ਕਿਤਾਬ ਆਸਮਾਨ ਦੀ' ਗਜ਼ਲ–ਸਗ੍ਰਿਹ,ਜੋ ਪੰਜਾਬੀ ਦੇ ਸੰਵੇਦਨਸ਼ੀਲ ਬਹੁਪੱਖੀ ਲੇਖਕ ਸੁਰਿੰਦਰ ਸੋਹਲ ਦੀ ਅਨਮੋਲ ਕ੍ਰਿਤ ਹੈ, ਨੂੰ ਸਾਹਿਤ ਦੀ ਝੋਲੀ ਪਾਉਣ ਦਾ ਮਾਣ ਪ੍ਰਾਪਤ ਕਰਦਿਆਂ, ਉਸ ਵਿਚਲੀਆਂ ਕੁਝ ਚੋਣਵੀਆਂ ਗਜ਼ਲਾਂ ਦੇ ਪਾਠ ਦਾ ਅਨੰਦ ਵੀ ਮਾਣਿਆ ਗਿਆ। ਹਰਜਿੰਦਰ ਪੰਧੇਰ, ਜਸਵੰਤ ਸ਼ਾਦ ਅਤੇ ਮਨਦੀਪ ਗੋਰਾ ਨੇ ਉਸਦੇ ਕਾਵਿਕ ਜੀਵਨ ਦੀਆਂ ਯਾਦਾਂ ਨੂੰ ਸਰੋਤਿਆਂ ਨਾਲ ਸਾਂਝਾ ਕੀਤਾ।



ਇਸ ਬੈਠਕ ਵਿਚ ਅਮਰੀਕਨ ਪੰਜਾਬੀ ਕਹਾਣੀਕਾਰਾਂ ਦੇ ਕਹਾਣੀ ਪ੍ਰਤੀ ਵਧਦੇ ਸਿਰਜਨਾਤਮਕ ਉਤਸ਼ਾਹ ਅਤੇ ਉਸਾਰੂ ਰਵਈਏ ਨੂੰ ਵੇਖਦਿਆਂ, ਇਕ ਨਵਾਂ ਅਮਰੀਕੀ ਪੰਜਾਬੀ ਕਹਾਣੀ–ਸੰਗ੍ਰਹਿ ਸੰਪਾਦਤ ਤੇ ਪ੍ਰਕਾਸ਼ਿਤ ਕਰਨ ਦਾ ਫੈਸਲਾ ਕੀਤਾ ਗਿਆ। ਇਸ ਸੰਗ੍ਰਹਿਲਈ ਕਹਾਣੀਆਂ ਭੇਜਣ ਦੀ ਅੰਤਿਮ ਤਾਰੀਖ 31 ਦਸੰਬਰ, 2017 ਹੋਵੇਗੀ। ਇਸ ਸੰਗ੍ਰਹਿ ਲਈ ਸਿਰਫ ਪਰਵਾਸੀ ਸਰੋਕਾਰ ਅਤੇ ਗਲੋਬਲੀ ਚੇਤਨਾ ਵਾਲੀਆਂ ਨਵੀਆਂ ਮੌਲਿਕ ਅਤੇ ਅਣਛਪੀਆਂ ਕਹਾਣੀਆਂ ਦੀ ਹੀ ਮੰਗ ਕੀਤੀ ਗਈ ਹੈ। ਇਸ ਸੰਗ੍ਰਿਹ ਦੇ ਸੰਪਾਦਕੀ ਮੰਡਲ ਵਿਚ: ਸੁਰਿੰਦਰ ਸੋਹਲ, ਹਰਜਿੰਦਰ ਪੰਧੇਰ ਅਤੇ ਹਰਮੁਹਿੰਦਰ ਚਹਿਲ ਸ਼ਾਮਲ ਹੋਣਗੇ।

ਸਾਹਿਤ ਸਭਾ ਸਟਾਕਟਨ ਵਲੋਂ 16 ਜੁਲਾਈ (ਦਿਨ ਐਤਵਾਰ) ਨੂੰ ਸਟਾਕਟਨ ਵਿਖੇ ਇਕ ਸ਼ਾਨਦਾਰ ਕਹਾਣੀ ਦਰਬਾਰ ਦਾ ਅਯੋਜਨ ਕਰਨ ਦਾ ਮਹੱਤਵਪੂਰਨ ਫੈਸਲਾ ਵੀ ਲਿਆ ਗਿਆ ਹੈ। ਇਸ ਵਿੱਚ ਹਾਜ਼ਰ ਕਹਾਣੀਕਾਰਾਂ ਵੱਲੋਂ ਨਵੀਆਂ ਕਹਾਣੀਆਂ ਪੜ੍ਹੀਆਂ ਜਾਣਗੀਆਂ ਅਤੇ ਉਨ੍ਹਾਂ ਬਾਰੇ ਵਿਚਾਰ ਚਰਚਾ ਕੀਤੀ ਜਾਵੇਗੀ। ਇਸ ਕਹਾਣੀ ਦਰਬਾਰ ਵਿਚ ਇਸ ਵਾਰ ਮਿੰਨੀ ਕਹਾਣੀ ਨੂੰ ਵੀ ਵਿਧਾ ਵਜੋਂ ਯੋਗ ਥਾਂ ਦਿੱਤੀ ਜਾਵੇਗੀ। ਇਸ ਤੋਂ ਇਲਾਵਾ, ਸਮੁੱਚੇ ਪੰਜਾਬੀ ਸਾਹਿਤ ਜਗਤ ਨੂੰ ਇਹ ਜਾਣ ਕੇ ਵੀ ਬੇਅੰਤ ਖੁਸ਼ੀ ਹੋਵੇਗੀ ਕਿ ਦਰਸ਼ਨ ਬੁਲੰਦਵੀ, ਅਜ਼ੀਮ ਸ਼ੇਖਰ ਅਤੇ ਕੁਲਵੰਤ ਕੌਰ ਢਿੱਲੋਂ ਦੁਆਰਾ ਸੰਪਾਦਤ – 'ਪਰਵਾਸੀ ਪੰਜਾਬੀ ਕਾਵਿ–ਸੰਗ੍ਰਿਹ: 'ਵਰਤਮਾਨ ਦੇ ਆਰ–ਪਾਰ' – ਮੁਕੰਮਲ ਹੋ ਗਆ ਹੈ ਅਤੇ ਛਪਣ ਲਈ ਜਾ ਚੁੱਕਾ ਹੈ। ਇਸ ਵਿਚ 77 ਪਰਵਾਸੀ ਪੰਜਾਬੀ ਸ਼ਾਇਰਾਂ ਦੀਆਂ ਕਾਵਿ–ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਇਹ ਕਾਵਿ–ਸੰਗ੍ਰਿਹ ਅਤੇ ਕੁਝ ਹੋਰ ਨਵ–ਪ੍ਰਕਾਸ਼ਿਤ ਪੁਸਤਕਾਂ 16 ਜੁਲਾਈ ਦੇ ਸਮਾਗਮ ਦੌਰਾਨ ਰਿਲੀਜ਼ ਕੀਤੀਆਂ ਜਾਣਗੀਆਂ।

**ਰਿਪੋਰਟ: ਹਰਜਿੰਦਰ ਪੰਧੇਰ (209 610 5055)**

# ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

## ਪੱਖ ਪ੍ਰਵਾਸੀਆਂ ਦਾ



ਤਰਲੋਚਨ ਸਿੰਘ ਦੁਪਾਲਪੁਰ
001-408-915-1265

ਲੈ ਕੇ ਪ੍ਰੇਰਨਾ ਗਦਰੀਆਂ ਬਾਬਿਆਂ ਤੋਂ
ਪਹੁੰਚੇ ਸਨ ਪੰਜਾਬ ਦਾ ਦਰਦ ਕਰਕੇ।

ਆਟਾ-ਦਾਲ ਸਕੀਮਾਂ ਤੇ ਨਾਲ ਨਸ਼ਿਆਂ
ਰੱਖ ਦਿੱਤੇ ਪੰਜਾਬੀ ਸੀ ਸਰਦ ਕਰਕੇ।

ਧੂੰਆਂ ਧਾਰ ਪ੍ਰਚਾਰ 'ਤੇ ਜ਼ੋਰ ਲਾਇਆ
ਮਾਰੂ ਨੀਤੀਆਂ ਤਾਈਂ ਬੇ-ਪਰਦ ਕਰਕੇ।

ਵੱਡੀ ਆਸ ਵਿਚ ਚਿਹਰੇ ਜੋ ਚਮਕਦੇ ਸੀ
ਗਿਆਰਾਂ ਮਾਰਚ ਨੇ ਰੱਖ 'ਤੇ ਜ਼ਰਦ ਕਰਕੇ।

ਔਖਾ ਹੁੰਦਾ ਸਹਾਰਨਾ ਹਾਰਿਆਂ ਲਈ
ਜਿੱਤੀ ਧਿਰ ਦੀਆਂ ਸੁਣਦਿਆਂ ਹਾਸੀਆਂ ਨੂੰ।

ਅਣਕਿਆਸੀ ਜਿਹੀ ਹਾਰ ਨਾ ਹਜ਼ਮ ਹੁੰਦੀ
ਸਦਮਾਂ ਲੱਗਿਆ ਬਹੁਤ ਪ੍ਰਵਾਸੀਆਂ ਨੂੰ!

## ਹਨੇਰੇ ਅਤੇ ਉਜਾਲੇ



ਹਰ ਇਕ ਜ਼ਿੰਦਗੀ 'ਚ ਹਨੇਰੇ ਅਤੇ ਉਜਾਲੇ ਨੇ।
ਨਾਲ ਨਾਲ ਗਮੀ ਖੁਸ਼ੀ ਦੇ ਚਲਦੇ ਹਵਾਲੇ ਨੇ।

ਉਪਰੋਂ ਉਪਰੋਂ ਤਾਂ ਹਾਸੇ ਸੋਹਣੇ ਲਗਦੇ ਪਰ,
ਕਦੇ ਕਦੇ ਇਹ ਅੰਦਰੋਂ ਹੁੰਦੇ ਮਧੋਲੇ ਨੇ।

ਜੱਗ 'ਤੇ ਜੀਵਨ 'ਚ ਜਸ਼ਨਾਂ ਦੇ ਮੰਜ਼ਰ ਥੋੜ੍ਹੇ,
ਸੋਚੀਏ ਤਾਂ ਯਾਰੋ, ਮੌਤਾਂ ਦੇ ਮੰਜ਼ਰ ਵਾਲ੍ਹੇ ਨੇ।

ਉਂਝ ਵੀ ਤਾਂ ਕੁਦਰਤੀ ਤੂਫਾਨਾਂ ਤੋਂ ਬਚਣਾ ਔਖਾ,
ਬੇਸ਼ੱਕ ਸੱਜਣੋ, ਇਹ ਆਉਂਦੇ ਵੇਲੇ ਕੁਵੇਲੇ ਨੇ।

ਸੱਪਾਂ ਨੂੰ ਪਟਾਰੀ 'ਚ ਕੈਦ ਰੱਖਦੇ ਗਬਾਲੇ,
ਸੱਪ ਅਜ਼ਾਦ ਹੋ ਜਾਂਦੇ, ਜਦ ਮਰਦੇ ਗਬਾਲੇ ਨੇ।

ਵੈਸੇ ਵੀ ਹਰੇਕ ਚੁੱਲ੍ਹੇ ਦੀ ਰੋਟੀ 'ਚ ਫਰਕ ਹੁੰਦੈ,
ਕਿਸੇ ਰੋਟੀ ਦੇ ਥੋੜ੍ਹੇ, ਕਿਸੇ ਦੇ ਬਹੁਤੇ ਨਿਵਾਲੇ ਨੇ।

ਆਪਾਂ ਸਾਰੇ ਹੀ ਇੱਥੇ ਸੈਰ ਕਰਨ ਆਏ ਹਾਂ,
ਇਸ ਲਈ ਬੁਢਾਪੇ 'ਚ, ਪੈਰਾਂ ਦੇ ਰੜਕਦੇ ਛਾਲੇ ਨੇ।

ਕਿਸੇ ਨੂੰ ਵੀ ਕੁਝ ਨੀ ਪਤਾ 'ਕਮਲ' ਕੱਲ੍ਹ ਦਾ,
ਕਿ ਭਾਗਾਂ 'ਚ ਕਿੰਨੇ ਹਨ੍ਹੇਰੇ ਤੇ ਕਿੰਨੇ ਉਜਾਲੇ ਨੇ।

**- ਕਮਲ ਬੰਗਾ ਸੈਕਰਾਮੈਂਟੋ**
916-897-8570

## ਟੱਪੇ

ਅੰਜੂ 'ਵ' ਰੱਤੀ 'ਕਸਕ'
ਸ਼ਾਲੀਮਾਰ ਨਗਰ, ਹੁਸ਼ਿਆਰਪੁਰ



1 ਅੱਖੀਂ ਸੁਰਮਾ ਮੈਂ ਪਾ ਬੈਠੀ,
ਤੇਰੇ ਨਾਲ ਦਿਲ ਲਾ ਕੇ
ਵੇ ਮੈਂ ਚੈਨ ਗਵਾ ਬੈਠੀ।

2 ਡਾਹਡਾ ਮਨ ਮੁਸਕਾਇਆ ਵੇ,
ਗਲੀ ਵਿੱਚੋਂ ਲੰਘਦਾ ਹੋਇਆ
ਮਾਹੀਆ ਨਜ਼ਰੀ ਆਇਆ ਏ।

3 ਤੇਰੇ ਨਾਲ ਨਿਭਾਵਾਂ ਮੈਂ,
ਸੁੱਖ ਦੇਵੇਂ, ਦੁੱਖ ਦੇਵੇਂ
ਝੋਲੀ ਵਿੱਚ ਪਾਵਾਂ ਮੈਂ।

4 ਤਹਿ ਲੱਗੀ ਏ ਰੁਮਾਲਾਂ ਦੀ,
ਫੇਰਾ ਕਿਤੇ ਪਾ ਮਾਹੀਆ
ਪੰਡ ਚੁੱਕੀ ਮੈਂ ਖਿਆਲਾਂ ਦੀ।

5 ਕੋਈ ਚਮਕੇ ਸਿਤਾਰਾ ਵੇ,
ਦੱਸਾਂ ਕਿੰਨਾ ਤੇਰੇ ਬਾਜੋਂ
ਸਾਡਾ ਔਖਾ ਗੁਜ਼ਾਰਾ ਏ।

6 ਥਾਲੀ 'ਚ ਪਤਾਸਾ ਏ,
ਢੂੰਡਿਆ ਮੈਂ ਜੱਗ ਸਾਰਾ
ਮੁੱਲ ਵਿਕਦਾ ਨਾ ਹਾਸਾ ਏ।

7 ਕਿਤੇ ਠੰਡੜੀ ਹਵਾ ਚੱਲਦੀ,
ਦੂਰ ਗਏ ਸੱਜਣਾ ਦਾ
ਪੈਗਾਮ ਹੈ ਨਿੱਤ ਘੱਲਦੀ।

## ਵਿਪਸਾ ਵਲੋਂ ਪੰਜਾਬੀ ਰੇਡੀਓ ਯੂ ਐਸ ਏ ਤੇ ਯਾਦਗਾਰੀ ਕਵੀ ਦਰਬਾਰ

ਬੀਤੇ ਸ਼ਨੀਵਾਰ, ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਇਕ ਮਹੱਤਵ ਪੂਰਨ ਬੈਠਕ, ਪੰਜਾਬੀ ਰੇਡੀਓ, ਯੂ ਐਸ ਏ ਦੇ ਸਟੂਡੀਓ ਵਿਖੇ ਅਧਿਕਾਰਕ ਜਨਾਬ ਹਰਜੋਤ ਸਿੰਘ ਖਾਲਸਾ ਵਲੋਂ ਕੀਤੀ ਗਈ। ਇਸ ਦੇ ਪਹਿਲੇ ਏਜੰਡੇ ਅਨੁਸਾਰ, ਅਕੈਡਮੀ ਦੇ ਸਰਕਰਦਾ ਮੈਂਬਰ ਸੁਖਵਿੰਦਰ



ਕੰਬੋਜ ਦੇ ਮਾਣ ਯੋਗ ਸਹੁਰਾ ਸਾਹਿਬ, ਜਨਾਬ ਵਲੈਤੀ ਰਾਮ ਗੁਪਤਾ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ, ਇਕ ਸ਼ੋਕ ਮਤਾ ਪਾਸ ਕੀਤਾ ਗਿਆ ਅਤੇ ਇਕ ਮਿੰਟ ਦੀ ਖ਼ਾਮੋਸ਼ੀ ਵਿਚ ਉਹਨਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਸੁਖਵਿੰਦਰ ਕੰਬੋਜ ਨੇ ਉਹਨਾਂ ਪ੍ਰਤੀ ਵਡਮੁੱਲੇ ਸ਼ਬਦਾਂ ਨਾਲ ਉਹਨਾਂ ਦੀ ਉਸਾਰੂ, ਅਗਾਂਹਵਧੂ ਅਤੇ ਉਪਜਾਊ ਜੀਵਨ ਯਾਤਰਾ ਪ੍ਰਤੀ ਚਾਨਣ ਪਾਇਆ। ਦੂਜੇ ਏਜੰਡੇ ਅਨੁਸਾਰ ਵਿਪਸਾ ਦੀਆਂ ਅਗਾਂਹਵਧੂ ਕਾਰਦ-ਕਰਗੀਆਂ ਦੇ ਸੰਬੰਧ ਵਿਚ ਸਮੁੱਚੇ ਤੌਰ ਤੇ ਇਸ ਦੀ ਨਵੀਂ ਕਾਰਜ ਕਾਰਨੀ ਲਈ ਚੋਣ ਦਾ ਮਤਾ ਪਾਸ ਕੀਤਾ ਗਿਆ। ਇਹ ਚੋਣ ਮਿਤੀ 22 ਅਪਰੈਲ ਨੂੰ, ਫਰੀਮਾਂਟ ਵਿਖੇ, ਵਿਪਸਾ ਦੇ ਸੰਵਿਧਾਨ ਅਨੁਸਾਰ ਹੋਵੇਗੀ, ਜਿਸ ਦਾ ਚੋਣ ਕਮਿਸ਼ਨਰ ਡਾ ਗੁਰੂਮੇਲ ਸਿੱਧੂ ਹੋਵੇਗਾ। ਸਮੇਂ ਅਤੇ ਸਥਾਨ ਪ੍ਰਤੀ ਜਾਣਕਾਰੀ ਅਗਲੀ ਸੂਚਨਾ ਅਨੁਸਾਰ ਦਿੱਤੀ ਜਾਵੇਗੀ।

ਆਖਰੀ ਅਤੇ ਮਹੱਤਵ ਪੂਰਵਕ ਦੌਰ ਵਿਚ ਵਿਪਸਾ ਵਲੋਂ ਪ੍ਰਸਤੁਤ ਅਤੇ ਪੰਜਾਬੀ ਰੇਡੀਓ ਯੂ ਐਸ ਏ ਵਲੋਂ ਭੁਗੋਲਿਕ ਪੱਧਰ ਤੇ ਪ੍ਰਸਾਰਿਤ ਕਵੀ ਦਰਬਾਰ ਆਯੋਜਿਤ ਕੀਤਾ ਗਿਆ। ਇਸ ਦਾ ਸੰਚਾਲਨ ਸੁਖਵਿੰਦਰ ਕੰਬੋਜ ਨੇ ਜਿਸ ਪ੍ਰਤਿਭਾ, ਵਿਗਿਆਨਕ ਪੁੱਠ ਅਤੇ ਕਟਾਕਸ਼ ਭਰਪੂਰ ਅੰਦਾਜ਼ ਵਿਚ ਕੀਤਾ ਉਸ ਨੇ ਇਸ ਕਵੀ ਗੋਸ਼ਟੀ ਨੂੰ ਚਾਰ ਚੰਨ ਲਾ ਦਿੱਤੇ। ਇਸ ਕਵਿਤਾ ਪਾਠ ਦੇ ਸਿਰਮੌਰ ਸ਼ਾਇਰਾਂ ਵਿਚ ਜਨਾਬ ਅਜ਼ਾਦ ਜਲੰਧਰੀ, ਈਸ਼ਰ ਸਿੰਘ ਮੋਮਨ, ਮੋਹਨ ਸਿੰਘ ਚਰਖਾ, ਗੁਰਮੀਤ ਬਰਸਾਲ, ਕਮਲਦੇਵ ਪਾਲ, ਹਰਭਜਨ ਸਿੰਘ ਢਿੱਲੋਂ, ਸੁਖਵਿੰਦਰ ਕੰਬੋਜ, ਗਗਨ ਜੀ ਅਤੇ ਨਾਚੀਜ਼ (ਆਪ ਦਾ ਕੁਲਵਿੰਦਰ) ਸ਼ਾਮਲ ਹੋਏ। ਹੋਰ ਹਾਜ਼ਰ ਮੈਂਬਰਾਂ ਵਿਚ ਜਨਾਬ ਤਾਂਗੜੀ ਸਾਹਿਬ, ਤਾਰਾ ਸਿੰਘ ਸਾਗਰ, ਸੁਰਿੰਦਰ ਸੀਰਤ ਅਤੇ ਪੰਜਾਬ ਰੇਡੀਓ ਦੇ ਸਰਕਦਾ ਮੈਂਬਰ ਸ਼ਾਮਲ ਰਹੇ। ਇਕ ਜਾਣਕਾਰੀ ਅਨੁਸਾਰ ਇਹ ਦੱਸਣਾ ਉਚਿਤ ਹੈ ਕਿ ਹਰ ਸਨਿੱਚਰਵਾਰ ਨੂੰ 4 ਤੋਂ 5:30 ਸ਼ਾਮ ਇਸ ਕਵੀ ਦਰਬਾਰ ਦਾ ਬੀਤੇ ਛੇਆਂ ਵਰਿਆਂ ਤੋਂ, ਹਰਭਜਨ ਸਿੰਘ ਢਿੱਲੋਂ ਦੀ ਸਰਪਰਸਤੀ ਵਿਚ, ਭੁਗੋਲਿਕ ਸਤਰ ਤੇ ਪ੍ਰਸਾਰਣ ਹੋ ਰਿਹਾ ਹੈ। ਜੋ ਆਪਣੇ ਆਪ ਵਿਚ ਇਕ ਸ਼ਲਾਘਾਯੋਗ ਉਪਰਾਲਾ ਹੈ।

**ਰਿਪੋਰਟ- ਕੁਲਵਿੰਦਰ** (510) 367-2090)

## ਕਹਿਰ



ਤੂੰ ਗੱਲ ਨਹਿਰ ਵਾਲੀ ਅੱਜ ਤੋਰੀ ਦੱਸਾਂ ਖੋਲ੍ਹ ਕੇ ਫੇਰ ਸਟੋਰੀ
ਸੀਨੇ ਸੱਟ ਪੰਜਾਬ ਦੇ ਵੱਜੀ ਕੀਤਾ ਕੰਮ ਸੀ ਮੱਲੋਜ਼ੋਰੀ।
ਆਪੇ ਵਿੱਢ ਲਿਆ ਵੈਰ ਕੁੜੇ
ਜੱਟ ਨਾ ਛੱਡੇ ਖੇਤ ਦਾ ਬੰਨਾ ਇਹ ਤਾਂ ਫਿਰ ਵੀ ਨਹਿਰ ਕੁੜੇ।

ਟੱਕ ਇੰਦਰਾ ਲਾਇਆ ਪਿੰਡ ਕਪੂਰੀ ਪਾਣੀ ਦਿੱਲੀ ਨੂੰ ਜਾਊ ਜ਼ਰੂਰੀ
ਗ਼ਲ ਮਰਿਆ ਸੱਪ ਤਾਂ ਪੈ ਗਿਆ ਸਾਡੀ ਨਾ ਸਮਝੀ ਮਜਬੂਰੀ
ਹੁਣ ਨਾ ਲੱਗਦੀ ਖੈਰ ਕੁੜੇ
ਜੱਟ ਨਾ ਛੱਡੇ ਖੇਤ ਦਾ ਬੰਨਾ ਇਹ ਤਾਂ ....

ਪਾਣੀ ਤਾਂ ਜਿੰਦ ਜਾਨ ਸਾਡਾ ਕਿਉਂ ਭੁੱਖੇ ਮਰੇ ਕਿਸਾਨ
ਲਾਹਨਤਾਂ ਪਾਉਂਦੀ ਹੈ ਫਿਰ ਦੁਨੀਆਂ ਕੋਈ ਕਰ ਜਾਵੇ ਨੁਕਸਾਨ
ਤੇ ਦੇ ਕੇ ਛੱਡੀਏ ਜ਼ਹਿਰ ਕੁੜੇ
ਜੱਟ ਨਾ ਛੱਡੇ ਖੇਤ ਦਾ ਬੰਨਾ ਇਹ ਤਾਂ ......

ਲੈ ਗਏ ਵਿਚ ਅਦਾਲਤਾਂ ਮਸਲੇ
ਕੀਤਾ ਫੇਰ ਚੌਟਾਲਿਆਂ ਹਮਲਾ
ਅੱਗੋਂ ਪੁੱਤ ਬੇਗਾਨੇ ਟੱਕਰੇ ਜਿਹਨਾਂ ਦੇ
ਹੱਥ ਵੇਖ ਕੇ ਅਗਲਾ
ਖਾਲੀ ਮੁੜ ਗਏ ਤੇ ਜਦੋਂ ਹੋਏ ਫਾਇਰ ਕੁੜੇ
ਜੱਟ ਨਾ ਛੱਡੇ ਖੇਤ ਦਾ ਬੰਨਾ ਇਹ ਤਾਂ ....

ਗੁੱਸੇ ਗਿਲਾ ਸਭ ਰਾਜ਼ੀ ਜਿੱਤ ਗਏ ਸ਼ਰੇਆਮ ਉਹ ਬਾਜ਼ੀ
ਦੱਸੇ 'ਦੇਵ ਘੋਲੀਏ' ਵਾਲਾ ਦਿੱਤੀ ਮੋੜ ਪੰਜਾਬੀਆਂ ਭਾਜੀ
ਸਭ ਨੇ ਕਰਤਾ ਕਹਿਰ ਕੁੜੇ
ਜੱਟ ਨਾ ਛੱਡੇ ਖੇਤਾਂ ਦਾ ਬੰਨਾਂ ਇਹ ਤਾਂ ਫਿਰ ਵੀ ਨਹਿਰ ਕੁੜੇ।

**ਦੇਵ ਘੋਲੀਆ ਖੁਰਦ (ਫਰਿਜ਼ਨੋ)**
559-232-7764

# ਰੂਹ ਦੀ ਖੁਰਾਕ ਹੁੰਦਾ ਹੈ ਸੰਗੀਤ



ਸੁਖਮਿੰਦਰ ਸਿੰਘ ਢਿੱਲੋਂ
91-94173-55409

ਹਰ ਇੱਕ ਇਨਸਾਨ ਦੇ ਜੀਵਨ ਵਿੱਚ ਸੰਗੀਤ ਅਹਿਮ ਸਥਾਨ ਰੱਖਦਾ ਹੈ।ਸੰਗੀਤ ਦਾ ਸਾਡੀ ਰੂਹ ਅਤੇ ਭਾਵਨਾਵਾਂ ਨਾਲ ਗੂੜ੍ਹਾ ਸੰਬੰਧ ਹੈ।ਸੰਗੀਤ ਸਮੁੱਚੀ ਮਾਨਵ ਜਾਤੀ ਲਈ ਪ੍ਰਮਾਤਮਾ ਦੁਆਰਾ ਬਖਸ਼ੀ ਗਈ ਇੱਕ ਅਨਮੋਲ ਦਾਤ ਹੈ, ਜੋ ਧੁਨੀ ਮਨ ਨੂੰ ਹੁਲਾਸ ਜਾਂ ਰਸ ਪ੍ਰਦਾਨ ਕਰਦੀ ਹੈ। ਉਹੀ ਧੁਨੀ ਸੰਗੀਤ ਬਣ ਜਾਂਦੀ ਹੈ।ਸੰਗੀਤ ਅਜਿਹੀ ਕਲਾਤਮਕ ਪ੍ਰਕਿਰਿਆ ਹੈ ਜੋ ਸਾਡੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਮਨੋਰੰਜਨ ਦੇ ਨਾਲ-ਨਾਲ ਗਿਆਨ ਅਤੇ ਸਾਡੇ ਮਨ ਨੂੰ ਸ਼ਾਂਤੀ ਅਤੇ ਸਕੂਨ ਪ੍ਰਦਾਨ ਕਰਦੀ ਹੈ। ਸੰਗੀਤ ਇੱਕ ਅਜਿਹੀ ਕਲਾ ਹੈ ਜਿਸਦੇ ਬਾਰੇ ਜਿੰਨਾ ਵੀ ਲਿਖਿਆ ਜਾਵੇ ਪੂਰਨ ਨਹੀ ਹੁੰਦਾ।ਸੰਗੀਤ ਮਨੁੱਖ ਦੇ ਨਾਲ ਹੀ ਜਨਮ ਲੈਂਦਾ ਹੈ। ਇਹ ਅਨੰਤ ਹੈ ਅਨਾਦਿ ਹੈ। ਦੁਨੀਆ ਵਿੱਚ ਸ਼ਾਇਦ ਹੀ ਕੋਈ ਅਜਿਹਾ ਇਨਸਾਨ ਹੋਵੇਗਾ ਜਿਸ ਨੂੰ ਸੰਗੀਤ ਨਾਲ ਪਿਆਰ ਨਾ ਹੋਵੇ। ਜੇਕਰ ਅਸੀ ਧਿਆਨ ਨਾਲ ਸੁਣੀਏ ਤਾਂ ਹਵਾਵਾਂ ਦੇ ਸ਼ੋਰ, ਦਰੱਖਤਾਂ ਦੇ ਪੱਤਿਆਂ ਦੀ ਸਰਸਰਾਹਟ ਵਿੱਚ, ਪੰਛੀਆਂ ਦੀ ਚਹਿਚਹਾਟ ਵਿੱਚ , ਨਦੀਆਂ ਝਰਨਿਆਂ ਦੇ ਪਾਣੀ ਦੇ ਵਹਾਅ ਵਿੱਚ, ਸਮੁੰਦਰ ਦੀਆਂ ਲਹਿਰਾਂ ਵਿੱਚ, ਬਰਸਦੇ ਰਿਮ-ਝਿਮ ਮੀਹ ਵਿੱਚ, ਬੱਚਿਆਂ ਦੀ ਮੁਸਕਰਾਹਟ ਵਿੱਚ, ਦਿਲ ਦੀ ਧੜਕਨ ਵਿੱਚ ਮਾਨੋ ਹਰ ਥਾਂ ਸੰਗੀਤ ਹੈ। ਗਮ ਅਤੇ ਖੁਸ਼ੀ ਵਿੱਚ ਧੜਕਨ ਦੀ ਲੈਅ ਵੱਖੋ-ਵੱਖਰੀ ਹੁੰਦੀ ਹੈ। ਜੇਕਰ ਸੰਗੀਤ ਨਾ ਹੁੰਦਾ ਸ਼ਾਇਦ ਇਨਸਾਨ ਇਸ ਦੁਨੀਆਂ ਵਿੱਚ ਇੱਕ ਮਾਤਰ ਮਸ਼ੀਨ ਦੀ ਤਰ੍ਹਾਂ ਹੁੰਦਾ।

ਗਾਇਨ, ਵਾਦਨ (ਕਿਸੇ ਸਾਜ ਨੂੰ ਵਜਾਉਣਾ) ਅਤੇ ਨ੍ਰਿਤ ਭਾਵ ਨਾਚ ਤਿੰਨੇ ਹੀ ਸੰਗੀਤ ਦਾ ਹਿੱਸਾ ਹਨ। ਮਨੁੱਖ ਨੇ ਗਾਉਣਾ ਕਦੋਂ ਸ਼ੁਰੂ ਕੀਤਾ ਇਹ ਦੱਸਣਾ ਵੀ ਉਨਾਂ ਹੀ ਮੁਸ਼ਕਿਲ ਹੋਵੇਗਾ ਜਿੰਨਾ ਕਿ ਇਹ ਕਹਿਣਾ ਕਿ ਮਨੁੱਖ ਨੇ ਕਦੋ ਬੋਲਣਾ ਆਰੰਭ ਕੀਤਾ ਹੋਵੇਗਾ।ਸੰਗੀਤ ਵਿੱਚ ਗਾਇਨ ਦੀਆਂ ਕਈ ਵੰਨਗੀਆਂ ਹਨ- ਗੀਤ, ਗਜ਼ਲ, ਕਵਾਲੀ, ਭਜਨ, ਵਾਰਾਂ ਆਦਿ। ਇਹਨਾਂ ਸਭ ਵੰਨਗੀਆਂ ਦੀ ਅਲੱਗ-ਅਲੱਗ ਵਿਧਾ ਹੈ। ਸੰਗੀਤ ਰਾਗਾਂ ਅਤੇ ਤਾਲਾਂ ਦਾ ਮਿਸ਼ਰਨ ਹੈ। ਹਰ ਰਾਗ ਸਾਡੀ ਰੂਹ ਨੂੰ ਵੱਖਰੀ ਕਿਸਮ ਦਾ ਰਸ ਪ੍ਰਦਾਨ ਕਰਦਾ ਹੈ। ਉਦਾਹਰਨ ਦੇ ਤੌਰ ਤੇ ਬਿਲਾਵਲ ਰਾਗ ਖੁਸ਼ੀ ਪ੍ਰਦਾਨ ਕਰਦਾ ਹੈ, ਆਸਾ ਰਾਗ ਯਤਨਸ਼ੀਲ ਬਣਨ ਦਾ ਅਹਿਸਾਸ ਕਰਵਾਉਂਦਾ ਹੈ, ਸਿਰੀ ਰਾਗ ਸੰਤੁਸ਼ਟੀ ਦਾ ਭਾਵ ਪ੍ਰਗਟਾਉਂਦਾ ਹੈ।ਹਰ ਰਾਗ ਨੂੰ ਗਾਉਣ ਦਾ ਇੱਕ ਉਚਿੱਤ ਸਮਾਂ ਮੰਨਿਆ ਗਿਆ ਹੈ ਕਿ ਕਿਸ ਰਾਗ ਨੂੰ ਦਿਨ ਦੇ ਕਿਹੜੇ ਪਹਿਰ ਅਤੇ ਕਿਸ ਰਾਗ ਨੂੰ ਰਾਤ ਦੇ ਕਿਹੜੇ ਪਹਿਰ ਭਾਵ ਕਿੰਨੇ ਤੋਂ ਕਿੰਨੇ ਵਜੇ ਤੱਕ ਗਾਇਆ ਜਾਣਾ ਚਾਹੀਦਾ ਹੈ। ਜਿਵੇ- ਭੈਰਵੀ ਰਾਗ ਨੂੰ ਦਿਨ ਅਤੇ ਰਾਤ ਦੇ ਦੂਜੇ ਪਹਿਰ ਭਾਵ ਸਵੇਰੇ ਦਸ ਵਜੇ ਤੋ ਦੁਪਿਹਰ ਇੱਕ ਵਜੇ ਤੱਕ ਅਤੇ ਰਾਤ ਦੇ ਦਸ ਵਜੇ ਤੋਂ ਇੱਕ ਵਜੇ ਤੱਕ ਗਾਇਆ ਜਾਣਾ ਚਾਹੀਦਾ ਹੈ।



ਸੰਗੀਤ ਵਿੱਚ ਜਿੱਥੇ ਰਾਗਾਂ ਦਾ ਮਹੱਤਵ ਹੈ ਉਥੇ ਹੀ ਤਾਲ ਵੀ ਸੰਗੀਤ ਵਿੱਚ ਉਨਾਂ ਹੀ ਅਹਿਮ ਸਥਾਨ ਰੱਖਦੀ ਹੈ।ਤਾਲਾਂ ਦੀਆਂ ਵੀ ਵੱਖ-ਵੱਖ ਕਾਇਦੇ ਅਤੇ ਕਿਸਮਾਂ ਹਨ ਜਿਵੇ- ਤਿਨ-ਤਾਲ, ਝੱਪ-ਤਾਲ, ਏਕ-ਤਾਲ, ਧਮਾਰ-ਤਾਲ ਆਦਿ। ਤਾਲਾਂ ਦੀਆਂ ਮਾਤਰਾਵਾਂ ਦੀ ਗਿਣਤੀ ਵੀ ਅਲੱਗ-ਅਲੱਗ ਹੋ ਸਕਦੀ ਹੈ। ਕਿਸੇ ਤਾਲ ਵਿੱਚ ਮਾਤਰਾਵਾਂ ਦੀ ਗਿਣਤੀ 16 ਹੈ, ਕਿਸੇ ਤਾਲ ਵਿੱਚ ਮਾਤਰਾਵਾਂ ਦੀ ਗਿਣਤੀ 10 ਹੈ। ਜਿਵੇਂ ਤਿਨ-ਤਾਲ ਵਿੱਚ ਮਾਤਰਾਵਾਂ ਦੀ ਗਿਣਤੀ ੧੬ ਹੈ ਅਤੇ ਝੱਪ-ਤਾਲ ਵਿੱਚ ਮਾਤਰਾਵਾਂ ਦੀ ਗਿਣਤੀ 10 ਹੈ। ਰਾਗਾਂ ਨੂੰ ਤਾਲ ਵਿੱਚ ਸੰਯੋਜਿਤ ਕਰਕੇ ਪੂਰੀ ਨਿਯਮਿਤ ਪ੍ਰਕਿਰਿਆ ਨਾਲ ਗਾਇਆ ਜਾਂਦਾ ਹੈ

ਸੰਗੀਤ ਆਤਮਾ ਦੀ ਕੁੰਜੀ ਹੈ ਜੋ ਸਾਨੂੰ ਸਰੀਰਕ ਅਤੇ ਮਾਨਸਿਕ ਤੌਰ ਤੇ ਤੰਦਰੁਸਤ ਰੱਖਦੀ ਹੈ। ਸੰਗੀਤ ਬਿਨ੍ਹਾਂ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਸੰਗੀਤਕ ਧੁਨਾਂ ਜਦੋਂ ਕੰਨੀ ਪੈਂਦੀਆਂ ਹਨ ਤਾਂ ਭਾਵਨਾਵਾਂ ਆਪ ਮੁਹਾਰੇ ਉਜਾਗਰ ਹੋਣ ਲੱਗਦੀਆਂ ਹਨ। ਸਾਡੀ ਰੂਹ ਨੂੰ ਇਕਾਗਰ ਕਰਕੇ ਸਾਡੇ ਦਿਮਾਗ ਵਿੱਚ ਚੱਲ ਰਹੇ ਸਾਡੇ ਨਿੱਤ ਦਿਨ ਦੇ ਕੰਮਾਂ-ਕਾਰਾਂ ਦੇ ਖਿਆਲਾਂ ਤੋਂ ਬਾਹਰ ਕੱਢਕੇ ਸਾਨੂੰ ਇੱਕ ਅਜਿਹੀ ਲੋਰ ਪ੍ਰਦਾਨ ਕਰਦੀਆਂ ਹਨ ਕਿ ਅਸੀ ਮੰਤਰ -ਮੁਗਧ ਹੋ ਕੇ ਇੱਕ ਅਲੱਗ ਦੁਨੀਆਂ ਵਿੱਚ ਚਲੇ ਜਾਂਦੇ ਹਾਂ।ਸੰਗੀਤ ਇਕਾ-ਗਰਤਾ ਦਾ ਵਧੀਆ ਸ੍ਰੋਤ ਹੋਣ ਕਾਰਨ ਅਧਿਅਤਮਿਕ ਪੱਖੋਂ ਵੀ ਇੱਕ ਉਸਾਰੂ ਭੂਮਿਕਾ ਨਿਭਾਉਂਦਾ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁੱਲ ੩੧ ਰਾਗ ਹਨ। ਸਭ ਤੋਂ ਪਹਿਲਾ ਰਾਗ ਸਿਰੀ ਰਾਗ ਹੈ ਅਤੇ ਸਭ ਤੋਂ ਆਖਰੀ ਰਾਗ ਜੈਜਾਵੰਤੀ ਰਾਗ ਹੈ।

ਵਿਗਿਅਨਿਕ ਨਜ਼ਰੀਏ ਤੋਂ ਦੇਖੀਏ ਤਾਂ ਧੁਨੀ ਇੱਕ ਨਿਸ਼ਚਿਤ ਭੌਤਿਕ ਪ੍ਰਕਿਰਿਆ ਹੈ ਜਿਸ ਤਰ੍ਹਾਂ ਪ੍ਰਕਿਰਤੀ ਅਤੇ ਜੀਵ-ਜਗਤ ਵਿੱਚ ਪ੍ਰਕਾਸ਼ ਅਤੇ ਗਰਮੀ ਦਾ ਪ੍ਰਭਾਵ ਹੁੰਦਾ ਹੈ ਜਿਸ ਨਾਲ ਸਰੀਰ ਵਿਕਸਿਤ ਅਤੇ ਤੰਦਰੁਸਤ ਰਹਿੰਦਾ ਹੈ ਉਸੇ ਤਰ੍ਹਾਂ ਧੁਨੀ ਵਿੱਚ ਤਾਪ ਅਤੇ ਪ੍ਰਕਾਸ਼ ਊਰਜਾ ਹੁੰਦੀ ਹੈ ਜੋ ਜੀਵ-ਵਿਕਾਸ ਵਿੱਚ ਉਨਾਂ ਹੀ ਮਹੱਤਵ ਰੱਖਦੇ ਹਨ ਜਿੰਨਾਂ ਅੰਨ ਅਤੇ ਪਾਣੀ। ਸ਼੍ਰਿਸ਼ਟੀ ਦੀ ਪਹਿਲੀ ਪ੍ਰਭਾਤ ਤੋਂ ਹੀ ਸੰਗੀਤ ਮਨੁੱਖ ਦੀ ਜਨਮ-ਜਾਤ ਪ੍ਰਵਿਰਤੀ ਰਹੀ ਹੈ। ਇਸੇ ਕਾਰਨ ਸੰਗੀਤ ਨੂੰ ਸ੍ਰਿਸ਼ਟੀ ਦਾ ਅੰਸ਼ ਮੰਨਿਆ ਗਿਆ ਹੈ। ਮਨੁੱਖ ਚਾਹੇ ਆਪਣੀ ਆਦਮ ਅਵਸਥਾ ਵਿੱਚ ਜਿਉ ਰਿਹਾ ਹੋਵੇ, ਚਾਹੇ ਕੰਪਿਊਟਰ ਦੀ ਦੁਨੀਆ ਵਿੱਚ , ਚਾਹੇ ਸੰਘਣੇ ਜੰਗਲਾਂ ਚ ਰਹਿ ਰਿਹਾ ਹੋਵੇ, ਬੇਸ਼ੱਕ ਦੁੱਖ ਚ ਹੋਵੇ ਭਾਵੇ ਸੁੱਖ ਵਿੱਚ,ਹਰ ਅਵਸਥਾ ਵਿੱਚ ਮਨੁੱਖ ਸੰਗੀਤ ਦੇ ਪ੍ਰਵਾਹ ਤੋਂ ਅਲੱਗ ਨਹੀ ਰਹਿ ਸਕਿਆ। ਭਾਰਤੀ ਪ੍ਰਾਚੀਨ ਸ਼ਾਸ਼ਤਰੀ ਸੰਗੀਤ ਪੱਛਮੀ ਰੱਾਕ ਸੰਗੀਤ ਨਾਲੋਂ ਕਿਤੇ ਜ਼ਿਆਦਾ ਲਾਭਦਾਇਕ ਹੈ । ਇਨਟੈੱਲ ਇੰਟਰਨੈਸ਼ਨਲ ਸਾਇੰਸ ਐਂਡ ਇਜੀਨਿਅਰਿੰਗ ਫੇਅਰ ਨੇ ਇੱਕ ਬੱਚਿਆਂ ਤੇ ਕੀਤੀ ਆਪਣੀ ਖੋਜ ਦੁਆਰਾ ਇਹ ਸਾਬਿਤ ਕੀਤਾ ਹੈ। ਇਸ ਸੰਸਥਾ ਦੁਆਰਾ ਕੀਤੀ ਇੱਕ ਖੋਜ ਵਿੱਚ ਬੱਚਿਆਂ ਤੇ ਅਲੱਗ-ਅਲੱਗ ਤਰ੍ਹਾਂ ਦੇਸੰਗੀਤ ਰਾਹੀ ਪੈਣ ਵਾਲੇ ਪ੍ਰਭਾਵ ਨੂੰ ਪਰਖਿਆ ਗਿਆ ਹੈ। ਇਹ ਦੇਖਿਆ ਗਿਆ ਹੈ ਕਿ ਪ੍ਰਾਚੀਨ ਸ਼ਾਸ਼ਤਰੀ ਸੰਗੀਤ ਸੁਣਨ ਦੇ ਪ੍ਰਭਾਵ ਨਾਲ ਉਹ ਤਣਾਅ ਰਹਿਤ ਮਹਿਸੂਸ ਕਰਦੇ ਹਨ। ਸਰਗਮ ਤੋਂ ਹੀ ਕਿੰਨੇ ਮਧੁਰ ਸੁਰਾਂ ਦਾ ਜਨਮ ਹੋਇਆ।ਇਹਨਾਂ ਸੱਤ ਸੁਰਾਂ ਬਿਨਾਂ ਜੀਵਨ ਨੀਰਸ ਅਤੇ ਬੋਝਲ ਹੁੰਦਾ। ਗਾਇਨ ਅਤੇ ਵਾਦਨ ਦੇ ਪ੍ਰਭਾਵ ਨਾਲ ਸਰੀਰ ਨੂੰ ਜਲਨ, ਨਸ਼ੇ ਦਾ ਪ੍ਰਭਾਵ, ਜ਼ਹਿਰ ਦਾ ਪ੍ਰਭਾਵ, ਨੀਂਦ ਨਾ ਆਉਣਾ, ਬੇਹੋਸ਼ੀ, ਆਲਸ ਜਿਹੀਆਂ ਸਮੱਸਿਆਵਾਂ ਤੋਂ ਵੀ ਮੁਕਤੀ ਮਿਲ਼ਦੀ ਹੈ। ਸਿਰਫ ਮਨੁੱਖ ਹੀ ਨਹੀਂ ਦਰੱਖਤਾਂ ਅਤੇ ਪਸ਼ੂ-ਪੰਛੀਆਂ ਤੇ ਵੀ ਸੰਗੀਤ ਦਾ ਸਾਕਾਰਾਤਮਕ ਪ੍ਰਭਾਵ ਦੇਖਿਆ ਗਿਆ ਹੈ।ਜੋ ਲੋਕ ਸੰਗੀਤ ਸੁਣਨਾ ਅਤੇ ਗਾਉਣਾ ਪਸੰਦ ਕਰਦੇ ਹਨ ਉਹ ਆਪਣੇ ਜੀਵਨ ਵਿੱਚ ਸੰਗੀਤ ਦੇ ਮਹੱਤਵ ਨੂੰ ਪਹਿਚਾਣਦੇ ਹਨ। ਸੰਗੀਤ ਸਾਡੀ ਮਾਨਸਿਕਤਾ ਵਿੱਚੋਂ ਨਾਕਾਰਾਤਮਕ ਵਿਚਾਰਾਂ ਨੂੰ ਖਤਮ ਕਰਕੇ ਸਾਡੀ ਸੋਚ ਨੂੰ ਉਸਾਰੂ ਬਣਾਉਂਦਾ ਹੈ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)



ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ **9 ਅਪ੍ਰੈਲ 2017 (ਦਿਨ ਐਤਵਾਰ)** ਨੂੰ **Gurughar Property 31252 Vasey Street, Union City, California** ਵਿਖੇ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਇਸ ਮੌਕੇ ਪੰਥ ਪ੍ਰਸਿੱਧ ਰਾਗੀ ਅਤੇ ਢਾਡੀ ਜਥਾ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਕਥਾ ਨਾਲ ਨਿਹਾਲ ਕਰਨਗੇ

**ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਦਿਹਾੜੇ ਮੌਕੇ ਗੁਰੂ ਘਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ**

## ਗੁਰੂ ਘਰ ਦਾ ਪ੍ਰਾਜੈਕਟ ਪੂਰੀ ਤਨਦੇਹੀ ਨਾਲ ਚੱਲ ਰਿਹਾ ਹੈ,
## ਇਸ ਸਬੰਧੀ ਕਿਸੇ ਕਿਸਮ ਦੇ ਸਹਿਯੋਗ ਅਤੇ ਜਾਣਕਾਰੀ ਲਈ ਸੰਪਰਕ ਕਰੋ:

| ਹਰਮੇਸ਼ ਮਦਾਰਾ | ਕੇਵਲ ਸਿੰਘ | ਵਿਨੋਦ ਕੁਮਾਰ ਚੁੰਬਰ |
|---|---|---|
| 510-386-1702 | 510-299-6418 | 510-953-9800 |

**ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ**

Harmesh Modhara (Chairman)

510-386-1702

Vinod Kumar Chumber (Vice chairman)

510-953-9800

Kewal Singh 510-299-6418 (President)

Mohinder Singh Mahi (Vice President)

Ajaib Singh Sunda (Vice President)

Kewal Singh Samplay (Auditor)

Santokh Singh Saroya

(General secretary) 408-509-9697

Amarjit Singh Mahi (Assistant secretary)

Shiv Sidhu 510-386-2715 (Treasure)

Surinder Soni (Assistant Treasure)

Tarlochan Singh Badhan (Assistant Treasure)

**ਬੇਨਤੀ ਕਰਤਾ- ਪ੍ਰਬੰਧਕ ਕਮੇਟੀ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਅਤੇ ਸਮੂਹ ਸਾਧ ਸੰਗਤ**

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ,
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ

## ਸੰਨ 1917 ਦੇ ਗਦਰੀ ਸ਼ਹੀਦਾਂ ਦੀ ਸ਼ਤਾਬਦੀ ਨੂੰ ਸਮਰਪਿਤ

# 17ਵਾਂ ਮੇਲਾ ਗਦਰੀ ਬਾਬਿਆਂ ਦਾ

ਇਸ ਵਾਰ ਨਵੀਂ ਥਾਂ ਤੇ

ਕਰਨੀਲੀਆ ਅਤੇ ਡਕੋਟਾ ਦੇ ਕੌਰਨਰ ਤੇ

2 ਅਪ੍ਰੈਲ 2017 ਦਿਨ ਐਤਵਾਰ 12 ਵਜੇ ਤੋਂ ਸ਼ਾਮ 6 ਵਜੇ ਤੱਕ

Central High School (East), Gymnasium 3535 N Cornelia Ave, Fresno, CA 93722

ਸਮੂਹ ਸਾਥੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

New Location

Corner of Cornelia & Dakota


ਡਾ ਅਰੂੜ ਸਿੰਘ


ਹਰਨਾਮ ਸਿੰਘ ਸੈਣੀ


ਬਲਵੰਤ ਸਿੰਘ ਖੁਰਦਪੁਰ


ਡਾ ਮਥਰਾ ਸਿੰਘ


ਹਾਫਿਜ਼ ਅਬਦੁਲਾ


ਜਵੰਦ ਸਿੰਘ ਨੰਗਲ ਕਲਾਂ


ਮੁੱਖ ਬੁਲਾਰੇ
ਪ੍ਰੋ. ਨਰੰਜਨ ਸਿੰਘ ਢੇਸੀ

## ਪ੍ਰੋਗਰਾਮ

* ਮੁੱਖ ਮਹਿਮਾਨ 'ਤੇ ਬੁਲਾਰੇ: ਪ੍ਰੋ. ਨਰੰਜਨ ਸਿੰਘ ਢੇਸੀ, ਸਾਬਕਾ ਮੁਖੀ ਪੰਜਾਬੀ ਵਿਭਾਗ ਖਾਲਸਾ ਕਾਲਜ ਜਲੰਧਰ ਹੋਣਗੇ।
* ਬੁਲੰਦ ਅਵਾਜ਼ ਦੇ ਮਾਲਕ ਗਾਇਕ ਜੀਤਾ ਗਿੱਲ, ਹਰਜੀਤ ਮਰਸਿਡ, ਧਰਮਵੀਰ ਥਾਂਦੀ, ਜੋਤ ਰਣਜੀਤ ਅਤੇ ਗਾਇਕ ਰਜਿੰਦਰ ਸਿੰਘ (ਰਾਜ ਬਰਾੜ) ਇਨਕਲਾਬੀ ਗੀਤ ਸੰਗੀਤ ਦਾ ਪ੍ਰੋਗਰਾਮ ਪੇਸ਼ ਕਰਨਗੇ।
* ਜੀ ਐਚ ਜੀ ਡਾਂਸ ਐਂਡ ਸੰਗੀਤ ਅਕੈਡਮੀ ਵਲੋਂ ਇਕ ਵਿਸ਼ੇਸ਼ ਆਈਟਮ ਪੇਸ਼ ਹੋਵੇਗੀ।
* ਬੱਚਿਆਂ ਵਲੋਂ ਗੀਤ, ਕਵਿਤਾਵਾਂ, ਭਾਸ਼ਨ 'ਤੇ ਸਿਮਰਨ ਹੇਅਰ ਵਲੋਂ ਤਿਆਰ ਹੇਅਰ ਮੀਡੀਆ ਦੀ ਟੀਮ ਵਲੋਂ ਗਿੱਧਾ ਪੇਸ਼ ਕੀਤਾ ਜਾਵੇਗਾ।
* 4.0 ਜੀ ਪੀ ਏ ਗਰੇਡ ਵਾਲੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

Note: students with 4.0 grade should register at IAHForum@gmail.com


ਮੰਚ ਸੰਚਾਲਿਕਾ
ਆਸ਼ਾ ਸ਼ਰਮਾ

## ਮੇਲਾ ਕਮੇਟੀ

ਬਲਦੇਵ ਸਿੰਘ ਧਾਲੀਵਾਲ, ਗੁਰਦੀਪ ਸਿੰਘ ਅਣਖੀ, ਗੁਰਮੀਤ ਸਿੰਘ ਗਿੱਲ, ਪਰਮਜੀਤ ਸਿੰਘ ਢਿੱਲੋਂ, ਮਹਿੰਦਰ ਸਿੰਘ ਢਾਹ, ਬੂਟਾ ਸਿੰਘ ਸਹੋਤਾ, ਜੋਗਾ ਸਿੰਘ ਮੰਢਾਲੀ, ਸ਼ਰਨਜੀਤ ਕੌਰ ਧਾਲੀਵਾਲ, ਸਿਮਰਨ ਕੌਰ ਹੇਅਰ, ਰੂਬੀ ਸੰਘਾ, ਹਰਿੰਦਰ ਕੌਰ ਮੰਢਾਲੀ, ਕੁਲਵੀਰ ਕੌਰ ਸੇਖੋਂ, ਬਲਵੀਰ ਕੌਰ ਧਾਲੀਵਾਲ, ਬਲਵਿੰਦਰ ਕੌਰ ਧਾਲੀਵਾਲ, ਭੁਪਿੰਦਰ ਸਿੰਘ ਬਦੇਸ਼ਾ, ਸੁਖਜਿੰਦਰ ਕੌਰ ਢਿੱਲੋਂ, ਗੁਰਮੀਤ ਗਾਜੀਆਣਾ, ਗੁਰਪ੍ਰੀਤ ਖਾਨਖਾਨਾ, ਪ੍ਰੀਤਮ ਸਿੰਘ ਗਿੱਲ, ਪਰਮਜੀਤ ਸਿੰਘ ਧਾਲੀਵਾਲ, ਉਦੇਦੀਪ ਸਿੰਘ ਸਿੱਧੂ, ਜਗਰੂਪ ਸਿੰਘ ਧਾਲੀਵਾਲ, ਅਮੋਲਕ ਸਿੰਘ ਸਿੱਧੂ, ਦਲਬਾਰਾ ਸਿੰਘ ਧਾਲੀਵਾਲ, ਜਸਦੀਪ ਸਿੰਘ, ਸ਼ੌਕਤ ਅਲੀ, ਕਰਮ ਸਿੰਘ ਮਾਨ, ਕੇਵਲ ਸਿੰਘ ਬਾਸੀ, ਪ੍ਰੋ. ਅਰਜਨ ਸਿੰਘ ਜੋਸਨ, ਜਸਵੰਤ ਮਹਿਮੀ, ਸ਼ੇਰ ਸਿੰਘ ਚੌਹਾਨ, ਬਲਵਿੰਦਰ ਸਿੰਘ ਜਾਡਲਾ, ਟਹਿਲ ਸਿੰਘ ਢੇਸੀ, ਗੁਰਮੀਤ ਸਿੰਘ ਰਾਏਪੁਰ ਡੱਬਾ, ਸੁਖਦੇਵ ਸਿੰਘ ਚੀਮਾ, ਮਨਵੀਰ ਸਿੰਘ ਭੁੱਲਰ, ਸੁਰਜੀਤ ਸਿੰਘ ਸੰਧੂ, ਕਰਮਜੀਤ ਸਿੰਘ ਸਹੋਤਾ।


ਜੋਤ ਰਣਜੀਤ


ਧਰਮਵੀਰ ਥਾਂਦੀ


ਜੀਤਾ ਗਿੱਲ


ਰਜਿੰਦਰ ਸਿੰਘ (ਰਾਜ ਬਰਾੜ)


ਹਰਜੀਤ ਸਿੰਘ










## ਸਪਾਂਸਰਜ਼

ਗੁਲਬਿੰਦਰ ਸਿੰਘ ਢੇਸੀ, ਅਟਵਾਲ ਬ੍ਰਦਰਜ਼ ਫਾਰਮ, ਟਰਾਨਸ ਕੌਰਪ ਫਰੇਟ ਵੇ (ਨਿੱਝਰ ਬ੍ਰਦਰਜ਼), ਏ ਵਨ ਰੀਐਲਟੀ (ਪ੍ਰੀਤਮ ਗਿੱਲ), ਅਮਰੀਕ ਉੱਪਲ, ਭਜਨ ਸਿੰਘ ਸਹੋਤਾ, ਦੀਪਾ ਚੌਹਾਨ ਬੁਲਡੌਗ ਫਰੇਟ ਵੇ, ਚਰਨਜੀਤ ਸਿੰਘ ਬਾਠ, ਜੀ ਬੀ ਟੀ ਆਈ., ਗਿੱਲ ਇੰਨਸ਼ੋਰੈਂਸ ਟਰੱਕਿੰਗ, ਸੰਧੂ ਫਾਰਮ (ਤਜਿੰਦਰ ਸੰਧੂ), ਨਿਊ ਇੰਡੀਆ ਸਵੀਟ ਐਂਡ ਸਪਾਈਸਜ਼, ਪਰਮਜੀਤ ਸਿੰਘ ਬਾਸੀ, ਸੈਟੇਲਾਈਟ ਪਲੱਸ, ਸਿੱਖ ਨਾਮਧਾਰੀ ਸੋਸਾਇਟੀ, ਸਮਾਰਟਵੇ ਐਕਸਪ੍ਰੈੱਸ, ਸਟੋਨ ਟਰੱਕਿੰਗ, ਤਾਰਾ ਸਿੰਘ ਬੱਲ, ਟਰਾਈ ਅੱਸ ਟਰਕਿੰਗ, ਰੌਇਲ ਸੰਗੂ ਗਰੁੱਪ, ਪੀ ਐਮ ਟਰੱਕਿੰਗ (ਗੁਰਪਾਲ ਰੰਧਾਵਾ), ਸੌਪ ਐਂਡ ਗੈਸ, ਬੋਪਾਰਾਏ ਟਰਾਂਸਪੋਰਟ, ਏ ਐ ਪੀ ਟਰੱਕਿੰਗ, ਬੀ ਡੀ ਟਰਾਂਸਪੋਰਟ, ਜਗਰੂਪ ਸਿੰਘ ਧਾਲੀਵਾਲ, ਨਿੱਜਰ ਫਾਰਮ, ਸੰਘਾ ਕੈਰੀਅਰ, ਐਸ ਪੀ ਟਰੱਕਿੰਗ, ਯੂਨਾਈਟਿਡ ਟਰੱਕ ਡਰਾਈਵਿੰਗ ਸਕੂਲ, ਵਿਰਕ ਪਰਾਪਰਟੀਜ਼, ਤਰਲੋਕ ਸਿੰਘ, ਨਿਰਮਲ ਸਿੰਘ, ਐਸ ਐਮ ਬਰਦਰਜ਼ (ਕੈਸ਼ ਐਂਡ ਕੈਰੀ)।

**ਚਾਹ ਪਕੌੜਿਆਂ ਦਾ ਲੰਗਰ ਸਾਰਾ ਦਿਨ ਚੱਲੇਗਾ**

**ਇਸ ਪ੍ਰੋਗਰਾਮ ਦਾ ਦਾਖਲਾ ਅਤੇ ਪਾਰਕਿੰਗ ਮੁਫਤ ਹੈ**

| | | | | |
|---|---|---|---|---|
| ਗੁਰਦੀਪ ਸਿੰਘ ਗਿੱਲ<br>ਪ੍ਰਧਾਨ<br>(559) 360-4248 | ਨਵਦੀਪ ਸਿੰਘ ਧਾਲੀਵਾਲ<br>ਵਾਈਸ ਪ੍ਰਧਾਨ<br>(559) 287-0822 | ਸੁਰਿੰਦਰ ਮੰਢਾਲੀ<br>ਸੈਕਰੇਟਰੀ<br>(559) 473-9269 | ਜਸਵੰਤ ਸਿੰਘ ਮਾਨ<br>ਖਜਾਨਚੀ | ਕੁਲਵੀਰ ਸਿੰਘ ਹੇਅਰ<br>(ਮੀਡੀਆ ਸਕੱਤਰ)<br>559-239-5000 |